
ੴ ਵਾਹਿਗੁਰੂ ਜੀ ਕੀ ਫ਼ਤਹਿ ॥

ਪ੍ਰਕਾਸ਼ਨ ਨੰ:
195

## ਜੀਵਨ ਗਾਥਾ ਤੇ ਸਿਧਾਂਤ

# ਸ੍ਰੀ ਗੁਰੂ ਅਰਜੁਨ ਦੇਵ ਜੀ



ਗੁਰਦੁਆਰਾ ਸ਼ਹੀਦ ਗੰਜ ਡੇਹਰਾ ਸਾਹਿਬ ਲਾਹੌਰ (ਪਾਕਿਸਤਾਨ)

16
ਰੁਪਏ

ਸਿੱਖ ਮਿਸ਼ਨਰੀ ਕਾਲਜ (ਰਜਿ:)
ਲੁਧਿਆਣਾ

(2)

# ਤਤਕਰਾ


1. ਆਦਿ ਕਥਨ 1

2. ਜਨਮ ਅਤੇ ਬਚਪਨ 4

3. ਤਖਤਿ ਬੈਠਾ ਅਰਜੁਨ ਗੁਰੂ 6

4. ਗੁਰੂ ਅਰਜੁਨ ਪਰਤਖ ਹਰਿ 8
ਭੱਟਾਂ ਦਾ ਆਉਣਾ, ਭੱਟਾਂ ਦੀ ਸ਼ਰਧਾਂਜਲੀ

5. ਗੁਰਿਆਈ ਦੇ ਪਹਿਲੇ ਅੱਠ ਸਾਲ 14
ਨਿਤ ਦੀ ਕਾਰ, ਗੁਰੂ-ਘਰ ਦੀ ਨਾਕਾਬੰਦੀ, ਭਾਈ ਬਲਵੰਡ ਤੇ ਸੱਤਾ ਦਾ ਰੁਸੇਵਾਂ, ਭਾਈ ਗੁਰਦਾਸ ਜੀ ਦਾ ਆਗਰੇ ਤੋਂ ਆਉਣਾ, ਰਬਾਬੀਆਂ ਨੂੰ ਖਿਮਾਂ, ਦਸਵੰਧ, ਸਿੱਖਾਂ ਨੂੰ ਵਪਾਰ ਕਰਨ ਦੀ ਪ੍ਰੇਰਨਾ, ਕੇਂਦਰੀ ਧਰਮ ਅਸਥਾਨ, ਉਜਲੇ ਭਵਿੱਖ ਦੀ ਨੀਂਹ, ਵਿਆਹ ।

6. ਧਰਮ ਪਰਚਾਰ ਤੇ ਲੋਕ ਭਲਾਈ ਕੇ ਕੰਮ 21
ਸਖੀ ਸਰਵਰ, ਪਰਚਾਰ-ਸਫ਼ਰ । ੳ-ਮਾਝੇ ਤੇ ਦੁਆਬੇ ਦਾ ਦੌਰਾ, ਅ-ਅੰਮ੍ਰਿਤਸਰ ਤੋਂ ਲਹਿੰਦੇ ਪਾਸੇ, ੲ-ਲਾਹੌਰ ਵਿੱਚ ਕਾਲ-ਪੀੜਤਾਂ ਦੀ ਸਹਾਇਤਾ, ਸ-ਅੰਮ੍ਰਿਤਸਰ ਤੋਂ ਪਹਾੜ ਵਾਲੇ ਪਾਸੇ ।

7. ਪ੍ਰਿਥੀ ਚੰਦ ਦੇ ਵਾਰ 27
ਦਾਈ ਨੂੰ ਭੇਜਿਆ, ਸਪੇਰੇ ਨੂੰ ਭੇਜਿਆ, ਖਿਡਾਵੇ ਨੂੰ ਜ਼ਹਿਰ ਦੇਣ ਲਈ ਭੇਜਿਆ, ਪ੍ਰਿਥੀ ਚੰਦ ਅਤੇ ਬੀਰਬਲ, ਸੁਲਹੀ ਖਾਨ ਦਾ ਚੜ੍ਹ ਆਉਣਾ, ਗੁਰਬਾਣੀ ਵਿਰੁਧ ਸ਼ਿਕਾਇਤਾਂ ।

8. ਸੀਤਲਾ ਤੇ ਰਖਿਆ ਬਿਹਾਰੀ 36

9. ਆਦਿ ਬੀੜ ਦੀ ਤਿਆਰੀ 39
ਆਦਿ ਬੀੜ ਦਾ ਪਹਿਲਾ ਪ੍ਰਕਾਸ਼, ਭਾਈ ਬੰਨੋ ਜੀ ਵਾਲੀ ਬੀੜ, ਗੁਰੂ ਅਰਜੁਨ ਦੇਵ ਜੀ ਦਾ ਐਲਾਨ, ਕਾਹਨਾ, ਪੀਲੋ ਆਦਿਕ ਭਗਤਾਂ ਦੀਆਂ ਰਚਨਾਵਾਂ ।

10. ਗੁਰੂ ਗ੍ਰੰਥ ਸਾਹਿਬ ਜੀ ਦੀ ਵਿਸ਼ੇਸ਼ਤਾ 46

11. ਸਿੱਖ-ਲਹਿਰ ਦਾ ਵਿਕਾਸ 50
ਕੇਂਦਰੀ ਧਰਮ ਅਸਥਾਨ ਅਤੇ ਸ਼ਹਿਰ, ਧਾਰਮਿਕ ਗ੍ਰੰਥ, ਆਰਥਕ ਸੁਧਾਰ, ਧਰਮ ਪਰਚਾਰ ਲਈ ਯਤਨ, ਲੋਕ-ਭਲਾਈ ਦੇ ਕੰਮ ।

12. ਵਿਰੋਧੀ ਤੇ ਵਿਰੋਧੀਆਂ ਦੀ ਸਾਜਿਸ਼ 53
ਜਾਤਿ ਅਭਿਮਾਨੀ ਬ੍ਰਾਹਮਣ ਤੇ ਬੀਰਬਲ, ਸ਼ੇਖ ਅਹਿਮਦ ਸਰਹੰਦੀ, ਸਖੀ ਸਰਵਰੀਏ, ਕਾਹਨਾ-ਪੀਲੋ ਆਦਿ ਭਗਤ, ਚੰਦੂ ਸ਼ਾਹ, ਜਹਾਂਗੀਰ ਦਾ ਰਾਜ ਪ੍ਰਾਪਤੀ ਲਈ ਯਤਨ, ਵਿਰੋਧੀਆਂ ਦੀ ਸਾਜਿਸ਼, ਝੂਠ ਦੀ ਦੁਕਾਨ ਜਾਂ ਸੱਚ ਦਾ ਘਰ ।

13. ਸ਼ਹੀਦੀ 62
ਗੁਰੂ ਹਰਿ ਗੋਬਿੰਦ ਸਾਹਿਬ ਨੂੰ ਗੁਰਿਆਈ, ਪੰਚਮ ਪਿਤਾ ਦੀ ਸ਼ਹੀਦੀ।

14. ਗੁਰੂ ਅਰਜੁਨ ਦੇਵ ਜੀ ਦੇ ਸਿੱਖ ਅਤੇ ਉਪਦੇਸ਼ 67
ਸਿਖੀ ਉਤੇ ਸਿਖੀ ਨਹੀਂ ਟਿਕਦੀ, ਮੰਝ ਗੁਰੂ ਕਾ ਬੋਹਿਥਾ, ਗਰੀਬਾਂ ਨਾਲ ਪਿਆਰ-ਸਤਿਗੁਰ ਦਾ ਸਤਿਕਾਰ, ਭਾਈ ਬਹਿਲੋ-ਨਿਸ਼ਕਾਮ ਸੇਵਕ, ਵੱਡਮੁਲੀਆਂ, ਵਸਤਾਂ—ਖਲਕਤ ਦੀ ਸੇਵਾ ਤੇ ਪਰਮਾਤਮਾਂ ਦੀ ਯਾਦ, ਸ਼ਰਧਾ ਤੇ ਪ੍ਰਤੀਤ, ਗੁਰੂ ਦੇ ਸਿੱਖ—ਸਿੱਖੀ ਦੇ ਦੂਤ, ਅਸਲੀ ਜਪ-ਤਪ, ਪ੍ਰਥਮੈ ਮਨੁ ਪਰਬੋਧੈ ਅਪਨਾ, ਗੁਰਬਾਣੀ ਦਾ ਪਾਠ-ਵੀਚਾਰ, ਭਲੋ ਭਲੋ ਰੇ ਕੀਰਤਨੀਆਂ ।

15. ਗੁਰੂ ਅਰਜੁਨ ਦੇਵ ਜੀ ਦੀ ਬਾਣੀ 75

16. ਗੁਰੂ ਅਰਜੁਨ ਦੇਵ ਜੀ ਦੀ ਬਾਣੀ ਵਿੱਚ ਆਏ ਪ੍ਰਮੁਖ ਗੁਰਮਤਿ-ਸਿਧਾਂਤ : 81
ਜੀਵਨ ਮਨੋਰਥ, ਧਰਮ ਕੀ ਹੈ ? ਪ੍ਰਭੂ ਅਤੇ ਪ੍ਰਭੂ ਦੀ ਪ੍ਰਾਪਤੀ, ਗੁਰੂ ਅਥਵਾ ਸਤਿਗੁਰੂ, ਗੁਰੂ ਦੀ ਸਿਖਿਆ, ਪ੍ਰਭੂ ਦਾ ਸਿਮਰਨ, ਕਰਮ-ਕਾਂਡ, ਭੇਖ ਤੇ ਭੇਖੀ ਮਨੁਖ, ਮਾਇਆ ਅਤੇ ਵਿਕਾਰ, ਜੀਵਨ ਮੁਕਤੀ, ਸਾਧ-ਸੰਗਤ, ਪਰਚਾਰਕ ਦੇ ਗੁਣ, ਧਨ ਅਤੇ ਧਨ ਦੀ ਸਾਵੀਂ ਵੰਡ, ਜੀਵਨ ਜੁਗਤੀ, ਭਗਤ ਜਨਾਂ ਦੀ ਰਹਿਤ ।

17. ਗੁਰੂ ਅਰਜੁਨ ਵਿਟਹੁ ਕੁਰਬਾਣੀ
(ਸਮੁੱਚੇ ਜੀਵਨ ਤੇ ਇੱਕ ਝਾਤ/ਸ਼ਖਸੀਅਤ) 107

# ਆਦਿ-ਕਥਨ

ਗੁਰੂ ਨਾਨਕ ਦੇਵ ਜੀ ਨੇ ਸਮਾਜ ਵਿੱਚ ਸੰਪੂਰਨ-ਕ੍ਰਾਂਤੀ ਦੀ ਲਹਿਰ ਦੇ ਬੀਜ ਬੀਜੇ ਸਨ । ਆਪ ਨੇ ਪ੍ਰਚਲਿਤ ਧਾਰਮਿਕ ਸਮਾਜਕ, ਆਰਥਕ ਤੇ ਰਾਜਨੀਤਿਕ ਵਿਚਾਰਾਂ ਦਾ ਅਧਿਐਨ ਕੀਤਾ । ਜਿਹੜੇ ਵਿਚਾਰ ਸਮਾਜ ਲਈ ਹਾਨੀਕਾਰਕ ਸਨ ਉਨ੍ਹਾਂ ਨੂੰ ਰੱਦ ਕਰ ਦਿੱਤਾ ਤੇ ਉਨ੍ਹਾਂ ਦੀ ਥਾਂ ਨਵੇਂ ਵਿਚਾਰ ਦਿੱਤੇ । ਇਨ੍ਹਾਂ ਨਵੇਂ ਵਿਚਾਰਾਂ ਦੇ ਪਰਚਾਰ ਲਈ ਆਪਨੇ ਲੰਮੇ ਲੰਮੇ ਪਰਚਾਰ ਸਫ਼ਰ (ਉਦਾਸੀਆਂ) ਕੀਤੇ ਅਤੇ ਜਿਹੜੇ ਮੱਨੁਖ ਤੇ ਇਸਤਰੀਆਂ ਉਨ੍ਹਾਂ ਦੇ ਨਵੀਨ ਵਿਚਾਰਾਂ ਤੋਂ ਪ੍ਰਭਾਵਿਤ ਹੋਏ ਉਨ੍ਹਾਂ ਨੂੰ ਸੰਗਠਿਤ ਕਰਨ ਲਈ ਆਪਨੇ ਸੰਗਤਾਂ ਥਾਪੀਆਂ ਅਤੇ ਪਰਚਾਰਕ ਨੀਯਤ ਕੀਤੇ । ਇਸ ਤਰ੍ਹਾਂ ਆਪ ਜੀ ਨੇ ਸੰਪੂਰਨ ਕ੍ਰਾਂਤੀ ਦਾ ਆਧਾਰ ਤਿਆਰ ਕੀਤਾ ।

ਗੁਰੂ ਜੀ ਨੇ ਧਾਰਮਿਕ-ਵਹਿਮਾਂ, ਭਰਮਾਂ, ਪਾਖੰਡਾਂ, ਅੰਧ-ਵਿਸ਼ਵਾਸਾਂ, ਗਲਤ ਵਿਸ਼ਵਾਸਾਂ ਅਤੇ ਪਾਖੰਡੀ ਧਾਰਮਿਕ ਆਗੂਆਂ ਵਿਰੁਧ ਸੰਘਰਸ਼ ਛੇੜਿਆ । ਆਪਨੇ ਸਮਾਜ ਵਿੱਚ ਪ੍ਰਚਲਤ ਕੁਰੀਤੀਆਂ - ਜਾਤ-ਪਾਤ, ਊਚ-ਨੀਤ, ਅਮੀਰੀ-ਗਰੀਬੀ ਦਾ ਅੰਤਰ, ਰਿਸ਼ਵਤਖੋਰੀ, ਬੇਇਨਸਾਫ਼ੀ ਵੱਖ-ਵੱਖ ਧਰਮਾਂ ਦੇ ਲੋਕਾਂ ਦੀ ਆਪਸੀ ਲੜਾਈ, ਗੁਲਾਮੀ ਦੀ ਭਾਵਨਾ, ਕਾਇਰਤਾ ਆਦਿਕ-ਵਿਰੁਧ ਵੀ ਸੰਘਰਸ਼ ਛੇੜਿਆ । ਸਮਾਜ ਦੇ ਇੱਕ ਵਰਗ ਸ਼ੂਦਰਾਂ ਅਤੇ 'ਇਸਤਰੀ-ਜਾਤੀ' ਪ੍ਰਤਿ ਤਥਾ-ਕਥਿਤ ਧਾਰਮਿਕ ਲੋਕਾਂ ਦੇ ਨਜ਼ਰੀਏ ਨੂੰ ਨਿੰਦਿਆ ਅਤੇ ਇਨ੍ਹਾਂ ਨੂੰ ਸਮਾਂਜ ਵਿੱਚ ਸਨਮਾਨਯੋਗ ਥਾਂ ਦੁਆਉਣ ਲਈ ਅਸਰ ਭਰਪੂਰ ਯਤਨ ਕੀਤੇ । ਲੋਕਾਂ ਦਾ ਹੱਕ ਮਾਰ-ਮਾਰ ਕੇ (ਮਲਿਕ ਭਾਗੋ ਵਰਗੇ) ਬਣੇ ਅਮੀਰ ਵੀ ਆਪ ਦੀ ਆਲੋਚਨਾ ਤੋਂ ਬਚ ਨਾ ਸਕੇ । ਆਪ ਨੇ ਨਵੀਂ ਆਰਥਕ ਵਿਚਾਰਧਾਰਾ ਦਿੱਤੀ । ਜਿਸ ਅਨੁਸਾਰ ਮਿਹਨਤ ਦੀ ਕਮਾਈ (ਸੱਚੀ-ਸੁੱਚੀ ਕਿਰਤ) ਕਰਨਾ ਤੇ ਉਸ ਨਾਲ ਲੋੜਵੰਦਾਂ ਦੀ ਸੇਵਾ ਕਰਨਾ ਜ਼ਰੂਰੀ ਕਰਾਰ ਦਿੱਤਾ । ਆਪ ਨੇ ਰਾਜੀਨੀਤਿਕ ਖੇਤਰ ਵਿੱਚ ਵੀ ਅਗਵਾਈ ਦਿੱਤੀ । ਰਾਜਿਆਂ ਦੀ ਐਸ਼ਪ੍ਰਸਤੀ, ਉਨ੍ਹਾਂ ਦੁਆਰਾ ਜਨਤਾ ਤੇ ਜ਼ੁਲਮ ਢਾਹੁਣ ਤੇ ਜਨਤਾ ਦਾ ਖ਼ੂਨ ਚੂਸਣ ਦੀ ਬੜੇ ਸਖਤ ਸ਼ਬਦਾਂ ਵਿੱਚ ਨਿੰਦਿਆ ਕੀਤੀ । ਬਾਬਰ ਵਰਗੇ ਹਮਲਾਵਰ ਨੂੰ 'ਪਾਪ ਦੀ ਜੰਞ ਲੈ ਕੇ ਆਉਣ ਵਾਲਾ' ਅਤੇ ਲੋਕਾਂ ਪਾਸੋਂ ਧੱਕੇ ਨਾਲ ਧਨ ਖੋਹਣ ਵਾਲਾ ਆਖਿਆ । ਲੋਕਾਂ ਦੀ ਅਗਵਾਈ ਕਰਦਿਆਂ ਜੇਲ੍ਹ-ਯਾਤਰਾ ਵੀ ਕੀਤੀ । ਆਪਨੇ ਆਪਣੀ ਬਾਣੀ ਵਿੱਚ ਰਾਜਿਆਂ ਦੇ ਮੁੱਖ ਗੁਣਾਂ ਦਾ ਜ਼ਿਕਰ ਵੀ ਕੀਤਾ ।

ਗੁਰੂ ਨਾਨਕ ਸਾਹਿਬ ਦੇ ਉਪਰੋਕਤ ਯਤਨ ਇਸ ਗੱਲ ਦੀ ਮੂੰਹ ਬੋਲਦੀ ਤਸਵੀਰ ਹਨ ਕਿ ਆਪ ਨੇ ਸੰਪੂਰਨ-ਕ੍ਰਾਂਤੀ ਦੀ ਲਹਿਰ ਚਲਾਈ ਅਤੇ-ਇਸ ਮਨੋਰਥ ਦੀ ਪ੍ਰਾਪਤੀ ਲਈ ਸੰਗਤਾਂ ਦੇ ਰੂਪ ਵਿੱਚ ਮਜ਼ਬੂਤ ਸੰਗਠਨ ਕਾਇਮ ਕੀਤਾ ।

ਅਖੌਤੀ ਧਾਰਮਿਕ ਆਗੂ, ਪੁਰਾਤਨ ਕੱਟੜਪੰਥੀ, ਜਾਤਿ-ਅਭਿਮਾਨੀ (ਬ੍ਰਾਹਮਣ ਤੇ ਉਨ੍ਹਾਂ ਦੇ ਪਿੱਛ ਲੱਗ) ਤੇ ਰਾਜ-ਅਭਿਮਾਨੀ (ਸਮੇਂ ਦੇ ਹਾਕਮ ਤੇ ਉਨ੍ਹਾਂ ਦੇ ਸਹਾਇਕ) ਚੌਕੰਨੇ ਹੋ ਗਏ, ਤੇ ਉਨ੍ਹਾਂ ਨੇ ਸਪੂਰਨ ਕ੍ਰਾਂਤੀ ਦੀ ਇਸ ਲਹਿਰ ਨੂੰ ਦਬਾਉਣ ਦੇ ਪੂਰੇ ਯਤਨ ਕੀਤੇ। ਜੇ ਪੁਰਾਤਨ ਪੰਥੀਆਂ ਨੇ ਗੁਰੂ ਸਾਹਿਬ ਨੂੰ 'ਕੁਰਾਹੀਆ' ਆਖ ਕੇ ਭੰਡਿਆ ਤਾਂ ਰਾਜ-ਅਭਿਮਾਨੀਆਂ ਨੇ ਜੇਲ੍ਹ ਵਿੱਚ ਪਾ ਕੇ ਡਰਾਉਣ-ਧਮਕਾਉਣ ਦੇ ਯਤਨ ਕੀਤੇ ।

ਗੁਰੂ ਅਮਰਦਾਸ ਜੀ ਦੇ ਸਮੇਂ ਜਾਤਿ-ਅਭਿਮਾਨੀ ਬ੍ਰਾਹਮਣਾਂ ਨੇ ਰਾਜ-ਦਰਬਾਰ ਵਿੱਚ ਜਾ ਕੇ ਫਰਿਆਦਾਂ ਕੀਤੀਆਂ ਕਿ ਗੁਰੂ ਸਾਹਿਬ ਪੁਰਾਤਨ ਧਾਰਮਿਕ-ਵਿਸ਼ਵਾਸਾਂ (ਦੇਵ-ਪੂਜਾ, ਮੂਰਤੀ ਪੂਜੀ, ਪਿੱਤਰ-ਪੂਜਾ, ਤੀਰਥ-ਇਸ਼ਨਾਨ, ਦਾਨ, ਜਪ-ਤਪ, ਯੱਗ-ਕਰਨ, ਚਾਰ-ਵਰਨਾਂ ਦੇ ਸਿਧਾਂਤ, ਜਨੇਊ ਪਾਣ, ਅਵਤਾਰਵਾਦ, ਵਰਤ ਰੱਖਣ, ਸੱਵਰਗ-ਨਰਕ, ਸ਼ਗਨ-ਅਪਸ਼ਗਨ ਆਦਿ) ਪੁਰਾਤਨ ਰਹੁ ਰੀਤਾਂ ਤੇ ਪੁਰਾਤਨ ਧਰਮ-ਪੁਸਤਕਾਂ ਦੀਆਂ ਸਿਖਿਆਵਾਂ ਵਿਰੁਧ ਪਰਚਾਰ ਕਰਦੇ ਹਨ । ਪੰਡਿਤਾਂ ਤੇ ਕਾਜ਼ੀਆਂ ਨੂੰ ਨਿੰਦਦੇ ਹਨ । ਦੇਵ-ਬਾਣੀ ਸੰਸਕ੍ਰਿਤ ਦੀ ਥਾਂ ਤੇ ਪੰਜਾਬੀ ਬੋਲੀ ਨੂੰ ਪਰਚਾਰਦੇ ਹਨ । ਲੰਗਰਾਂ ਵਿੱਚ ਸ਼ੂਦਰਾਂ ਨੂੰ ਵੀ ਹੋਰਨਾਂ ਦੇ ਨਾਲ ਭੋਜਨ ਛਕਾਉਂਦੇ ਹਨ । ਸਰੋਵਰਾਂ ਤੇ ਬਉਲੀਆਂ ਵਿੱਚ ਸ਼ੂਦਰਾਂ ਤੇ ਹੋਰਨਾਂ ਨੂੰ ਇੱਕਠੇ ਇਸ਼ਨਾਨ ਕਰਨ ਲਈ ਪ੍ਰੇਰਦੇ ਹਨ। ਇਨ੍ਹਾਂ ਦੇ ਪਰਚਾਰ ਨਾਲ ਪੁਰਾਤਨ ਧਰਮ ਨੂੰ ਖਤਰਾ ਪੈਦਾ ਹੋ ਗਿਆ ਹੈ । ਇਸ ਲਈ ਗੁਰੂ-ਸਾਹਿਬ ਦੀਆਂ ਸਰਗਰਮੀਆਂ ਤੇ ਰੋਕ ਲਾਉਣੀ ਚਾਹੀਦੀ ਹੈ । ਇਨ੍ਹਾਂ ਹੀ ਲੋਕਾਂ ਨੇ ਗੁਰੂ-ਘਰ ਦੇ ਬਾਗੀਆਂ ਨੰ ਸ਼ਹਿ ਦਿੱਤੀ । ਇਨ੍ਹਾਂ ਦੇ ਸਿਖਾਏ ਹੋਏ ਦਾਤੂ ਜੀ ਨੇ ਗੁਰੂ ਅਮਰਦਾਸ ਜੀ ਨੂੰ ਲੱਤ ਕੱਢ ਾਰੀ। ਇਨ੍ਹਾਂ ਨੇ ਹੀ ਗੋਇੰਦੇ ਮਰਵਾਹੇ ਦੇ ਪੁੱਤਰਾਂ ਨੂੰ ਗੁਰੂ ਅਮਰਦਾਸ ਜੀ ਦੇ ਵਿਰੁਧ ਭੜਕਾਇਆ ਕਿ ਗੁਰੂ ਜੀ ਨੇ ਤੁਹਾਡੇ ਪਿਤਾ ਨੂੰ ਵਰਗਲਾ ਕੇ ਤੁਹਾਡੀ ਜ਼ਮੀਨ ਉਤੇ ਗੋਇੰਦਵਾਲ ਨਗਰ ਵਸਾ ਦਿੱਤਾ ਹੈ । ਜ਼ਮੀਨ ਦੇ ਅਸਲ ਮਾਲਿਕ ਤਾਂ ਤੁਸੀਂ ਹੋ । ਤੁਹਾਨੂੰ ਜ਼ਮੀਨ ਦਾ ਮੁੱਲ ਮੰਗਣਾ ਚਾਹੀਦਾ ਹੈ । ਇਨ੍ਹਾਂ ਦਾ ਸਿਖਾਇਆ ਹੋਇਆ ਗੋਇੰਦੇ ਦਾ ਪੁਤਰ ਅਕਬਰ ਦੇ ਦਰਬਾਰ ਵਿੱਚ ਗਿਆ; ਰੋਇਆ, ਪਿਟਿਆ ਤੇ ਫ਼ਰਿਆਦ ਕੀਤੀ। ਪਰ ਉਥੇ ਝੂਠਾ ਸਿੱਧ ਹੋਣ ਤੇ ਬੇਇਜ਼ਤੀ ਕਰਵਾ ਕੇ ਵਾਪਿਸ ਆਇਆ । ਇਨ੍ਹਾਂ ਲੋਕਾਂ ਨੇ ਹਰੀ ਰਾਮ ਤਪੇ ਨੂੰ ਵੀ ਗੁਰੂ ਜੀ ਦੇ ਵਿਰੁਧ ਪਰਚਾਰ ਕਰਨ ਲਾ ਦਿਤਾ । ਗੁਰੂ ਅਰਜੁਨ ਦੇਵ ਜੀ ਦੇ ਖਿਲਾਫ਼ ਪ੍ਰਿਥੀ ਚੰਦ ਨੂੰ ਹੱਲਾ-ਸ਼ੇਰੀ ਦਿੱਤੀ ਅਤੇ ਬੀਰਬਲ (ਜੋ ਸ਼ਰਾਰਤੀ ਦਿਮਾਗ ਦਾ ਮਾਲਕ ਸੀ ਤੇ ਅਕਬਰ ਦਾ ਮੰਤਰੀ ਸੀ) ਦੇ ਰਾਹੀਂ ਅਕਬਰ ਦੇ ਕੰਨ ਭਰੇ । ਅਕਬਰ ਸੱਚ ਦਾ ਪੱਖ ਲੈਣ ਵਾਲਾ ਤੇ ਨਿਆਂਕਾਰੀ ਰਾਜਾ ਸੀ, ਜਿਸ ਕਰਕੇ ਜਾਤਿ-ਅਭਿਮਾਨੀਆਂ ਤੇ ਪੁਰਾਤਨ ਪੰਥੀਆਂ ਨੂੰ ਮੂੰਹ ਦੀ ਖਾਣੀ ਪਈ ।

ਰਾਜ-ਅਭਿਮਾਨੀਆਂ ਨੇ ਵੀ ਸਿੱਖੀ ਦੀ ਲਹਿਰ ਨੂੰ ਦਬਾਉਣ ਦੇ ਸਮੇਂ-ਸਮੇਂ ਸਿਰ ਯਤਨ ਕੀਤੇ ਸਨ । ਉਨ੍ਹਾਂ ਦੇ ਜ਼ੁਲਮਾਂ ਦੇ ਸ਼ਿਕਾਰ ਤਾਂ ਆਦਿ-ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਵੀ ਹੋ ਗਏ ਸਨ । ਆਪ ਬਾਬਾਰ ਦੀ ਫੋਜ ਦੁਆਰਾ ਕੈਦ ਕੀਤੇ ਗਏ ਸਨ ਤੇ ਆਪਨੇ ਚੱਕੀ ਪੀਹਣ ਦੀ ਸਜ਼ਾ ਤੱਕ ਵੀ ਭੁਗਤੀ ਸੀ । ਗੁਰੂ ਅੰਗਦ ਦੇਵ ਜੀ ਅੱਗੇ ਹਿਮਾਯੂੰ ਦਾ ਤਲਵਾਰ ਕੱਢ ਲੈਣਾ ਰਾਜ-ਅਭਿਮਾਨ ਦਾ ਪ੍ਰਗਟ ਸਰੂਪ ਸੀ ਅਤੇ ਜ਼ੋਰ-ਧੱਕੇ ਨਾਲ ਧਰਮ ਨੂੰ ਰਾਜਨੀਤੀ ਦੇ ਅਧੀਨ ਹੋਣ ਲਈ ਮਜ਼ਬੂਰ ਕਰਨਾ ਸੀ । ਇਹ ਵੱਖਰੀ ਗੱਲ ਹੈ ਕਿ ਧਰਮ (ਗੁਰੂ ਅੰਗਦ ਦੇਵ ਜੀ) ਅੱਗੇ ਰਾਜਨੀਤੀ (ਹਿਮਾਯੂੰ) ਨੂੰ ਝੁਕਣਾ ਪਿਆ । ਜਹਾਂਗੀਰ ਦੁਆਰਾ ਆਪਣੀ ਜੀਵਨੀ (ਤੋਜ਼ਕਿ ਜਹਾਂਗੀਰੀ) ਵਿੱਚ ਸੱਚ ਦਾ ਪ੍ਰਕਾਸ਼ ਤੇ ਪਰਚਾਰ ਕਰਨ ਵਾਲੇ ਗੁਰੂ ਜੀ ਨੂੰ ਝੂਠ ਦੀ ਦੁਕਾਨ ਕਹਿਣਾ ਰਾਜ-ਅਭਿਮਾਨੀਆਂ ਦੀ ਈਰਖਾ ਨੂੰ ਪ੍ਰਗਟ ਕਰਦਾ ਹੈ । ਸ੍ਰੀ ਗੁਰੂ ਅਰਜੁਨ ਦੇਵ ਜੀ ਨੂੰ ਤਸੀਹੇ ਦੇ ਕੇ ਸ਼ਹੀਦ ਕਰਨਾ ਰਾਜ-ਅਭਿਮਾਨੀਆਂ ਦਾ ਸਭ ਤੋਂ ਵੱਡਾ ਵਾਰ ਸੀ । ਜਿਸ ਦਾ ਉਦੇਸ਼ ਸਿੱਖੀ ਦੀ ਲਹਿਰ ਨੂੰ ਖਤਮ ਕਰਨਾ ਸੀ ।

ਇਸ ਗੱਲ ਨੂੰ ਨਕਸ਼ਬੰਦੀ ਸਿਲਸਿਲੇ ਦੇ ਆਗੂ ਸ਼ੇਖ ਅਹਿਮਦ ਸਰਹੰਦੀ ਦੁਆਰਾ, ਆਪਣੀ ਇੱਕ ਚਿੱਠੀ ਵਿੱਚ ਸਵੀਕਾਰਿਆ ਗਿਆ ਹੈ, ਜੋ ਉਸਦੀਆਂ ਚਿੱਠੀਆਂ ਦੇ ਸੰਗ੍ਰਹਿ ਮਕਤੂਬਾਤਿ-ਇਮਾਮਿ -ਰੱਬਾਨੀ ਵਿੱਚ ਦਰਜ਼ ਹੈ । (ਇਸ ਦਾ ਵਿਸਥਾਰ ਅੱਗੇ ਸ਼ਹੀਦੀ ਵਾਲੇ ਕਾਂਡ ਵਿੱਚ ਆਵੇਗਾ)

ਪੁਰਾਤਨਵਾਦੀ ਕੱਟੜ-ਪੰਥੀਆਂ, ਜਾਤਿ-ਅਭਿਮਾਨੀਆਂ ਤੇ ਰਾਜ-ਅਭਿਮਾਨੀਆਂ ਦੀਆਂ ਚਾਲਾਂ ਸੰਪੂਰਨ ਕ੍ਰਾਂਤੀ ਦੀ ਲਹਿਰ ਨੂੰ ਦਬਾਉਣ ਜਾਂ ਬੰਦ ਕਰਨ ਵਿੱਚ ਸਫਲ ਨਾ ਹੋ ਸਕੀਆਂ ਤੇ ਨਾ ਹੀ ਕੋਈ ਨੁਕਸਾਨ ਹੀ ਪੁਜਾ ਸਕੀਆਂ, ਸਗੋਂ ਇਹ ਲਹਿਰ ਤਾਂ ਹੋਰ ਬਲਵਾਨ ਹੋਈ ਤੇ ਗੁਰੂ ਅਰਜੁਨ ਦੇਵ ਜੀ ਦੇ ਜੀਵਨ ਕਾਲ ਵਿੱਚ ਇਹ ਆਪਣੇ ਜੋਬਨ ਤੇ ਪੁੱਜ ਗਈ । ਇਸ ਦਾ ਰੰਗ-ਰੂਪ ਨਿਖਰਿਆ, ਇਸਦੀ ਵੱਖਰੀ ਪਹਿਚਾਣ ਸਥਾਪਿਤ ਹੋ ਗਈ ਤੇ ਇਸ ਦਾ ਨਿਆਰਾਪਨ ਪ੍ਰਗਟ ਹੋ ਗਿਆ । ਗੁਰੂ ਸਾਹਿਬਾਨ ਦੇ ਯਤਨਾਂ ਸਦਕਾ ਇਸ ਲਹਿਰ ਦੇ ਉਦੇਸ਼ਾਂ ਦੀ ਪ੍ਰਾਪਤੀ ਕਰਨ ਵਾਲੇ ਯੋਧੇ (ਸਿੱਖ) ਦੇਸ਼ ਦੇ ਹਰ ਕੋਨੇ ਵਿੱਚ ਵੇਖੇ ਜਾਣ ਲਗ ਪਏ ਤੇ ਉਨ੍ਹਾਂ ਕੌਮ ਦਾ ਰੂਪ ਧਾਰਨ ਕਰ ਲਿਆ । ਵਿਦੇਸ਼ਾਂ ਵਿੱਚ ਵੀ ਉਨ੍ਹਾਂ ਦੇ ਸੰਗਠਨ (ਸੰਗਤਾਂ) ਕਾਇਮ ਹੋ ਗਏ । ਬੜੀ ਭਾਰੀ ਗਿਣਤੀ ਵਿੱਚ ਲੋਕ ਪੁਰਾਤਨ-ਪੰਥੀਆਂ/ਜਾਤਿ-ਅਭਿਮਾਨੀਆਂ ਦੇ ਚੁੰਗਲ ਵਿਚੋਂ ਨਿਕਲ ਕੇ, ਪੁਰਾਣੇ ਧਾਰਮਿਕ ਵਿਸ਼ਵਾਸਾਂ ਦਾ ਜੂਲਾ ਗਲੋਂ ਲਾਹ ਕੇ ਅਤੇ ਸ਼ਾਸਕਾਂ ਦਾ ਡਰ ਤਿਆਗ ਕੇ ਇਸ ਲਹਿਰ ਵਿੱਚ ਸ਼ਾਮਿਲ ਹੋ ਗਏ । ਧਾਰਮਿਕ, ਸਮਾਜਿਕ ਤੇ ਆਰਥਕ ਖੇਤਰ ਵਿੱਚ ਤਾਂ ਇਸ ਲਹਿਰ ਨੇ ਬਹੁਤ ਮੱਲਾਂ ਪਹਿਲਾਂ ਹੀ ਮਾਰ ਲਈਆਂ ਸਨ ਅਤੇ ਹੁਣ ਸੂਝਵਾਨ ਲੋਕਾਂ ਨੂੰ ਇਸ ਗੱਲ ਦੀ ਸਮਝ ਆਉਣ ਲੱਗ ਪਈ ਸੀ ਕਿ ਇਹ ਲਹਿਰ ਰਾਜਨੀਤਿਕ ਪਿੜ ਵਿੱਚ ਵੀ ਆਪਣਾ ਰੰਗ ਵਿਖਾਏਗੀ ।

ਇਸ ਪੁਸਤਕ ਦੇ ਅਗਲੇ ਪੰਨਿਆਂ ਤੇ ਜਿਥੇ ਗੁਰੂ ਅਰਜੁਨ ਦੇਵ ਜੀ ਦਾ ਜੀਵਨ-ਬ੍ਰਿਤਾਂਤ ਉਲੀਕਿਆ ਜਾਵੇਗਾ, ਉਥੇ ਉਨ੍ਹਾਂ ਦੁਆਰਾ ਸੰਪੂਰਨ ਕ੍ਰਾਂਤੀ ਦੀ ਲਹਿਰ ਨੂੰ ਬਲਵਾਨ ਬਣਾਉਣ ਵਾਲੇ ਕਾਰਜਾਂ ਅਤੇ ਇਸਨੂੰ ਵਿਚਾਰਧਾਰਾ ਦੇ ਪੱਖੋਂ ਮਜ਼ਬੂਤ ਕਰਨ ਲਈ ਪਾਏ ਯੋਗਦਾਨ ਦਾ ਵਿਸ਼ੇਸ਼ ਜ਼ਿਕਰ ਕੀਤਾ ਜਾਵੇਗਾ ।

# ਜਨਮ ਅਤੇ ਬਚਪਨ

ਗੁਰੂ ਨਾਨਕ ਦੇਵ ਜੀ ਦੁਆਰਾ ਚਲਾਈ ਗਈ ਸੰਪੂਰਨ ਕ੍ਰਾਂਤੀ ਦੀ ਲਹਿਰ ਨੂੰ ਆਪਣੇ ਜੋਬਨ ਤੇ ਪਹੁੰਚਾਉਣ ਵਾਲੇ ਸਤਿਗੁਰੂ, ਸ੍ਰੀ ਗੁਰੂ ਅਰਜਨ ਦੇਵ ਜੀ ਦਾ ਜਨਮ ੧੫ ਅਪ੍ਰੈਲ, ਸੰਨ ੧੫੬੩ ਨੂੰ ਗੋਇੰਦਵਾਲ ਸਾਹਿਬ ਵਿਖੇ ਹੋਇਆ ਸੀ । ਆਪ ਜੀ ਦੇ ਪਿਤਾ ਸਨ ਸ੍ਰੀ ਗੁਰੂ ਰਾਮਦਾਸ ਜੀ, ਤੇ ਮਾਤਾ ਦਾ ਨਾਮ ਸੀ ਮਾਤੀ ਭਾਨੀ ਜੀ ।

ਗੋਇੰਦਵਾਲ ਸ਼ਹਿਰ ਦੂਜੇ ਸਤਿਗੁਰੂ, ਗੁਰੂ ਅੰਗਦ ਦੇਵ ਜੀ, ਦੇ ਸਮੇਂ ਵਸਾਇਆ ਗਿਆ ਸੀ । ਸ਼ਹਿਰ ਦੀ ਉਸਾਰੀ ਦਾ ਕੰਮ (ਗੁਰੂ) ਅਮਰਦਾਸ ਜੀ ਦੀ ਦੇਖ-ਰੇਖ ਵਿੱਚ ਹੋਇਆ ਸੀ । ਜਦ ਸੰਨ ੧੫੪੬ ਵਿੱਚ ਸ਼ਹਿਰ ਵਸ ਗਿਆ ਤਾਂ (ਗੁਰੂ) ਅਮਰਦਾਸ ਜੀ ਆਪਣੇ ਪਿੰਡ ਬਾਸਰਕੇ ਤੋਂ ਆਪਣੇ ਰਿਸ਼ਤੇਦਾਰਾਂ ਤੇ ਸੱਜਣਾ-ਮਿੱਤਰਾਂ ਨੂੰ ਇਥੇ ਲੈ ਆਏ ਸਨ । ਇਨ੍ਹਾਂ ਵਿੱਚ (ਗੁਰੂ) ਰਾਮਦਾਸ ਜੀ ਵੀ ਸਨ, ਜਿਨ੍ਹਾਂ ਦਾ ਨਾਨਕਾ ਪਿੰਡ ਬਾਸਰਕੇ ਸੀ। ਉਹ ਸੱਤ ਵਰ੍ਹਿਆਂ ਦੀ ਉਮਰ ਤਕ ਯਤੀਮ ਹੋ ਗਏ ਸਨ । ਲਾਹੌਰ ਵਿੱਚ ਰਿਸ਼ਤੇਦਾਰਾਂ ਨੇ ਉਨ੍ਹਾਂ ਦੀ ਬਾਂਹ ਨਾ ਫੜੀ ਤਾਂ ਉਨ੍ਹਾਂ ਦੀ ਨਾਨੀ ਉਨ੍ਹਾਂ ਨੂੰ ਬਾਸਰਕੇ ਲੈ ਆਈ । ਇਥੇ (ਗੁਰੂ) ਅਮਰਦਾਸ ਜੀ ਨਾਲ ਉਨ੍ਹਾਂ ਦੀ ਸਾਂਝ ਪੈ ਗਈ । ਇਹ ਸਾਂਝ ਹੀ ਉਨ੍ਹਾਂ ਨੂੰ ਗੋਇੰਦਵਾਲ ਲੈ ਆਈ ।

ਸੰਨ ੧੫੫੨ ਵਿੱਚ ਗੁਰੂ ਅਮਰਦਾਸ ਜੀ ਗੁਰੂ ਬਣੇ । (ਗੁਰੂ) ਰਾਮਦਾਸ ਜੀ ਨੇ ਆਪਣੇ ਉਚੇ-ਸੁਚੇ ਗੁਣਾਂ ਕਾਰਨ ਤੇ ਘਾਲ-ਸੇਵਾ ਵਾਲੇ ਜੀਵਨ ਕਾਰਨ ਗੁਰੂ ਅਮਰਦਾਸ ਜੀ ਦੇ ਮਨ ਵਿੱਚ ਵਿਸ਼ੇਸ਼ ਥਾਂ ਬਣਾ ਲਈ ਤੇ ਗੁਰੂ ਅਮਰਦਾਸ ਜੀ ਨੇ ਆਪਣੀ ਹੋਣਹਾਰ ਬੱਚੀ ਬੀਬੀ ਭਾਨੀ ਦਾ ਵਿਆਹ ਸੰਨ ੧੫੫੩ ਵਿੱਚ ਉਨ੍ਹਾਂ ਨਾਲ ਕਰ ਦਿੱਤਾ । ਇਸ ਸੁਭਾਗ ਜੋੜੀ ਦੇ ਘਰ ਤਿੰਨ ਬੱਚੇ ਪੈਦਾ ਹੋਏ । ਸੰਨ ੧੫੫੮ ਵਿੱਚ ਬਾਬਾ ਪ੍ਰਿਥੀ ਚੰਦ, ਸੰਨ ੧੫੬੦ ਵਿੱਚ ਬਾਬਾ ਮਹਾਂਦੇਵ ਜੀ ਤੇ ਸੰਨ ੧੫੬੩ ਵਿੱਚ (ਗੁਰੂ) ਅਰਜਨ ਦੇਵ ਜੀ ।

ਬਾਣੀ ਕਾ ਬੋਹਿਥਾ : ਗੁਰੂ ਅਰਜਨ ਦੇਵ ਜੀ ਸਭ ਤੋਂ ਪਹਿਲੇ ਗੁਰੂ ਸਨ, ਜਿਨ੍ਹਾਂ ਨੂੰ ਜੰਮਦਿਆਂ ਹੀ ਗੁਰਮਤਿ ਦੀ ਗੁੜ੍ਹਤੀ ਮਿਲੀ ਸੀ । ਉਸ ਸਮੇਂ ਉਨ੍ਹਾਂ ਦੇ ਨਾਨਾ ਸ੍ਰੀ ਗੁਰੂ ਅਮਰਦਾਸ ਜੀ ਗੁਰਗੱਦੀ ਤੇ ਸੁਸ਼ੋਭਿਤ ਸਨ । (ਗੁਰੂ) ਅਰਜਨ ਦੇਵ ਜੀ ਉਨ੍ਹਾਂ ਦੀ ਗੋਦੀ ਵਿੱਚ ਹੀ ਪਲੇ । ਉਹ ਆਪਣੇ ਵੱਡੇ ਭਰਾਵਾਂ ਬਾਬਾ ਪ੍ਰਿਥੀ ਚੰਦ ਤੇ ਮਹਾਂਦੇਵ ਤੋਂ ਬਚਪਨ ਵਿਚ ਹੀ ਵੱਖਰੇ ਸੁਭਾਅ ਦੇ ਸਨ । ਇਸ ਸੁਭਾਅ ਦੇ ਕਾਰਨ ਹੀ ਉਹ ਗੁਰੂ ਅਮਰਦਾਸ ਜੀ ਦੇ ਵਿਸ਼ੇਸ਼ ਪਿਆਰ ਦੇ ਪਾਤਰ ਬਣੇ । ਨਾਨੇ-ਦੋਹਤਰੇ ਦਾ ਪਿਆਰ ਇੰਨਾਂ ਵਧਿਆ ਕਿ ਗੁਰੂ ਅਮਰਦਾਸ ਜੀ ਦੀ ਸ਼ਖਸੀਅਤ ਦੇ ਉਚੇ-ਸੁਚੇ ਗੁਣ ਬਾਲਕ (ਗੁਰੂ) ਅਰਜਨ ਦੇਵ ਜੀ ਦੇ ਮਨ ਵਿੱਚ ਥਾਂ ਬਣਾਉਣ ਲਗ ਪਏ । ਸੋ ਜਨਮ ਤੋਂ ਹੀ ਉਨ੍ਹਾਂ ਦੀ ਸ਼ਖਸੀਅਤ ਗੁਰਮਤਿ ਦੇ ਸੰਚੇ ਵਿੱਚ ਢਲਣ ਲਗ ਪਈ ਸੀ । ਉਨ੍ਹਾਂ ਨੂੰ ਗੁਰਮਤਿ ਦੀ ਇਹ ਖੁਰਾਕ ਆਪਣੇ ਨਾਨਾ ਗੁਰੂ ਅਮਰਦਾਸ ਜੀ ਤੋਂ ਸਾਢੇ ਗਿਆਰਾਂ ਸਾਲਾਂ ਤੱਕ ਮਿਲਦੀ ਰਹੀ ਜਦੋਂ ਕਿ ਪਹਿਲੀ ਸਤੰਬਰ ੧੫੭੪ ਨੂੰ ਗੁਰੂ ਅਮਰਦਾਸ ਜੀ ਜੋਤੀ-ਜੋਤਿ ਸਮਾ ਗਏ । ਬਾਲਕ (ਗੁਰੂ) ਅਰਜਨ ਦੇਵ ਜੀ ਦੇ ਮਨ ਵਿੱਚ ਬਾਣੀ ਨਾਲ ਸਾਂਝ ਤੇ ਗੁਰਮਤਿ ਪ੍ਰਤਿ ਪਿਆਰ ਨੂੰ

ਵੇਖ ਕੇ ਹੀ ਗੁਰੂ ਅਮਰਦਾਸ ਜੀ ਨੇ ਆਖ ਦਿੱਤਾ ਸੀ ਕਿ ਇਹ ਦੋਹਿਤਾ ਬਾਣੀ ਕਾ ਬੋਹਿਥਾ (ਜਹਾਜ਼) ਹੋਵੇਗਾ ।

ਗੁਰਬਾਣੀ ਦੇ ਪਿਆਰ ਨੇ ਜਿਥੇ (ਗੁਰੂ) ਅਰਜਨ ਦੇਵ ਜੀ ਦੇ ਮਨ ਨੂੰ ਸੁੰਦਰ ਬਣਾ ਦਿਤਾ ਸੀ, ਉਥੇ ਉਹ ਜਿਉਂ- ਜਿਉਂ ਜੁਆਨੀ ਵਲ ਵੱਧ ਰਹੇ ਸਨ, ਸਰੀਰ ਵਲੋਂ ਵੀ ਅਤੀ ਸੁੰਦਰ ਲਗਦੇ ਸਨ । ਉਨ੍ਹਾਂ ਦੀ ਨੁਹਾਰ ਬਾਰੇ ਪ੍ਰਿੰਸੀਪਲ ਸਤਿਬੀਰ ਸਿੰਘ ਜੀ ਲਿਖਦੇ ਹਨ : ਆਪ ਦਾ ਮੱਥਾ ਚੌੜਾ ਅਤੇ ਨੂਰਾਨੀ ਸੀ, ਨੈਨ ਲਿਸ਼ਕਦੇ ਸਨ, ਬੁਲ੍ਹ ਛੋਟੇ ਸਨ ਪਰ ਜਦ ਕੁਝ ਬੋਲਦੇ ਤਾਂ ਇੰਝ ਪ੍ਰਤੀਤ ਹੁੰਦਾ ਕਿ ਅੰਮ੍ਰਿਤ ਝੜ ਰਿਹਾ ਹੈ । ਕੱਦ-ਕਾਠ ਵੱਡਾ ਤੇ ਸਰੀਰ ਦੇ ਭਾਰੇ ਸਨ ।

ਆਪ ਦੇ ਪਿਤਾ ਗੁਰੂ ਰਾਮਦਾਸ ਜੀ ਨੇ ਗੁਰੂ ਅਮਰਦਾਸ ਜੀ ਦੇ ਕਹਿਣ ਤੇ ਸੰਨ ੧੫੭੦ ਵਿੱਚ ਮਾਝੇ ਦੇ ਕੇਂਦਰ ਵਿੱਚ ਧਰਮ ਪ੍ਰਚਾਰ ਦਾ ਨਵਾਂ ਕੇਂਦਰ ਅਥਵਾ ਨਵਾਂ ਨਗਰ ਵਸਾਉਣਾ ਆਰੰਭ ਕਰ ਦਿਤਾ ਸੀ, ਜੋ ਹੁਣ ਸ੍ਰੀ ਅੰਮ੍ਰਿਤਸਰ ਦੇ ਨਾਉਂ ਨਾਲ ਸਮੁੱਚੇ ਸੰਸਾਰ ਵਿੱਚ ਪ੍ਰਸਿੱਧ ਹੈ । ੧੫੭੪ ਵਿੱਚ ਗੁਰੂ ਰਾਮਦੀਸ ਜੀ ਨੇ ਗੁਰਿਆਈ ਦੀ ਜ਼ਿੰਮੇਵਾਰੀ ਸੰਭਾਲੀ ਤੇ ਆਪ ਇਸੇ ਸਾਲ ਅੰਮ੍ਰਿਤਸਰ (ਉਦੋਂ 'ਗੁਰੂ ਕਾ ਚੱਕ) ਵਿਖੇ ਆ ਗਏ । ਨਗਰ ਦੀ ਉਸਾਰੀ ਕਾ ਕੰਮ ਹੋਰ ਤੇਜ਼ੀ ਫੜ ਗਿਆ । ਇਹ ਕੋਈ ਛੋਟਾ-ਮੋਟਾ ਕੰਮ ਨਹੀਂ ਸੀ, ਸਗੋਂ ਰਾਜ-ਸਰਕਾਰ ਦੇ ਕਰਨ ਵਾਲਾ ਕੰਮ ਸੀ । ਇਸ ਕੰਮ ਲਈ ਲੱਖਾਂ-ਕ੍ਰੋੜਾਂ ਇੱਟਾਂ, ਮਣਾ ਮੂੰਹੀ ਚੂਨਾ ਚਾਹੀਦਾ ਸੀ ਅਤੇ ਕੰਮ ਉਤੇ ਲੱਗੇ ਹੋਏ ਕਾਰੀਗਰਾਂ, ਮਜ਼ਦੂਰਾਂ ਤੇ ਹੋਰ ਸਿੱਖ-ਸੰਗਤਾਂ ਲਈ ਰਿਹਾਇਸ਼ ਅਤੇ ਹਜ਼ਾਰਾਂ ਮਣ ਅੰਨ ਦੀ ਲੋੜ ਸੀ । ਇਸ ਦੇ ਨਾਲ ਸਖਤ ਮਿਹਨਤ, ਵਿਉਂਤਬੰਦੀ ਅਤੇ ਪ੍ਰਬੰਧਕ ਯੋਗਤਾ ਦੀ ਲੋੜ ਸੀ । ਸੋ ਇਸ ਸਾਰੇ ਕੰਮ ਦੀ ਨਿਗਰਾਨੀ ਬਾਬਾ ਪ੍ਰਿਥੀ ਚੰਦ ਨੂੰ ਸੌਂਪੀ ਗਈ, ਜਿਹੜੇ ਦੁਨਿਆਵੀ ਕੰਮਾਂ ਵਿੱਚ ਕਾਫ਼ੀ ਚੁਸਤ ਸਨ ।

(ਗੁਰੂ) ਅਰਜਨ ਦੇਵ ਜੀ ਵੀ ਸ਼ਹਿਰ ਵਸਾਉਣ ਦੇ ਕੰਮ ਵਿੱਚ ਆਪਣਾ ਹਿੱਸਾ ਪਾਉਂਦੇ ਰਹੇ। ਇਮਾਰਤਾਂ ਦੀ ਉਸਾਰੀ, ਸ਼ਹਿਰ ਵਿੱਚ ਹਰ ਕਿੱਤੇ ਦੇ ਲੋਕ ਲਿਆ ਕੇ ਵਸਾਉਣ, ਸਰੋਵਰ ਦੀ ਪੁਟਾਈ ਤੇ ਉਸਾਰੀ ਆਦਿ ਵਿੱਚ ਆਪ ਪੂਰੀ ਦਿਲਚਸਪੀ ਲੈਂਦੇ ਰਹੇ ।

# ਤਖਤਿ ਬੈਠਾ ਅਰਜੁਨ ਗੁਰੂ

ਗੁਰਿਆਈ ਦੀ ਜ਼ਿੰਮੇਵਾਰੀ ਕੇਵਲ ਉਸੇ ਸਰਬਗੁਣ-ਸੰਪੰਨ ਸ਼ਖ਼ਸੀਅਤ ਨੂੰ ਮਿਲਦੀ ਰਹੀ ਹੈ, ਜੋ ਉਸ ਸਮੇਂ ਦੇ ਗੁਰੂ ਜੀ ਦੀਆਂ ਨਜ਼ਰਾਂ ਵਿੱਚ ਪਰਵਾਨ ਚੜ੍ਹਦੀ ਸੀ। ਬਣਨ ਵਾਲੇ ਗੁਰੂ ਵਿੱਚ ਗੁਰੂ ਭਗਤੀ, ਸੇਵਾ, ਸਿਮਰਨ, ਹੁਕਮ ਮੰਨਣ, ਨਿਮਰਤਾ, ਅਕਾਲ-ਪੁਰਖ ਨਾਲ ਸਾਂਝ ਅਤੇ ਸਿੱਖ-ਸੰਗਤਾਂ ਨੂੰ ਹਰ ਪੱਖੋਂ ਅਗਵਾਈ ਦੇਣ ਦੀ ਯੋਗਤਾ ਆਦਿ ਦੇ ਗੁਣ ਹੋਣਾ ਬਹੁਤ ਜ਼ਰੂਰੀ ਸੀ ।

ਗੁਰਿਆਈ ਵਿਰਾਸਤ ਵਿੱਚ ਮਿਲਣ ਵਾਲੀ ਚੀਜ਼ ਨਹੀਂ ਸੀ । ਏਸੇ ਲਈ ਗੁਰੂ ਨਾਨਕ ਪਾਤਸ਼ਾਹ ਨੇ ਆਪਣੇ ਪੁੱਤਰਾਂ ਦੀ ਥਾਂ ਆਪਣੇ ਸੇਵਕ ਭਾਈ ਲਹਿਣਾ ਜੀ ਨੂੰ ਗੁਰਿਆਈ ਦੀ ਜ਼ਿੰਮੇਵਾਰੀ ਬਖ਼ਸ਼ੀ ਸੀ ਅਤੇ ਗੁਰੂ ਅੰਗਦ ਦੇਵ ਜੀ ਨੇ ਵੀ ਆਪਣੇ ਪੁੱਤਰਾਂ ਦੀ ਥਾਂ ਉਤੇ ਆਪਣੇ ਸਿੱਖ ਬਾਬਾ ਅਮਰਦਾਸ ਜੀ ਨੂੰ ਗੁਰਿਆਈ ਦਿੱਤੀ ਸੀ । ਗੁਰੂ ਅਮਰਦਾਸ ਜੀ ਨੇ ਵੀ ਆਪਣੇ ਪੁੱਤਰਾਂ ਨੂੰ ਗੁਰਿਆਈ ਨਹੀਂ ਸੀ ਦਿੱਤੀ, ਸਗੋਂ ਨਿਮ੍ਰਤਾ, ਸੇਵਾ, ਪ੍ਰਭੂ-ਭਗਤੀ ਅਤੇ ਹੁਕਮ-ਮੰਨਣ ਦੇ ਗੁਣਾਂ ਨੂੰ ਵੇਖ ਕੇ ਆਪਣੇ ਜਵਾਈ ਭਾਈ ਜੇਠਾ ਜੀ ਨੂੰ ਗੁਰਿਆਈ ਬਖ਼ਸ਼ ਦਿੱਤੀ ਸੀ ।

ਗੁਰੂ ਰਾਮਦਾਸ ਜੀ ਨੇ ਆਪਣੇ ਸਾਰੇ ਪ੍ਰਮੁਖ ਸਿੱਖਾਂ ਬਾਰੇ ਵਿਚਾਰ ਕੀਤੀ ਤਾਂ ਉਨ੍ਹਾਂ ਨੂੰ (ਗੁਰੂ) ਅਰਜਨ ਹੀ ਅਜਿਹੇ ਨਜ਼ਰ ਆਏ ਜੋ ਗੁਰਿਆਈ ਦੀ ਜ਼ਿੰਮੇਵਾਰੀ ਨੂੰ ਨਿਭਾਉਣ ਦੇ ਯੋਗ ਸਨ ।

(ਗੁਰੂ) ਅਰਜਨ ਦੇਵ ਜੀ ਬਾਣੀ ਨਾਲ ਪਿਆਰ, ਪ੍ਰਭੂ ਨਾਲ ਪਿਆਰ, ਆਗਿਆਕਰਤਾ, ਨਿਰਮਾਣਤਾ, ਸੇਵਾ-ਭਾਵਨਾ, ਗੁਰਸਿੱਖੀ ਦੇ ਪਰਚਾਰ ਦੀ ਲਗਨ ਆਦਿਕ ਗੁਣਾਂ ਕਾਰਨ ਗੁਰੂ ਰਾਮਦਾਸ ਜੀ ਦੇ ਦਿਲ ਦੇ ਨੇੜੇ ਆ ਗਏ ਸਨ ।

ਗੁਰੂ ਰਾਮਦਾਸ ਜੀ ਦਾ ਵੱਡਾ ਪੁੱਤਰ ਪ੍ਰਿਥੀ ਚੰਦ ਬਹੁਤ ਚਤੁਰ-ਸਿਆਣਾ ਤੇ ਪਰਬੰਧਕੀ ਕੰਮਾਂ ਵਿੱਚ ਮਾਹਿਰ ਸੀ । ਉਸਨੂੰ ਗੁਰੂ ਦਰਬਾਰ ਦਾ ਪ੍ਰਬੰਧ ਚਲਾਉਣ ਅਤੇ ਨਵੇਂ ਨਗਰ (ਅੰਮ੍ਰਿਤਸਰ) ਦੀ ਉਸਾਰੀ ਦੀ ਸੇਵਾ ਦਿੱਤੀ ਗਈ ਸੀ । ਰੁਪਏ-ਪੈਸੇ ਆਦਿ ਦਾ ਸਾਰਾ ਪ੍ਰਬੰਧ ਵੀ ਉਸਦੇ ਹੱਥ ਸੀ । ਉਹ ਇਹ ਸਾਰੀ ਸੇਵਾ ਬੜੀ ਯੋਗਤਾ ਨਾਲ ਨਿਭਾਉਂਦਾ ਸੀ ਪਰ ਉਸਦੇ ਮਨ ਵਿੱਚ ਸੱਚਾ - ਧਰਮੀ ਬਣਨ ਦੀ ਲਗਨ ਘੱਟ ਸੀ । ਮਾਇਆ (ਧਨ) ਨਾਲ ਬਹੁਤ ਪਿਆਰ ਸੀ । ਮਾਣ-ਵਡਿਆਈ ਦਾ ਵੀ ਭੁੱਖਾ ਸੀ । ਉਸਦੀ ਸਾਰੀ ਸੇਵਾ ਦਾ ਨਿਸ਼ਾਨਾ ਗੁਰਗੱਦੀ ਪ੍ਰਾਪਤ ਕਰਨਾ ਸੀ । ਪਰ ਗੁਰੂ-ਪਿਤਾ ਦਾ (ਗੁਰੂ) ਅਰਜਨ ਦੇਵ ਜੀ ਨਾਲ ਵਧੇਰੇ ਪ੍ਰੇਮ ਵੇਖ ਕੇ ਉਸਨੂੰ ਬਹੁਤ ਈਰਖਾ ਹੁੰਦੀ ਸੀ । ਉਹ ਨਹੀਂ ਸੀ ਚਾਹੁੰਦਾ ਕਿ ਉਸ ਦਾ ਛੋਟਾ ਭਰਾ ਗੁਰ-ਗੱਦੀ ਦਾ ਮਾਲਕ ਬਣੇ । ਇਸ ਲਈ ਉਸਨੇ ਗੁਪਤ ਤੌਰ ਤੇ ਚਾਲਾਂ ਵੀ ਚਲਣੀਆਂ ਸ਼ੁਰੂ ਕਰ ਦਿਤੀਆਂ; ਮਾਇਆ ਤੇ ਪੂਰਾ ਅਧਿਕਾਰ ਕਰ ਲਿਆ ਅਤੇ ਮਸੰਦਾਂ ਨੂੰ ਗੰਢਣਾ ਸ਼ੁਰੂ ਕਰ ਦਿਤਾ । ਉਸ ਨੇ ਗੁਰੂ ਰਾਮਦਾਸ ਜੀ ਨੂੰ ਵੀ ਗੱਲਾਂ-ਗੱਲਾਂ ਵਿੱਚ ਇਹ ਕਹਿਣਾ ਸ਼ੁਰੂ ਕਰ ਦਿਤਾ ਸੀ ਕਿ ਗੁਰਗੱਦੀ ਉਸੇ ਨੂੰ ਮਿਲਣੀ ਚਾਹੀਦੀ ਹੈ, ਕਿਉਂਕਿ ਉਸ ਵਿੱਚ ਗੁਰੂ-ਦਰਬਾਰ ਦਾ ਪ੍ਰਬੰਧ ਕਰਨ ਦੀ ਪੂਰੀ ਯੋਗਤਾ ਹੈ । ਜਦ ਉਹ ਵੇਖਦਾ ਕਿ ਗੁਰੂ ਰਾਮਦਾਸ ਜੀ ਉਸਦੀ ਗੱਲ ਨੂੰ ਧਿਆਨ ਨਾਲ ਨਹੀਂ ਸੁਣਦੇ

ਤਾਂ ਉਹ ਸਗੋਂ ਖਰ੍ਹਵੇ ਬੋਲ ਬੋਲਣ ਲਗ ਪੈਂਦਾ ਅਤੇ ਇਸ ਗੱਲ ਦਾ ਵੀ ਰੋਹਬ ਮਾਰਦਾ ਕਿ ਸਿੱਖ-ਸੰਗਤਾਂ ਦੇ ਭੇਟਾ ਕੀਤੇ ਧਨ ਉਤੇ ਉਸੇ ਦਾ ਕੰਟਰੋਲ ਹੈ । ਹੌਲੀ ਹੌਲੀ ਉਹ ਗੁਰੂ-ਪਿਤਾ ਨਾਲ ਲੜਨ-ਝਗੜਨ ਲਗ ਪਿਆ ਸੀ । ਧੀਰਜ ਦੀ ਮੂਰਤ ਗੁਰੂ ਰਾਮਦਾਸ ਜੀ ਨੇ ਉਸਨੂੰ ਕਈ ਵਾਰ ਸਮਝਾਇਆ ਸੀ ਕਿ ਪਿਤਾ ਨਾਲ ਝਗੜਨਾ ਕੋਈ ਅਕਲਮੰਦੀ ਦੀ ਗੱਲ ਨਹੀਂ। ਜਿਸਨੇ ਜੰਮਿਆਂ, ਪਾਲਿਆ- ਪਲੋਸਿਆ ਤੇ ਵੱਡਾ ਕੀਤਾ ਹੈ, ਉਸ ਨਾਲ ਝਗੜਨਾ ਮੂਰਖਤਾ ਹੈ । ਗੁਰਬਾਣੀ ਵਿੱਚ ਵੀ ਇਸ ਗੱਲ ਦਾ ਜ਼ਿਕਰ ਹੈ :-

**ਕਾਹੇ ਪੂਤ ਝਗਰਤ ਹਉ ਸੰਗਿ ਬਾਪ ।**
**ਜਿਨ ਕੇ ਜਣੇ ਬਡੀਰੇ ਤੁਮ ਹਉ,**
**ਤਿਨ ਸਿਉ ਝਗਰਤ ਪਾਪ ।।੧।। ਰਹਾਉ।।**

(ਸਾਰੰਗ,ਮਹਲਾ ੪, ਪੰਨਾ-੧੨੦੦)

ਗੁਰੂ ਜੀ ਨੇ ਪ੍ਰਿਥੀ ਚੰਦ ਨੂੰ ਇਹ ਵੀ ਸਮਝਾਇਆ ਕਿ ਜਿਸ ਮਾਇਆ ਤੇ ਕਬਜ਼ਾ ਕ੍ਰਰਕੇ ਤੂੰ ਹੰਕਾਰੀ ਬਣਿਆ ਪਿਆ ਹੈਂ, ਉਹ ਧਨ ਕਦੇ ਵੀ ਕਿਸੇ ਦਾ ਆਪਣਾ ਨਹੀਂ ਬਣਿਆ। ਮਾਇਆ ਦੇ ਚਸਕੇ ਦਾ ਨਸ਼ਾ ਤਾਂ ਖਿਨ-ਪਲ ਵਿੱਚ ਉਤਰ ਜਾਂਦਾ ਹੈ, ਤੇ ਫਿਰ ਪਛਤਾਵਾ ਹੁੰਦਾ ਹੈ :-

**ਜਿਸੁ ਧਨ ਕਾ ਤੁਮ ਗਰਬੁ ਕਰਤ ਹਉ, ਸੋ ਧਨੁ ਕਿਸਹਿ ਨ ਆਪ ।।**
**ਖਿਨ ਮਹਿ ਛੋਡਿ ਜਾਇ ਬਿਖਿਆ ਰਸੁ, ਤਉ ਲਾਗੈ ਪਛੁਤਾਪ ।।੧।।**

(ਸਾਰੰਗ,ਮਹਲਾ ੪, ਪੰਨਾ-੧੨੦੦)

(ਗੁਰੂ) ਅਰਜਨ ਤੇ ਪ੍ਰਿਥੀ ਚੰਦ ਦੀ ਸੋਚਣੀ ਤੇ ਜੀਵਨ ਵਿੱਚ ਜ਼ਮੀਨ ਅਸਮਾਨ ਦਾ ਅੰਤਰ ਸੀ । ਗੁਰੂ ਅਰਜੁਨ ਸਾਹਿਬ ਅੰਦਰ ਨਿਸ਼ਕਾਮਤਾ ਅਤੇ ਸਰਲਤਾ ਸੀ ਪਰ ਬਾਬਾ ਪ੍ਰਿਥੀ ਚੰਦ ਅੰਦਰ ਸੁਆਰਥ ਕੁਟ ਕੁਟ ਕੇ ਭਰਿਆ ਪਿਆ ਸੀ । ਪ੍ਰਿਥੀ ਚੰਦ ਦੀ ਨਿਰੀ ਦੁਨਿਆਵੀ ਚਤੁਰਤਾ ਗੁਰਗੱਦੀ ਲਈ ਫ਼ਬਵਾਂ ਗੁਣ ਨਹੀਂ ਸੀ ਇਸ ਲਈ ਗੁਰੂ ਰਾਮਦਾਸ ਜੀ ਨੇ ਅਗਸਤ ੧੫੮੧ (ਭਾਦਰੋਂ ਸੰਮਤ ੧੬੩੮) ਵਿੱਚ ਗੁਰੂ ਅਰਜੁਨ ਸਾਹਿਬ ਨੂੰ ਗੁਰਿਆਈ ਦੀ ਜ਼ਿੰਮੇਵਾਰੀ ਸੌਂਪ ਦਿਤੀ । ਉਦੋਂ ਆਪ ਦੀ ਉਮਰ ੧੮ ਸਾਲ ੪ ਮਹੀਨੇ ਸੀ ।

ਗੁਰੂ ਰਾਮਦਾਸ ਜੀ ਨੇ ਭਰੇ ਦਰਬਾਰ ਵਿੱਚ ਗੁਰੂ ਅਰਜੁਨ ਦੇਵ ਜੀ ਨੂੰ ਮੱਥਾ ਟੇਕਿਆ ਤੇ ਬਾਕੀ ਸੰਗਤ ਨੇ ਵੀ ਇਵੇਂ ਹੀ ਕੀਤਾ । ਆਪ ਨੇ ਬਾਣੀ ਦਾ ਸਾਰਾ ਖਜ਼ਾਨਾ ਵੀ ਗੁਰੂ ਅਰਜੁਨ ਦੇਵ ਜੀ ਨੂੰ ਭੇਂਟ ਕਰ ਦਿਤਾ ਜਿਸ ਵਿੱਚ ਉਨ੍ਹਾਂ ਦੀ ਆਪਣੀ ਬਾਣੀ ਤੋਂ ਸਿਵਾ ਗੁਰੂ ਨਾਨਕ ਦੇਵ ਜੀ, ਗੁਰੂ ਅੰਗਦ ਦੇਵ ਜੀ, ਗੁਰੂ ਅਮਰਦਾਸ ਜੀ ਅਤੇ ਭਗਤਾਂ ਦੀ ਬਾਣੀ ਸ਼ਾਮਿਲ ਸੀ ।

ਪ੍ਰਿਥੀ ਚੰਦ ਨੇ ਤਾਂ ਗੁਰੂ-ਪਿਤਾ ਦੇ ਇਸ ਫੈਸਲੇ ਨੂੰ ਮੰਨਣਾ ਹੀ ਨਹੀਂ ਸੀ, ਕਿਉਂਕਿ ਉਹ ਤਾਂ ਗੁਰ ਗੱਦੀ ਉਤੇ ਆਪਣਾ ਅਧਿਕਾਰ ਸਮਝਦਾ ਸੀ । ਉਸਨੇ ਆਪਣੇ ਮਨ ਵਿੱਚ ਧਾਰ ਲਿਆ ਕੇ ਮਸੰਦਾਂ ਦੀ ਸਹਾਇਤਾ ਨਾਲ ਉਹ ਗੁਰਗੱਦੀ ਤੇ ਕਬਜ਼ਾ ਕਰੇਗਾ ਜਾਂ ਆਪਣੀ ਗੱਦੀ ਚਲਾਵੇਗਾ ।

# ਗੁਰੂ ਅਰਜੁਨ ਪਰਤਖ ਹਰਿ

ਗੁਰੂ ਅਰਜੁਨ ਦੇਵ ਜੀ ਨੂੰ ਗੁਰਿਆਈ ਦੇਣ ਮਗਰੋਂ ਗੁਰੂ ਰਾਮਦਾਸ ਜੀ ਗੋਇੰਦਵਾਲ ਆ ਗਏ ਤੇ ਨਾਲ ਗੁਰੂ ਅਰਜੁਨ ਜੀ ਨੂੰ ਲੈ ਆਏ।

ਕੁਝ ਦਿਨਾਂ ਮਗਰੋਂ ਗੁਰੂ ਰਾਮ ਦਾਸ ਜੀ ੧ ਸਤੰਬਰ ੧੫੮੧ (੨ ਅੱਸੂ ਸੰਮਤ ੧੬੩੮) ਨੂੰ ਗੋਇੰਦਵਾਲ ਵਿਖੇ ਜੋਤੀ-ਜੋਤਿ ਸਮਾ ਗਏ। ਭਾਈਚਾਰੇ ਦੀ ਮਰਯਾਦਾ ਅਨੁਸਾਰ ਦਸਵੇਂ ਦਿਨ ਦਸਤਾਰ ਬੰਦੀ ਦੀ ਰਸਮ ਹੋਣੀ ਸੀ। ਇਸ ਦਿਨ ਬਰਾਦਰੀ ਵਾਲੇ ਭਰੇ ਸਮਾਗਮ ਵਿੱਚ ਜਾ-ਨਸ਼ੀਨ ਨੂੰ ਪੱਗ ਦਿੰਦੇ ਹਨ। ਇਸ ਦਾ ਭਾਵ ਹੁੰਦਾ ਹੈ ਕਿ ਜਿਸ ਪੁੱਤਰ ਨੂੰ ਪੱਗ ਦਿੱਤੀ ਗਈ ਹੈ, ਬਰਾਦਰੀ ਵਾਲੇ ਉਸਨੂੰ ਪਿਤਾ ਦੀ ਥਾਂ ਜਾਇਜ਼ ਹੱਕਦਾਰ ਮੰਨਦੇ ਹਨ। ਪੱਗ ਆਮ ਤੌਰ ਤੇ ਵੱਡੇ ਪੁੱਤਰ ਨੂੰ ਦਿੱਤੀ ਜਾਂਦੀ ਹੈ।

ਪ੍ਰਿਥੀ ਚੰਦ ਜੀ ਨੂੰ ਗੁਰੂ ਰਾਮਦਾਸ ਜੀ ਦੇ ਜੋਤੀ-ਜੋਤਿ ਸਮਾਉਣ ਦੀ ਖਬਰ ਭੇਜ ਦਿੱਤੀ ਗਈ ਸੀ। ਉਹ ਦਸਤਾਰ ਬੰਦੀ ਵਾਲੇ ਦਿਨ ਉਚੇਚੇ ਤੌਰ ਤੇ ਗੋਇੰਦਵਾਲ ਪੁੱਜੇ। ਉਨ੍ਹਾਂ ਨੂੰ ਡਰ ਸੀ ਕਿ ਕਿਤੇ ਬਰਾਦਰੀ ਵਾਲੇ ਗੁਰੂ ਅਰਜੁਨ ਦੇਵ ਜੀ ਨੂੰ ਹੀ ਪੱਗ ਨਾ ਦੇ ਦੇਣ, ਕਿਉਂਕਿ ਪਿਤਾ-ਗੁਰੂ ਨੇ ਤਾਂ ਉਨ੍ਹਾਂ ਨੂੰ ਗੁਰਿਆਈ ਬਖਸ਼ ਕੇ ਪਹਿਲਾਂ ਹੀ ਆਪਣਾ ਉਤਰਾਧਿਕਾਰੀ ਥਾਪ ਦਿੱਤਾ ਸੀ। ਬਰਾਦਰੀ ਦੇ ਲੋਕਾਂ ਅਤੇ ਸਿੱਖ ਸੰਗਤਾਂ ਦੀ ਰਾਇ ਵੀ ਐਸੀ ਹੀ ਸੀ। ਪ੍ਰਿਥੀ ਚੰਦ ਨੇ ਜ਼ੋਰ ਦੇ ਕੇ ਆਖਿਆ ਕਿ ਮੈਂ ਵੱਡਾ ਪੁੱਤਰ ਹਾਂ ਇਸ ਲਈ ਪੱਗ ਮੈਨੂੰ ਹੀ ਮਿਲਣੀ ਚਾਹੀਦੀ ਹੈ। ਉਹ ਸਮਝਦਾ ਸੀ ਕਿ ਜੇ ਇੱਕ ਵਾਰ ਪੱਗ ਮਿਲ ਗਈ ਤਾਂ ਉਹ ਗੁਰਿਆਈ ਉਤੇ ਵੀ ਆਪਣਾ ਹੱਕ ਜਿੱਤਾ ਸਕੇ ਗਾ। ਉਧਰ ਬਰਾਦਰੀ ਵਾਲੇ ਇਸ ਗੱਲ ਤੇ ਅੜ ਗਏ ਕਿ ਪੱਗ ਗੁਰੂ ਅਰਜੁਨ ਦੇਵ ਜੀ ਨੂੰ ਹੀ ਦੇਣੀ ਹੈ। ਇਸ ਸਮੇਂ ਗੁਰੂ ਅਰਜੁਨ ਦੇਵ ਜੀ ਨੇ ਲੋਕਾਂ ਨੂੰ ਸਮਝਾ-ਬੁਝਾ ਕੇ ਪੱਗ ਪ੍ਰਿਥੀ ਚੰਦ ਨੂੰ ਹੀ ਦੁਆ ਦਿੱਤੀ।

**ਭੱਟਾਂ ਦਾ ਆਉਣਾ** :- ਦੂਰ-ਦੁਰਾਡੇ ਦੀਆਂ ਸੰਗਤਾਂ ਨੂੰ ਜਦੋਂ ਗੁਰੂ ਰਾਮਦਾਸ ਜੀ ਦੇ ਗੋਇੰਦਵਾਲ ਵਿਖੇ ਜੋਤੀ-ਜੋਤਿ ਸਮਾਉਣ ਦੀ ਖਬਰ ਮਿਲੀ ਤਾਂ ਅਨੇਕਾਂ ਸਿੱਖ ਦਸਮੀ (ਦਸਤਾਰਬੰਦੀ) ਵਾਲੇ ਇੱਕਠ ਵਿੱਚ ਹਿੱਸਾ ਲੈਣ ਲਈ ਤੁਰ ਪਏ। ਸਿੱਖਾਂ ਦੇ ਇੱਕ ਜਥੇ ਨਾਲ ਭੱਟ ਵਿਦਵਾਨ ਵੀ ਸਮਾਗਮ ਵਿਚ ਆ ਗਏ, ਜਿਨ੍ਹਾਂ ਦੀ ਗਿਣਤੀ ਗਿਆਰਾਂ ਸੀ। ਇਹ ਭੱਟ ਵਿਦਵਾਨ ਕਿਸੇ ਬ੍ਰਹਮਗਿਆਨੀ ਮਹਾਂਪੁਰਖ ਦੀ ਭਾਲ ਵਿੱਚ ਲਗਭਗ ਇਕ ਸਾਲ ਤੋਂ ਭਟਕ ਰਹੇ ਸਨ। ਕਈ ਤੀਰਥ-ਅਸਥਾਨਾਂ ਉਤੇ ਜਾ ਕੇ ਕਈ ਸੰਤਾਂ-ਸਾਧਾਂ ਨੂੰ ਮਿਲੇ ਸਨ, ਪਰ ਕਿਤਿਓਂ ਵੀ ਇਨ੍ਹਾਂ ਦੀ ਤਸੱਲੀ ਨਹੀਂ ਸੀ ਹੋ ਸਕੀ। ਇਹ ਜਿਥੇ ਵੀ ਗਏ, ਕੇਵਲ ਚਰਚਾ ਕਰਨ ਵਾਲੇ ਧਰਮੀ-ਬੰਦੇ ਹੀ ਮਿਲੇ। ਧਰਮ ਦੀ ਕਮਾਈ ਕਰਨ ਵਾਲਾ ਤੇ ਪ੍ਰਭੂ ਦੇ ਦਰ ਦੀ ਸੋਝੀ ਕਰਵਾਉਣ ਵਾਲਾ ਕੋਈ ਵੀ ਨਾ ਮਿਲਿਆ।

ਸਿੱਖਾਂ ਦੇ ਜਥੇ ਤੋਂ ਭੱਟ-ਵਿਦਵਾਨਾਂ ਨੇ ਰਸਤੇ ਵਿੱਚ ਗੁਰੂ ਪਾਤਸ਼ਾਹ ਦੀ ਸਿਫ਼ਤ-ਸਲਾਹ ਵਿੱਚ ਅਨੇਕਾਂ ਗੱਲਾਂ ਸੁਣੀਆਂ ਸਨ। ਉਨ੍ਹਾਂ ਦਾ ਖਿਆਲ ਸੀ ਕਿ ਇੰਨੀਆਂ ਸਿਫਤਾਂ ਦਾ ਮਾਲਕ ਕੋਈ ਵਡੇਰੀ ਉਮਰ ਵਾਲਾ ਮਹਾਂਪੁਰਖ ਹੀ ਹੋਵੇਗਾ। ਪਰ ਗੋਇੰਦਵਾਲ

ਪਹੁੰਚ ਕੇ ਇਨ੍ਹਾਂ ਨੂੰ ਬਹੁਤ ਹੈਰਾਨੀ ਹੋਈ । ਗੁਰੂ ਤਾਂ ਕੇਵਲ ੧੮ ਕੁ ਵਰ੍ਹਿਆਂ ਦਾ ਸੀ, ਉਹ ਵੀ ਗ੍ਰਿਹਸਤੀਆਂ ਦੇ ਲਿਬਾਸ ਵਿੱਚ । ਖੈਰ ! ਇਹ ਉਥੇ ਟਿਕ ਗਏ । ਗੁਰੂ ਪਾਤਸ਼ਾਹ ਦੇ ਨਜ਼ਦੀਕ ਹੋਏ ਤਾਂ ਉਨ੍ਹਾਂ ਦੀ ਸ਼ਖਸੀਅਤ ਦੇ ਪ੍ਰਭਾਵ ਨਾਲ ਕੀਲੇ ਗਏ । ਪ੍ਰਿਥੀ ਚੰਦ ਦੇ ਅੜੀਅਲਪਨ ਅਤੇ ਪੰਚਮ ਪਾਤਸ਼ਾਹ ਦੀ ਹਲੀਮੀ, ਠੰਡਾ ਤੇ ਗੰਭੀਰ ਜਿਗਰਾ ਵੇਖਿਆ ਤਾਂ ਇਹ ਭੀ ਗੁਰੂ ਜੀ ਦੀ ਮਹਾਨਤਾ ਦੇ ਗੁਣ ਗਾਣ ਲਗ ਪਏ । ਕੁਝ ਹੀ ਦਿਨਾਂ ਵਿੱਚ ਇਹਨਾਂ ਨੇ ਪਹਿਲੇ ਸਤਿਗੁਰਾਂ ਦੇ ਜੀਵਨ ਤੇ ਬਾਣੀ ਬਾਰੇ ਵੀ ਵਾਕਫ਼ੀਅਤ ਹਾਸਿਲ ਕਰ ਲਈ । ਇਸ ਨਾਲ ਇਨ੍ਹਾਂ ਦੇ ਮਨ ਤੇ ਬਹੁਤ ਪ੍ਰਭਾਵ ਪਿਆ ਅਤੇ ਇਨ੍ਹਾਂ ਨੇ ਪੰਜਾਂ ਹੀ ਗੁਰੂਆਂ ਦੀ ਉਸਤਤਿ ਵਿੱਚ ਸਵੱਈਏ ਉਚਾਰਨ ਕੀਤੇ ਜੋ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਦਰਜ ਹਨ । ਇਨ੍ਹਾਂ ਨੂੰ ਭੱਟਾਂ ਦੇ ਸਵੱਈਏ ਕਿਹਾ ਜਾਂਦਾ ਹੈ ।

ਗੁਰੂ ਅਰਜੁਨ ਦੇਵ ਜੀ ਦੀ ਸਿਫ਼ਤ-ਸਲਾਹ ਕਰਦਿਆਂ ਹੋਇਆਂ ਭੱਟਾਂ ਨੇ ਸਪਸ਼ਟ ਤੌਰ ਤੇ ਕਿਹਾ ਕਿ ਗੁਰੂ ਜੀ ਪਰਮਾਤਮਾ ਦਾ ਪਰਤੱਖ ਰੂਪ ਹਨ, ਗੁਰੂ ਰਾਮਦਾਸ ਜੀ ਦੇ ਸਹੀ ਉਤਰਾਧਿਕਾਰੀ ਹਨ । ਆਪ ਦਸਦੇ ਹਨ ਕਿ ਵਿਰੋਧਤਾ ਦੇ ਝੱਖੜ ਝੁਲਣ ਦੇ ਬਾਵਜੂਦ ਵੀ ਗੁਰੂ ਅਰਜੁਨ ਸਾਹਿਬ ਗੰਭੀਰਤਾ ਵਿੱਚ ਰਹਿ ਕੇ ਪਰਬਤ ਵਾਂਗ ਅਡੋਲ ਰਹੇ ਅਤੇ ਗੁਰੂ ਨਾਨਕ ਪਾਤਸ਼ਾਹ ਦੇ ਘਰ ਦੀ ਜਿੱਤ ਹੋਈ ।

ਭੱਟ ਵਿਦਵਾਨਾਂ ਦੇ ਸਵੱਈਏ ਉਨ੍ਹਾਂ ਜਾਤਿ-ਅਭਿਮਾਨੀ ਬ੍ਰਾਹਮਣਾਂ ਤੇ ਉਨ੍ਹਾਂ ਦੇ ਪਿਛਲੱਗੂਆਂ ਨੂੰ ਕਰਾਰਾ ਉੱਤਰ ਹੈ ਜੋ ਗੁਰਮਤਿ ਦਾ ਵਿਰੋਧ ਕਰਦੇ ਨਹੀਂ ਸਨ ਥਕਦੇ, ਜਿਨ੍ਹਾਂ ਨੇ ਕਦੇ ਗੁਰੂ ਨਾਨਕ ਪਾਤਸ਼ਾਹ ਨੂੰ 'ਕੁਰਾਹੀਆ' ਆਖਿਆ ਸੀ, ਬਾਬਾ ਦਾਤੂ ਜੀ ਨੂੰ 'ਗੁਰੂ' ਬਣਨ ਲਈ ਉਕਸਾਇਆ ਸੀ, ਗੋਇੰਦੇ ਦੇ ਪੁੱਤਰਾਂ ਨੂੰ ਗੁਰੂ ਅਮਰਦਾਸ ਜੀ ਦੇ ਵਿਰੁਧ ਭੜਕਾਇਆ ਸੀ, ਅਕਬਰ ਦੇ ਦਰਬਾਰ ਵਿੱਚ ਆਪ ਗੁਰੂ ਸਾਹਿਬ ਦੇ ਵਿਰੁਧ 'ਸ਼ਿਕਾਇਤ ਨਾਮਾ' ਲੈ ਕੇ ਗਏ ਸਨ ਅਤੇ ਗੁਰੂ ਅਰਜੁਨ ਸਾਹਿਬ ਦੇ ਸਮੇਂ ਅਕਬਰ ਦੇ ਮੰਤਰੀ ਬੀਰਬਲ ਰਾਹੀਂ ਪ੍ਰਿਥੀ ਚੰਦ ਨੂੰ ਉਕਸਾਇਆ ਸੀ ।

ਭੱਟ-ਵਿਦਵਾਨਾਂ ਨੇ ਗੁਰੂ ਅਰਜੁਨ ਪਾਤਸ਼ਾਹ ਦੀ ਉਸਤਤਿ ਵਿੱਚ ੨੦ ਸਵੱਈਏ ਰਚੇ ਹਨ, ਇਨ੍ਹਾਂ ਵਿੱਚ ਗੁਰੂ ਸਾਹਿਬ ਦੇ ਹੇਠ ਦਿਤੇ ਕੁਝ ਵਿਸ਼ੇਸ਼ ਗੁਣਾਂ ਦਾ ਜ਼ਿਕਰ ਕੀਤਾ ਹੈ :-

**(ੳ) ਗੁਰੂ ਜੀ ਦੀ ਜਨਮ ਤੋਂ ਹੀ ਪ੍ਰਭੂ ਨਾਲ ਸਾਂਝ ਪੈ ਗਈ ਸੀ :**

**ਗੁਰ ਰਾਮਦਾਸ ਘਰਿ ਕੀਅਉ ਪ੍ਰਗਾਸਾ ॥**
**ਸਗਲ ਮਨੋਰਥ ਪੂਰੀ ਆਸਾ ॥**
**ਤੈ ਜਨਮਤ ਗੁਰਮਤਿ ਬ੍ਰਹਮੁ ਪਛਾਣਿਓ ॥**
**ਕਲ੍ਹ ਜੋੜਿ ਕਰ, ਸੁਜਸੁ ਵਖਾਣਿਓ ॥** (ਪੰਨਾ-੧੪੦੭)

**ਅਰਥ :-** ਹੇ ਗੁਰੂ ਅਰਜੁਨ ਜੀ ! ਕਵੀ ਕਲ੍ਹ ਹੱਥ ਜੋੜ ਕੇ ਆਪ ਦੀ ਸਿਫ਼ਤ ਉਚਾਰਦਾ ਹੈ । ਆਪਨੇ ਗੁਰੂ ਰਾਮਦਾਸ ਜੀ ਦੇ ਘਰ ਵਿੱਚ ਜਨਮ ਲਿਆ ਹੈ । ਉਨ੍ਹਾਂ ਦੇ ਸਾਰੇ ਮਨੋਰਥ ਤੇ ਆਸਾਂ ਪੂਰੀਆਂ ਹੋਈਆਂ ਹਨ । ਜਨਮ ਤੋਂ ਹੀ ਆਪ ਨੇ ਗੁਰੂ ਦੀ ਮਤਿ ਦੁਆਰਾ ਬ੍ਰਹਮ ਨੂੰ ਪਛਾਣਿਆਂ ਹੈ, ਅਥਵਾ ਪਰਮਾਤਮਾ ਨਾਲ ਡੂੰਘੀ ਸਾਂਝ ਪਾ ਲਈ ਹੈ ।

(ਅ) ਗੁਰੂ ਜੀ ਅਕਾਲ ਪੁਰਖ ਦਾ ਰੂਪ ਹਨ ਅਤੇ ਅਕਾਲ ਪੁਰਖ ਨਾਲ ਜੁੜੇ ਰਹਿੰਦੇ ਹਨ :

ਸਦ ਜੀਵਣੁ ਅਰਜੁਨੁ ਅਮੋਲੁ ਆਜੋਨੀ ਸੰਭਉ ।
ਭਯ ਭੰਜਨੁ ਪਰਦੁਖ ਨਿਵਾਰੁ ਅਪਾਰੁ ਅਨੰਭਉ ।
ਅਗਹ ਗਹਣੁ, ਭ੍ਰਮੁ ਭ੍ਰਾਂਤਿ ਦਹਣੁ, ਸੀਤਲ ਸੁਖ ਦਾਤਉ ।।
ਆਸੰਭਉ ਉਦਵਿਅਉ ਪੁਰਖੁ ਪੂਰਨ ਬਿਧਤਾਉ ।।। (ਪੰਨਾ-੧੪੦੭)

ਅਰਥ :– ਗੁਰੂ ਅਰਜੁਨ ਸਾਹਿਬ ਸਦਜੀਵੀ ਹੈ, ਆਪ ਦਾ ਮੁੱਲ ਨਹੀਂ ਪੈ ਸਕਦਾ, (ਆਪ) ਜੂਨਾਂ ਤੋਂ ਰਹਿਤ ਤੇ ਸੁਤੇ ਪ੍ਰਕਾਸ਼ ਹਰੀ ਦਾ ਰੂਪ ਹਨ, (ਗੁਰੂ ਅਰਜੁਨ) ਭੈ ਦੂਰ ਕਰਨ ਵਾਲਾ, ਪਰਾਏ ਦੁੱਖ ਹਰਨ ਵਾਲਾ, ਬੇਅੰਤ ਤੇ ਗਿਆਨ- ਸਰੂਪ ਹੈ । ਆਪ ਦੀ ਉਸ ਹਰੀ ਤੱਕ ਪਹੁੰਚ ਹੈ, ਜੋ ਜੀਵਾਂ ਦੀ ਪਹੁੰਚ ਤੋਂ ਪਰੇ ਹੈ, (ਗੁਰੂ ਅਰਜੁਨ) ਭਰਮ ਤੇ ਭਟਕਣਾ ਨੂੰ ਦੂਰ ਕਰਨ ਵਾਲਾ ਹੈ, ਸੀਤਲ ਤੇ ਸੁਖਾਂ ਦੇ ਦੇਣ ਵਾਲਾ ਹੈ, ਮਾਨੋਂ ਅਜਨਮਾ, ਪੂਰਨ ਪੁਰਖ ਸਿਰਜਣਹਾਰ ਪ੍ਰਗਟ ਹੋ ਪਿਆ ਹੈ ।

ਗੁਰੁ ਅਰਜੁਨੁ ਪੁਰਖੁ ਪ੍ਰਮਾਣੁ, ਪਾਰਥਉ ਚਲੈ ਨਾਹੀ ।।
ਨੇਜਾ ਨਾਮ ਨੀਸਾਣੁ, ਸਤਿਗੁਰ ਸਬਦਿ ਸਵਾਰਿਅਉ ।।

(ਪੰਨਾ-੧੪੦੮)

ਅਰਥ :- ਗੁਰੂ ਅਰਜੁਨ ਅਕਾਲ ਪੁਰਖ ਦਾ ਰੂਪ ਹੈ (ਸ੍ਰੀ ਕ੍ਰਿਸ਼ਨ ਦੇ ਸਮੇਂ ਹੋਏ) ਅਰਜੁਨ ਵਾਂਗ ਆਪ ਕਦੇ ਘਬਰਾਉਣ ਵਾਲੇ ਨਹੀ ਹਨ । ਨਾਮ ਦਾ ਪ੍ਰਕਾਸ਼ ਆਪ ਦਾ ਨੇਜ਼ਾ ਹੈ, ਗੁਰੂ ਦੇ ਸ਼ਬਦ ਨੇ ਆਪ ਨੂੰ ਸੁਹਣਾ ਬਣਾਇਆ ਹੋਇਆ ਹੈ ।

ਧਰਨਿ ਗਗਨ ਨਵਖੰਡ ਮਹਿ, ਜੋਤਿ ਸ੍ਵਰੂਪੀ ਰਹਿਓ ਭਰਿ ।।
ਭਨਿ ਮਥੁਰਾ, ਕਛੁ ਭੇਦੁ ਨਹੀ, ਗੁਰੁ ਅਰਜੁਨੁ ਪਰਤਖ੍ਯ ਹਰਿ ।।

(ਪੰਨਾ-੧੪੦੯)

ਅਰਥ :- ਗੁਰੂ ਅਰਜੁਨ ਹੀ ਜੋਤਿ ਰੂਪ ਹੋ ਕੇ ਧਰਤੀ ਅਕਾਸ਼ ਤੇ ਨੌ-ਖੰਡਾਂ ਵਿੱਚ ਵਿਆਪ ਰਿਹਾ ਹੈ । ਹੇ ਮਥੁਰਾ ! ਇੰਝ ਆਖ ਕਿ ਗੁਰੂ ਅਰਜੁਨ ਸਾਖਿਆਤ (ਪਰਗਟ) ਅਕਾਲ ਪੁਰਖ ਹੈ - ਪ੍ਰਭੂ ਤੇ ਉਸ ਵਿੱਚ ਕੋਈ ਭੇਦ ਨਹੀਂ ।

(ੲ) ਗੁਰੂ ਅਰਜਨ ਦੇਵ ਜੀ ਵਿੱਚ ਗੁਰੂ ਨਾਨਕ ਦੇਵ ਦੀ ਹੀ ਜੋਤਿ ਹੈ :

ਗੁਰੁ ਨਾਨਕੁ ਸਚੁ ਨੀਵ ਸਾਜਿ, ਸਤਿਗੁਰ ਸੰਗਿ ਲੀਣਾ ।।
ਗੁਰੁ ਅਰਜੁਨੁ ਘਰਿ ਗੁਰ ਰਾਮਦਾਸ, ਅਪਰੰਪਰੁ ਬੀਣਾ ।।

(ਪੰਨਾ-੧੪੦੭)

ਅਰਥ :- ਗੁਰੂ ਨਾਨਕ ਦੇਵ ਆਪ 'ਸਚ-ਰੂਪ' ਨੀਹ ਉਸਾਰ ਕੇ ਗੁਰੂ ਅਰਜੁਨ ਦੇਵ ਜੀ ਵਿੱਚ ਲੀਨ ਹੋ ਗਿਆ ਹੈ । ਗੁਰੂ ਰਾਮਦਾਸ ਜੀ ਦੇ ਘਰ ਵਿੱਚ ਗੁਰੂ ਅਰਜੁਨ ਦੇਵ ਅਪਰੰਪਰ ਰੂਪ ਬਣਿਆ ਹੋਇਆ ਹੈ ।

ਜੋਤਿ ਰੂਪਿ ਹਰਿ ਆਪਿ, ਗੁਰੂ ਨਾਨਕੁ ਕਹਾਯਉ ।।
ਤਾ ਤੇ ਅੰਗਦੁ ਭਯਉ, ਤਤ ਸਿਉ ਤਤੁ ਮਿਲਾਯਉ ।
ਅੰਗਦਿ ਕਿਰਪਾ ਧਾਰਿ, ਅਮਰੁ ਸਤਿਗੁਰੁ ਥਿਰੁ ਕੀਅਉ ।।

ਅਮਰਦਾਸਿ ਅਮਰਤ ਛਤ੍ਰ, ਗੁਰ ਰਾਮਹਿ ਦੀਅਉ ॥
ਗੁਰ ਰਾਮਦਾਸ ਦਰਸਨੁ ਪਰਸਿ, ਕਹਿ ਮਥੁਰਾ ਅੰਮ੍ਰਿਤ ਬਯਣ ॥
ਮੂਰਤਿ ਪੰਚ ਪ੍ਰਮਾਣ ਪੁਰਖੁ, ਗੁਰੁ ਅਰਜੁਨੁ ਪਿਖਹੁ ਨਯਣ ॥੧॥

(ਪੰਨਾ-੧੪੦੮)

ਅਰਥ :- ਪ੍ਰਕਾਸ਼ ਰੂਪ ਹਰੀ ਨੇ ਆਪਣੇ ਆਪ ਨੂੰ ਗੁਰੂ ਨਾਨਕ ਅਖਵਾਇਆ। ਉਸ ਤੋਂ ਗੁਰੂ ਅੰਗਦ ਪ੍ਰਗਟ ਹੋਇਆ, ਗੁਰੂ ਨਾਨਕ ਦੇਵ ਜੀ ਦੀ ਜੋਤਿ ਗੁਰੂ ਅੰਗਦ ਦੇਵ ਜੀ ਦੀ ਜੋਤਿ ਨਾਲ ਮਿਲ ਗਈ । ਗੁਰੂ ਅੰਗਦ ਜੀ ਨੇ ਕਿਰਪਾ ਕਰ ਕੇ ਅਮਰਦਾਸ ਜੀ ਨੂੰ ਗੁਰੂ ਥਾਪਿਆ। ਗੁਰੂ ਅਮਰਦਾਸ ਜੀ ਨੇ ਆਪਣੇ ਵਾਲਾ ਛੱਤ੍ਰ ਗੁਰੂ ਰਾਮਦਾਸ ਜੀ ਨੂੰ ਦੇ ਦਿਤਾ । ਮਥੁਰਾ ਆਖਦਾ ਹੈ - ਗੁਰੂ ਰਾਮਦਾਸ ਜੀ ਦਾ ਦਰਸ਼ਨ ਕਰ ਕੇ (ਗੁਰੂ ਅਰਜੁਨ ਦੇਵ ਜੀ ਦੇ) ਬਚਨ ਆਤਮਕ ਜੀਵਨ ਵਾਲੇ ਹੋ ਗਏ ਹਨ । (ਗੁਰੂ ਨਾਨਕ ਦੇਵ ਜੀ ਦੇ ) ਪੰਜਵੇਂ ਸਰੂਪ, ਅਕਾਲ ਪੁਰਖ ਰੂਪ, ਗੁਰੂ ਅਰਜੁਨ ਦੇਵ ਜੀ ਨੂੰ ਅੱਖਾਂ ਨਾਲ ਵੇਖੋ ।

(ਸ) ਗੁਰੂ ਜੀ ਦੁੱਖਾਂ ਨੂੰ ਦੂਰ ਕਰਨ ਵਾਲੇ ਤੇ ਪਰਾਈ ਪੀੜ ਹਰਨ ਵਾਲੇ ਹਨ :

ਭਯ ਭੰਜਨੁ, ਪਰ ਪੀਰ ਨਿਵਾਰਨੁ, ਕਲ੍ਯ੍ਯਸਹਾਰੁ ਤੋਹਿ ਜਸੁ ਬਕਤਾ ॥
ਕੁਲਿ ਸੋਢੀ, ਗੁਰ ਰਾਮਦਾਸ ਤਨੁ, ਧਰਮ ਧੁਜਾ,
ਅਰਜੁਨੁ ਹਰਿ ਭਗਤਾ ॥੬॥ (ਪੰਨਾ-੧੪੦੭)

ਅਰਥ : ਹੇ ਗੁਰੂ ਅਰਜੁਨ ਜੀ ! ਤੂੰ ਭੈ ਦੂਰ ਕਰਨ ਵਾਲਾ, ਪਰਾਈ ਪੀੜ ਹਰਨ ਵਾਲਾ ਹੈਂ, ਕਵੀ ਕਲ੍ਯਸਹਾਰ ਤੇਰਾ ਜਸ ਆਖਦਾ ਹੈ । ਗੁਰੂ ਅਰਜੁਨ ਸਾਹਿਬ ਗੁਰੂ ਰਾਮਦਾਸ ਜੀ ਦਾ ਪੁੱਤਰ, ਸੋਢੀ ਕੁਲ ਵਿੱਚ ਧਰਮ ਦੇ ਝੰਡੇ ਵਾਲਾ, ਹਰੀ ਦਾ ਭਗਤ ਹੈ ।

ਧ੍ਰੰਮ ਧੀਰ, ਗੁਰਮਤਿ ਗਭੀਰੁ, ਪਰ ਦੁਖ ਬਿਸਾਰਣੁ ॥
ਸਬਦ ਸਾਰੁ, ਹਰਿ ਸਮ ਉਦਾਰੁ । ਅਹੰਮੇਵ ਨਿਵਾਰਣੁ ॥ (ਪੰਨਾ-੧੪੦੭)

ਅਰਥ : ਗੁਰੂ ਅਰਜੁਨ ਦੇਵ ਜੀ ਨੇ ਧੀਰਜ ਨੂੰ ਆਪਣਾ ਧਰਮ ਬਣਾਇਆ ਹੈ, (ਗੁਰੂ ਅਰਜੁਨ) ਗੁਰਮਤਿ ਵਿੱਚ ਡੂੰਘਾ ਹੈ, ਪਰਾਏ ਦੁੱਖ ਦੂਰ ਕਰਨ ਵਾਲਾ ਹੈ, ਸ੍ਰੇਸ਼ਟ ਸ਼ਬਦ ਵਾਲਾ ਹੈ, ਹਰਿ ਵਰਗਾ ਉਦਾਰਚਿਤ ਹੈ ਅਤੇ ਹਉਮੈ ਨੂੰ ਦੂਰ ਕਰਦਾ ਹੈ ॥

(ਹ) ਗੁਰੂ ਜੀ ਰਾਜ-ਯੋਗੀ ਹਨ :

ਗੁਰ ਰਾਮਦਾਸ ਤਨੁ ਸਰਬ ਮੈ ਸਹਜਿ ਚੰਦੋਆ ਤਾਣਿਅਉ ॥
ਗੁਰ ਅਰਜੁਨ ਕਲੁਚਰੈ ਤੈ ਰਾਜ ਜੋਗ ਰਸੁ ਜਾਣਿਅਉ ॥ (ਪੰਨਾ-੧੪੦੭)

ਅਰਥ : ਗੁਰੂ ਰਾਮਦਾਸ ਜੀ ਦਾ ਸਪੁਤਰ (ਗੁਰੂ ਅਰਜੁਨ ਜੀ) ਸਰਬ-ਵਿਆਪਕ (ਹਰੀ ਦਾ ਰੂਪ) ਹੈ, ਆਪਣੇ ਆਤਮਕ ਅਡੋਲਤਾ ਵਿੱਚ ਚੰਦੋਆ ਤਾਣਿਆ ਹੋਇਆ ਹੈ (ਭਾਵ ਆਪ ਸਹਜ-ਰੰਗ ਵਿੱਚ ਆਨੰਦ ਲੈ ਰਹੇ ਹਨ) । ਕਲ੍ਹ ਕਵੀ ਆਖਦਾ ਹੈ - ਹੇ ਗੁਰੂ ਅਰਜੁਨ ਦੇਵ ! ਤੂੰ ਰਾਜ ਅਤੇ ਯੋਗ ਦਾ ਆਨੰਦ ਸਮਝ ਲਿਆ ਹੈ (ਮਾਣ ਰਿਹਾ ਹੈਂ)

ਗੁਰ ਪਰਚੈ ਪਰਵਾਣੁ, ਰਾਜ ਮਹਿ ਜੋਗੁ ਕਮਾਯਉ ॥
ਧੰਨਿ ਧੰਨਿ ਗੁਰੁ ਧੰਨਿ, ਅਭਰ ਸਰ ਸੁਭਰ ਭਰਾਯਉ ॥ (ਪੰਨਾ-੧੪੦੮)

**ਅਰਥ** : ਗੁਰੂ ਦੇ ਉਪਦੇਸ਼ ਕਾਰਨ ਆਪ ਪ੍ਰਭੂ ਦੀ ਹਜ਼ੂਰੀ ਵਿੱਚ ਕਬੂਲ ਹੋ ਗਏ ਹੋ, ਆਪ ਨੇ ਰਾਜ-ਯੋਗ ਕਮਾਇਆ ਹੈ । ਗੁਰੂ ਅਰਜੁਨ ਦੇਵ ਧੰਨ ਹੈ । ਖਾਲੀ ਹਿਰਦਿਆਂ ਨੂੰ ਆਪ ਨੇ (ਨਾਮ-ਅੰਮ੍ਰਿਤ ਨਾਲ) ਨਕਾ-ਨਕ ਭਰ ਦਿਤਾ ਹੈ ।

**(ਕ) ਗੁਰੂ ਜੀ ਉਚੇ ਆਤਮਕ ਗੁਣਾ ਵਾਲੇ ਹਨ / ਪ੍ਰਭੂ –ਗੁਣਾ ਦੇ ਧਾਰਨੀ ਹਨ :**

**ਖੇਲੁ ਗੂੜ੍ਹਉ ਕੀਅਉ ਹਰਿ ਰਾਇ, ਸੰਤੋਖਿ ਸਮਾਚਰ੍ਯਿਓ ।**
**ਬਿਮਲ ਬੁਧਿ ਸਤਿਗੁਰਿ ਸਮਾਣਉ ।।**
**ਆਜੋਨੀ ਸੰਭਵਿਅਉ, ਸੁਜਸੁ ਕਲ੍ਯ ਕਵੀਅਣਿ ਬਖਾਣਿਅਉ ।।**

(ਪੰਨਾ-੧੪੦੭)

**ਅਰਥ** :- ਅਕਾਲ ਪੁਰਖ ਨੇ ਅਸਚਰਜ ਖੇਡ ਰਚੀ ਹੈ ਕਿ ਗੁਰੂ ਅਰਜੁਨ ਸੰਤੋਖ ਵਿੱਚ ਵਿਚਰ ਰਿਹਾ ਹੈ । ਨਿਰਮਲ ਬੁੱਧੀ ਗੁਰੂ ਜੀ ਵਿੱਚ ਸਮਾਈ ਹੋਈ ਹੈ । ਆਪ ਜੂਨਾਂ ਤੋਂ ਰਹਤ ਤੇ ਸੁਤੇ-ਪ੍ਰਕਾਸ਼ ਹਰੀ ਦਾ ਰੂਪ ਹਨ । ਕਲ੍ਯ ਆਦਿਕ ਕਵੀਆਂ ਨੇ ਆਪ ਦਾ ਸੁੰਦਰ ਜੱਸ ਉਚਾਰਿਆ ਹੈ ।

**ਸਦ ਜੀਵਣੁ ਅਰਜੁਨੁ ਅਮੋਲੁ ਆਜੋਨੀ ਸੰਭਉ ।।**
**ਭਯ ਭੰਜਨੁ ਪਰਦੁਖ ਨਿਵਾਰੁ ਅਪਾਰੁ ਅਨੰਭਉ ।।** (ਪੰਨਾ-੧੪੦੭)

**ਅਰਥ** :ਗੁਰੂ ਅਰਜੁਨ ਸਦ-ਜੀਵੀ ਹੈ, ਆਪ ਦਾ ਮੁੱਲ ਨਹੀ ਪੈ ਸਕਦਾ, ਆਪ ਜੂਨਾਂ ਤੋਂ ਰਹਿਤ ਤੇ ਸੁਤੇ ਪ੍ਰਕਾਸ਼ ਹਰੀ ਦਾ ਰੂਪ ਹਨ । (ਗੁਰੂ ਅਰਜੁਨ) ਭੈ ਦੂਰ ਕਰਨ ਵਾਲਾ, ਪਰਾਏ ਦੁਖ ਹਰਨ ਵਾਲਾ, ਬੇਅੰਤ ਤੇ ਗਿਆਨ-ਸਰੂਪ ਹੈ ।

**ਅਮਿਉ ਰਸਨਾ, ਬਦਨਿ ਬਰ ਦਾਤਿ, ਅਲਖ ਅਪਾਰ ਗੁਰ ਸੂਰ,**
**ਸਬਦਿ ਹਉਮੈ ਨਿਵਾਰ੍ਯਉ ।।**
**ਪੰਚਾਹਰੁ ਨਿਦਲਿਅਉ, ਸੁੰਨ ਸਹਜਿ ਨਿਜ ਘਰਿ ਸਹਾਰ੍ਯਉ ।।**

(ਪੰਨਾ-੧੪੦੮)

**ਅਰਥ** : ਹੇ ਅੱਲਖ ! ਹੇ ਅਪਾਰ ! ਹੇ ਸੂਰਮੇ ਗੁਰੂ ! ਆਪ ਜੀਭ ਨਾਲ ਅੰਮ੍ਰਿਤ ਵਰਸਾਉਂਦੇ ਹੋ ਅਤੇ ਮੂੰਹੋਂ ਵਰ ਦੀ ਬਖਸ਼ੀਸ਼ ਕਰਦੇ ਹੋ । ਸ਼ਬਦ ਦੁਆਰਾ ਆਪ ਨੇ ਹਉਮੈ ਦੂਰ ਕੀਤੀ ਹੈ । ਅਗਿਆਨ ਨੂੰ ਆਪ ਨੇ ਨਾਸ ਕਰ ਦਿਤਾ ਹੈ ਅਤੇ ਆਤਮਕ ਅਡੋਲਤਾ ਦੇ ਰਾਹੀ ਅਫੁਰ ਨਿਰੰਕਾਰ ਨੂੰ ਆਪਣੇ ਹਿਰਦੇ ਵਿੱਚ ਟਿਕਾਇਆ ਹੈ।

**(ਖ) ਗੁਰੂ ਜੀ ਜਗਤ ਨੂੰ ਤਾਰਨ ਵਾਲੇ ਹਨ :**

**ਭਨਿ ਮਥੁਰਾ, ਮੂਰਤਿ ਸਦਾ ਥਿਰੁ ਲਾਇ ਚਿਤੁ ਸਨਮੁਖ ਰਹਹੁ ।।**
**ਕਲਜੁਗਿ ਜਹਾਜੁ, ਅਰਜੁਨੁ ਗੁਰੂ,**
**ਸਗਲ ਸ੍ਰਿਸ੍ਟਿ ਲਗਿ ਬਿਤਰਹੁ ।।** (ਪੰਨਾ-੧੪੦੮)

**ਅਰਥ** :- ਹੇ ਮਥੁਰਾ ! ਇੰਝ ਆਖ ਕੇ ਗੁਰੂ ਅਰਜੁਨ ਦੇਵ ਜੀ ਦੇ ਸਰੂਪ ਵਿੱਚ ਮਨ ਭਲੀ ਪ੍ਰਕਾਰ ਜੋੜ ਕੇ ਸਨਮੁਖ ਰਹੋ । ਗੁਰੂ ਅਰਜੁਨ ਕਲਜੁਗ ਵਿਚ ਜਹਾਜ ਹੈ । ਹੇ

ਦੁਨੀਆਂ ਦੇ ਲੋਕੋ ! ਉਸ ਦੀ ਚਰਨੀ ਲੱਗ ਕੇ ਸੰਸਾਰ ਸਾਗਰ ਤੋਂ ਸਹੀ ਸਲਾਮਤ ਪਾਰ ਲੰਘੋ ॥

**ਮਥੁਰਾ ਜਨ ਕੋ ਪ੍ਰਭੁ ਦੀਨ ਦਯਾਲੁ ਹੈ, ਸੰਗਤਿ ਸ੍ਰਿਸ੍ਟਿ ਨਿਹਾਲੁ ਕਰੀ ।**
**ਰਾਮਦਾਸਿ ਗੁਰੂ, ਜਗ ਤਾਰਨ ਕਉ, ਗੁਰ ਜੋਤਿ, ਅਰਜੁਨ ਮਾਹਿ ਧਰੀ ॥**

(ਪੰਨਾ-੧੪੦੯)

**ਅਰਥ** : ਦਾਸ ਮਥੁਰਾ ਦਾ ਪ੍ਰਭੂ (ਗੁਰੂ ਅਰਜਨ) ਦੀਨਾਂ ਉਤੇ ਦਇਆ ਕਰਨ ਵਾਲਾ ਹੈ । ਆਪ ਨੇ ਸੰਗਤ ਨੂੰ ਤੇ ਸ੍ਰਿਸ਼ਟੀ ਨੂੰ ਨਿਹਾਲ ਕੀਤਾ ਹੈ । ਗੁਰੂ ਰਾਮਦਾਸ ਜੀ ਨੇ ਜਗਤ ਨੂੰ ਤਾਰਨ ਲਈ ਗੁਰੂ ਵਾਲੀ ਜੋਤਿ ਗੁਰੂ ਅਰਜਨ ਵਿੱਚ ਰੱਖ ਦਿੱਤੀ ਹੈ ।

**ਤਤੁ ਬਿਚਾਰੁ ਯਹੈ, ਮਥੁਰਾ, ਜਗ ਤਾਰਨ ਕਉ, ਅਵਤਾਰੁ ਬਨਾਯਉ ॥**
**ਜਪ੍ਯਉ ਜਿਨ੍ ਅਰਜੁਨ ਦੇਵ ਗੁਰੂ, ਫਿਰਿ ਸੰਕਟ ਜੋਨਿ ਗਰਭ ਨ ਆਯਉ ।**

(ਪੰਨਾ-੧੪੦੯)

**ਅਰਥ** :- ਹੇ ਮਥੁਰਾ ! ਸੱਚੀ ਵਿਚਾਰ ਇਹ ਹੈ ਕਿ ਜਗਤ ਨੂੰ ਤਾਰਨ ਲਈ ਹਰੀ ਨੇ ਗੁਰੂ ਅਰਜੁਨ ਅਵਤਾਰ ਬਣਾਇਆ ਹੈ । ਜਿੰਨ੍ਹਾਂ ਨੇ ਗੁਰੂ ਅਰਜੁਨ ਦੇਵ ਜੀ ਨੂੰ ਜਪਿਆ ਹੈ, ਉਹ ਦੁਬਾਰਾ ਗਰਭ ਜੂਨ ਦੇ ਦੁੱਖਾਂ ਵਿੱਚ ਨਹੀਂ ਆਏ ।

# ਗੁਰਿਆਈ ਦੇ ਪਹਿਲੇ ਅੱਠ ਸਾਲ

ਗੁਰੂ ਰਾਮਦਾਸ ਜੀ ਦੇ ਜੋਤੀ ਜੋਤਿ ਸਮਾਉਣ ਮਗਰੋਂ, ਦਸਤਾਬੰਦੀ ਦੀ ਰਸਮ ਮੁਕਾ ਕੇ ਗੁਰੂ ਅਰਜਨ ਦੇਵ ਜੀ ਗੋਇੰਦਵਾਲ ਤੋਂ ਮੁੜ ਅੰਮ੍ਰਿਤਸਰ ਆ ਗਏ । ਆਪ ਜੀ ਦੇ ਮਨ ਵਿੱਚ ਨਗਰ ਦੀ ਉਸਾਰੀ ਦੇ ਕੰਮ ਵਿੱਚ ਤੇਜ਼ੀ ਲਿਆਕੇ ਇਸਨੂੰ ਸੰਪੂਰਨ ਕਰਨ ਦਾ ਵਿਚਾਰ ਸੀ । ਨਗਰ ਦੀ ਉਸਾਰੀ ਤਾਂ ਚਲ ਹੀ ਰਹੀ ਸੀ ਅਤੇ ਬਾਬਾ ਪ੍ਰਿਥੀ ਚੰਦ ਦੀ ਨਿਗਰਾਨੀ ਹੇਠ ਸਾਰਾ ਕੰਮ ਹੋ ਰਿਹਾ ਸੀ, ਪਰ ਦਸਤਾਰਬੰਦੀ ਸਮੇਂ ਪ੍ਰਿਥੀ ਚੰਦ ਦੇ ਵਤੀਰੇ ਨੇ ਇਹ ਸਿੱਧ ਕਰ ਦਿੱਤਾ ਸੀ ਕਿ ਉਹ ਗੁਰੂ-ਦਰਬਾਰ ਦੇ ਕੰਮਾਂ ਵਿੱਚ ਸਹਿਯੋਗ ਨਹੀਂ ਦੇਣਗੇ ।

**ਨਿਤ ਦੀ ਕਾਰ** :- ਗੁਰੂ ਅਰਜੁਨ ਦੇਵ ਜੀ ਨੇ ਸ੍ਰੀ ਅੰਮ੍ਰਿਤਸਰ ਵਿੱਚ ਗੁਰੂ-ਦਰਬਾਰ ਦੀ ਅਤੇ ਨਿਤ ਦੀ ਮਰਯਾਦਾ ਗੁਰੂ ਰਾਮਦਾਸ ਜੀ ਵਾਲੀ ਹੀ ਰੱਖੀ । ਆਪ ਪਹਿਰ ਰਾਤ ਰਹਿੰਦੀ ਜਾਗਦੇ । ਇਸ਼ਨਾਨ ਕਰਕੇ ਪ੍ਰਭੂ ਭਗਤੀ ਵਿੱਚ ਲੀਨ ਹੋ ਜਾਂਦੇ । ਫਿਰ ਸਾਧ ਸੰਗਤ ਵਿੱਚ ਆ ਜਾਂਦੇ, ਜਿਥੇ ਰਬਾਬੀ ਆਸਾ ਦੀ ਵਾਰ ਦਾ ਕੀਰਤਨ ਕਰ ਰਹੇ ਹੁੰਦੇ । ਆਪ ਕੀਰਤਨ ਸੁਣਦੇ ਤੇ ਕਈ ਵਾਰ ਆਪ ਸਿਰੰਦਾ ਲੈ ਕੇ ਕੀਰਤਨ ਕਰਨ ਲਗ ਪੈਂਦੇ । ਆਪ ਜੀ ਉਪਦੇਸ਼ ਦਿਆ ਕਰਦੇ ਸਨ ਕਿ ਕੀਰਤਨ ਪ੍ਰਭੂ ਨਾਲ ਜੋੜਦਾ ਹੈ ਤੇ ਵਿਸ਼ੇ-ਵਿਕਾਰਾਂ ਤੋਂ ਬਚਾਈ ਰਖਦਾ ਹੈ । ਇਸ ਨਾਲ ਚਿਤ ਵਿੱਚ ਭਗਤੀ ਉਪਜਦੀ ਹੈ ਤੇ ਨਾਮ-ਅੰਮ੍ਰਿਤ ਦੀ ਪ੍ਰਾਪਤੀ ਹੁੰਦੀ ਹੈ ।

ਕੀਰਤਨ ਦੀ ਸਮਾਪਤੀ ਤੇ ਤਖਤ ਤੇ ਬਿਰਾਜਮਾਨ ਹੋ ਕੇ ਬਚਨ-ਬਿਲਾਸ ਕਰਦੇ। ਸੰਗਤਾਂ ਨੂੰ ਉਪਦੇਸ਼ ਕਰਦੇ, ਗੁਰਮਤਿ ਦ੍ਰਿੜਾਉਂਦੇ ਤੇ ਸਿੱਖਾਂ ਦੇ ਸ਼ੰਕੇ ਨਿਵਾਰਨ ਕਰਦੇ। ਉਪਦੇਸ਼ ਕਰਦਿਆਂ ਚੰਗਾ ਦਿਨ ਚੜ੍ਹ ਜਾਂਦਾ ਤੇ ਬਿਲਾਵਲ ਦੀ ਚੌਂਕੀ ਲਗ ਜਾਂਦੀ । ਆਪ ਜੀ ਲੰਗਰ ਵਿੱਚ ਆ ਜਾਂਦੇ, ਸੰਗਤਾਂ ਦੀ ਸੇਵਾ ਕਰਦੇ ਤੇ ਸਭ ਨੂੰ ਛਾਹ ਵੇਲਾ ਛਕਾਉਂਦੇ। ਇਥੋਂ ਵਿਹਲੇ ਹੋ ਕੇ ਉਸਾਰੀ ਦੇ ਕੰਮਾਂ ਵਿੱਚ ਜੁਟ ਜਾਂਦੇ । ਦੁਖ ਭੰਜਨੀ ਲਾਗੇ ਆ ਕੇ ਬੈਠ ਜਾਂਦੇ ਤੇ ਹਿਦਾਇਤਾਂ ਦਿੰਦੇ ਰਹਿੰਦੇ ।

ਦੁਪਹਿਰ ਸਮੇਂ ਲੰਗਰ ਵਿੱਚ ਪੁੱਜਦੇ । ਜਦ ਸਭ ਪ੍ਰਸ਼ਾਦ ਛਕ ਚੁਕਦੇ ਤਾਂ ਆਪ ਪ੍ਰਸ਼ਾਦ ਛਕਦੇ । ਕੁਝ ਸਮਾਂ ਆਰਾਮ ਕਰਕੇ ਫਿਰ ਉਸਾਰੀ ਕੇ ਕੰਮ ਦੇਖਣ ਚਲੇ ਜਾਂਦੇ । ਸ਼ਾਮ ਨੂੰ ਦੀਵਾਨ ਵਿੱਚ ਪਧਾਰਦੇ । ਇਸ ਦੀਵਾਨ ਵਿੱਚ ਵਿਚਾਰਵਾਨ ਵਿਦਵਾਨ ਸੰਗਤਾਂ ਵਿੱਚ ਗੁਰਮਤਿ ਵਿਚਾਰਧਾਰਾ ਦੇ ਵੱਖ ਵੱਖ ਅੰਗਾਂ ਬਾਰੇ ਰੋਸ਼ਨੀ ਪਾਉਂਦੇ ਸਨ । ਗੁਰੂ ਜੀ ਉਨ੍ਹਾਂ ਦੇ ਵਿਚਾਰਾਂ ਨੂੰ ਸੁਣਦੇ ਅਤੇ ਜਿਥੇ-ਕਿਤੇ ਲੋੜ ਪੈਂਦੀ ਆਪਣੇ ਬਚਨਾਂ ਨਾਲ ਗੱਲ ਨੂੰ ਵਿਸਥਾਰ ਨਾਲ ਸਮਝਾਉਂਦੇ । ਫਿਰ ਆਪ ਸੈਰ ਕਰਨ ਚਲੇ ਜਾਂਦੇ । ਵਾਪਸ ਆਉਂਦੇ ਤਾਂ ਸੋ ਦਰੁ ਦੀ ਚੌਂਕੀ ਲਗਦੀ ਤੇ ਸੋਹਿਲੇ ਦੇ ਪਾਠ ਮਗਰੋਂ ਰਾਤ ਆਰਾਮ ਕਰਨ ਲਈ ਨਿਜ ਅਸਥਾਨ ਤੇ ਚਲੇ ਜਾਂਦੇ ।

**ਗੁਰੂ–ਘਰ ਦੀ ਨਾਕਾਬੰਦੀ** : ਪ੍ਰਿਥੀ ਗੁਰੂ ਅਰਜੁਨ ਦੇਵ ਜੀ ਦੀ ਚੜ੍ਹਦੀ ਕਲਾ ਨੂੰ ਵੇਖ ਕੇ ਬਹੁਤ ਪ੍ਰੇਸ਼ਾਨ ਸੀ, ਕਿਉਂਕਿ ਉਹ ਤਾਂ ਆਪ ਗੁਰੂ ਬਣਨਾ ਚਾਹੁੰਦਾ ਸੀ । ਉਸਨੇ ਸੋਚਿਆ ਕਿ ਜੇ ਗੁਰੂ-ਦਰਬਾਰ ਨੂੰ ਆਰਥਕ ਪੱਖੋਂ ਸੱਟ ਮਾਰੀ ਜਾਵੇ ਤਾਂ ਤਾਂ

ਅਰਜੁਨ ਦੇਵ ਜੀ ਘਬਰਾ ਜਾਣਗੇ ਅਤੇ ਉਹ ਆਪਣੇ ਹਿਮਾਇਤੀ ਮਸੰਦਾਂ ਦੀ ਸਹਾਇਤਾ ਨਾਲ ਗੁਰੂ ਗੱਦੀ ਤੇ ਕਬਜ਼ਾ ਕਰ ਲਵੇਗਾ । ਉਸਨੇ ਸ਼ਹਿਰ ਦੀ ਚੁੰਗੀ ਦੀ ਆਮਦਨ ਆਪਣੇ ਕਬਜ਼ੇ ਵਿੱਚ ਕਰਨੀ ਆਰੰਭ ਕਰ ਦਿੱਤੀ । ਸਿੱਖੀ ਦੀ ਲਹਿਰ ਨੂੰ ਨੁਕਸਾਨ ਪਹੁੰਚਾਣ ਵਾਲੇ ਜਾਤਿ-ਅਭਿਮਾਨੀ ਬ੍ਰਾਹਮਣਾਂ ਨੇ ਵੀ ਉਸਨੂੰ ਉਕਸਾਉਣਾ ਸ਼ੁਰੂ ਕਰ ਦਿੱਤਾ । ਉਨ੍ਹਾਂ ਨੇ ਬੀਰਬਲ ਦੀ ਸਹਾਇਤਾ ਲਈ, ਜੋ ਆਗਰੇ ਤੋਂ ਅਕਬਰ ਦੇ ਨਾਲ ਲਾਹੌਰ ਆਇਆ ਹੋਇਆ ਸੀ । ਬੀਰਬਲ ਨੇ ਪ੍ਰਿਥੀ ਚੰਦ ਨੂੰ ਹੱਲਾਸ਼ੇਰੀ ਦਿੱਤੀ ਤੇ ਸਰਕਾਰੀ ਅਸਰ-ਰਸੂਖ ਦਾ ਭਰੋਸਾ ਦਿੱਤਾ । ਉਧਰ ਪ੍ਰਿਥੀ ਚੰਦ ਦੇ ਮਸੰਦ ਸ਼ਹਿਰ ਦੇ ਬਾਹਰ ਹੀ ਡੇਰੇ ਲਾ ਲੈਂਦੇ ਅਤੇ ਆਉਣ ਵਾਲੀਆਂ ਸੰਗਤਾਂ ਤੋਂ ਕਾਰ-ਭੇਟਾ ਲੈ ਕੇ ਪ੍ਰਿਥੀ ਚੰਦ ਦੇ ਡੇਰੇ ਪੁਚਾ ਦਿੰਦੇ । ਸੰਗਤਾਂ ਗੁਰ-ਦਰਬਾਰ ਵਿੱਚ ਪੁੱਜ ਜਾਂਦੀਆਂ ਤੇ ਉਥੇ ਲੰਗਰ ਛਕਦੀਆਂ । ਗੁਰੂ ਘਰ ਦੀ ਆਮਦਨ ਘਟਦੀ ਘਟਦੀ ਲਗਪਗ ਬੰਦ ਹੋ ਗਈ ਤੇ ਖਰਚ ਉਵੇਂ ਹੀ ਜਾਰੀ ਰਹੇ । ਇੰਝ ਗੁਰੂ ਘਰ ਦੀ ਆਰਥਿਕਤਾ ਨੂੰ ਕਰਾਰੀ ਸੱਟ ਵੱਜੀ । ਹੌਲੀ ਹੌਲੀ ਲੰਗਰ ਮਸਤਾਨਾ ਹੋ ਗਿਆ । ਕਈ ਵਾਰ ਲੰਗਰ ਇੱਕ ਡੰਗ ਹੀ ਛਕਾਇਆ ਜਾਂਦਾ । ਉਹ ਲੰਗਰ ਜਿਸ ਵਿੱਚ ਕਦੇ ਘਿਓ ਵਾਲੀ ਖੀਰ ਵਰਗੇ ਉਤਮ ਪਦਾਰਥ ਵਰਤਾਏ ਜਾਂਦੇ ਸਨ, ਉਸ ਵਿੱਚ ਹੁਣ ਕੇਵਲ ਛੋਲਿਆਂ ਦੀ ਰੋਟੀ ਹੀ ਮਿਲਦੀ। ਲੰਗਰ ਨੂੰ ਚਲਦਾ ਰੱਖਣ ਲਈ, ਪ੍ਰਿੰਸੀਪਲ ਸਤਿਬੀਰ ਸਿੰਘ ਦੇ ਅਨੁਸਾਰ, ਗੁਰੂ ਜੀ ਨੇ ਪਹਿਲਾਂ ਆਪਣੀ ਪਤਨੀ ਗੰਗਾ ਦੇਵੀ ਜੀ ਦੇ ਜ਼ੇਵਰ ਵੇਚੇ, ਫਿਰ ਘਰ ਦਾ ਸਾਮਾਨ ਅਤੇ ਆਪ ਜੀ ਨੇ ਗੋਇੰਦਵਾਲ ਤੋਂ ਬਾਬਾ ਮੋਹਨ ਜੀ ਤੇ ਮੋਹਰੀ ਜੀ ਤੋਂ ਕੁਝ ਮਾਇਆ ਵੀ ਮੰਗਵਾਈ *। ਰੋਜ਼ਾਨਾ ਖਰਚੇ ਇਸ ਨਾਲ ਭਲਾ ਕਿਥੇ ਚਲਣੇ ਸਨ ? ਸ਼ਹਿਰ ਦੀ ਉਸਾਰੀ ਵੀ ਰੁਕ ਗਈ ।

**ਭਾਈ ਬਲਵੰਡ ਤੇ ਸੱਤਾ ਦਾ ਰੁਸੇਵਾਂ :** ਭਾਈ ਬਲਵੰਡ ਤੇ ਭਾਈ ਸੱਤਾ ਦੋਵੇਂ ਭਰਾ ਗੁਰੂ ਅਰਜੁਨ ਦੇਵ ਜੀ ਦੇ ਦਰਬਾਰ ਵਿੱਚ ਕੀਰਤਨ ਕਰਿਆ ਕਰਦੇ ਸਨ। ਕੀਰਤਨ ਹੀ ਇਨ੍ਹਾਂ ਦੀ ਰੋਜ਼ੀ-ਰੋਟੀ ਦਾ ਵਸੀਲਾ ਸੀ । ਸੱਤੇ ਦੀ ਲੜਕੀ ਦੇ ਵਿਆਹ ਦਾ ਸਮਾਂ ਆ ਗਿਆ । ਉਸਨੇ ਗੁਰੂ ਜੀ ਕੋਲੋਂ ਵਿਆਹ ਲਈ ਕਾਫ਼ੀ ਤਕੜੀ ਮਾਇਆ ਮੰਗੀ । ਗੁਰੂ ਜੀ ਨੇ ਉਸਨੂੰ ਸਮਝਾਇਆ ਕਿ ਗੁਰੂ ਘਰ ਦੀ ਅਰਥਕ ਹਾਲਤ ਚੰਗੀ ਨਹੀਂ, ਲੰਗਰ ਤੱਕ ਚਲਾਉਣਾ ਵੀ ਮੁਸ਼ਕਿਲ ਹੈ, ਜਿਸ ਲਈ ਆਪ ਮੂੰਹ-ਮੰਗੀ ਮਾਇਆ ਤਾਂ ਦੇ ਨਹੀਂ ਸਕਦੇ, ਹਾਂ, ਥੋੜ੍ਹੀ ਬਹੁਤ ਸਹਾਇਤਾ ਜ਼ਰੂਰ ਕਰ ਸਕਦੇ ਹਨ ।

ਇਸ ਗੱਲ ਦਾ ਪਤਾ ਲਗਣ ਤੇ ਪ੍ਰਿਥੀ ਚੰਦ ਅਤੇ ਉਸਦੇ ਸਾਥੀ ਜਾਤਿ-ਅਭਿਮਾਨੀਆਂ ਨੇ ਭਾਈ ਸੱਤਾ ਤੇ ਬਲਵੰਡ ਨੂੰ ਉਕਸਾਇਆ ਕਿ ਜੇ ਗੁਰੂ ਭੇਟਾ ਨਹੀਂ ਦੇ ਸਕਦਾ ਤਾਂ ਫਿਰ ਉਥੇ ਕੀਰਤਨ ਕਰਨ ਦਾ ਕੀ ਲਾਭ ਹੈ ? ਜੇ ਗੁਰੂ ਨੇ ਲੋੜ ਵੇਲੇ ਕੰਮ ਨਹੀਂ ਆਉਣਾ ਤਾਂ ਕਿਸ ਵੇਲੇ ਕੰਮ ਆਉਣਾ ਹੈ ? ਤੁਸੀਂ ਕੀਰਤਨ ਕਰਨਾ ਬੰਦ ਕਰ ਦਿਓ। ਗੁਰੂ-ਦਰਬਾਰ ਦੀ ਹਾਜ਼ਰੀ ਘੱਟ ਜਾਵੇਗੀ ਤੇ ਗੁਰੂ ਤੁਹਾਡੇ ਪਿਛੇ ਪਿਛੇ ਘੁੰਮੇਗਾ । ਅਸੀਂ ਵੀ ਤਾਂ ਤੁਹਾਡੇ ਨਾਲ ਹਾਂ, ਘਬਰਾਉਣ ਦੀ ਕੋਈ ਲੋੜ ਨਹੀਂ ।

ਪ੍ਰਿਥੀ ਚੰਦ ਦੀ ਚਾਲ ਚਲ ਗਈ । ਦੋਹਾਂ ਰਬਾਬੀਆਂ ਨੇ ਗੁਰੂ-ਦਰਬਾਰ ਵਿੱਚ ਕੀਰਤਨ ਕਰਨ ਤੋਂ ਸਾਫ਼ ਇਨਕਾਰ ਕਰ ਦਿੱਤਾ ।

---

* ਮਾਲਵਾ ਪ੍ਰਕਾਸ਼ ਹਰਿ /੧੯੯੨ ਐਡੀਸ਼ਨ/ ਪੰਨਾ ੬੯

ਗੁਰੂ ਜੀ ਉਨ੍ਹਾਂ ਨੂੰ ਮਨਾਉਣ ਲਈ ਉਨ੍ਹਾਂ ਦੇ ਘਰ ਗਏ, ਪਰ ਉਹ ਤਾਂ ਸਗੋਂ ਹੋਰ ਆਕੜ ਗਏ । ਗੁਰੂ ਅਰਜੁਨ ਦੇਵ ਜੀ ਦੀ ਨਿਮ੍ਰਤਾ ਨੂੰ ਕਮਜ਼ੋਰੀ ਸਮਝ ਕੇ ਖਰ੍ਹਵੇ ਬੋਲ ਬੋਲਣ ਤੇ ਆ ਗਏ। ਕਈ ਵੱਧ ਘੱਟ ਗੱਲਾਂ ਕੀਤੀਆਂ । ਇਹ ਵੀ ਆਖ ਦਿਤਾ ਕਿ ਜੇ ਸਾਡਾ ਬਜ਼ੁਰਗ ਭਾਈ ਮਰਦਾਨਾ ਕੀਰਤਨ ਨਾ ਕਰਦਾ ਤਾਂ ਗੁਰੂ ਨਾਨਕ ਸਾਹਿਬ ਨੂੰ ਭੀ ਕਿਸੇ ਨੇ ਨਹੀਂ ਸੀ ਪੁੱਛਣਾ ।

ਗੁਰੂ ਅਰਜੁਨ ਦੇਵ ਜੀ ਹੋਰ ਤਾਂ ਸਭ ਕੁਝ ਸਹਾਰ ਸਕਦੇ ਸਨ, ਪਰ ਗੁਰੂ ਨਾਨਕ ਦੇਵ ਜੀ ਦੀ ਸ਼ਾਨ ਵਿਰੁਧ ਕੁਝ ਨਹੀਂ ਸਨ ਸੁਣ ਸਕਦੇ । ਇਸ ਲਈ ਉਨ੍ਹਾਂ ਨੇ ਸਿੱਖਾਂ ਨੂੰ ਹੁਕਮ ਕੀਤਾ ਕਿ ਆਪ ਹੀ ਕੀਰਤਨ ਕਰਿਆ ਕਰੋ ਅਤੇ ਆਪ ਜੀ ਨੇ ਸਿੱਖਾਂ ਨੂੰ ਸੱਤੇ ਬਲਵੰਡ ਪਾਸੋਂ ਕੀਰਤਨ ਸੁਣਨ ਤੋਂ ਸਖਤੀ ਨਾਲ ਵਰਜ ਦਿਤਾ । ਗੁਰੂ ਜੀ ਆਪ ਵੀ ਕੀਰਤਨ ਦੀ ਗੁੜ੍ਹਤੀ ਵਿੱਚ ਪਲੇ ਸਨ । ਆਪ ਇਕ ਨਿਪੁੰਨ ਕੀਰਤਨੀਏ ਸਨ ਅਤੇ ਸਿਰੰਦੇ ਨਾਲ ਬਹੁਤ ਚੰਗਾ ਕੀਰਤਨ ਕਰਿਆ ਕਰਦੇ ਸਨ । ਸੋ ਸਿੱਖ ਅਤੇ ਗੁਰੂ ਜੀ ਆਪ ਹੀ ਕੀਰਤਨ ਕਰ ਲੱਗ ਪਏ । ਰਬਾਬੀਆਂ ਦੀ ਕੋਈ ਘਾਟ ਮਹਿਸੂਸ ਨਾ ਹੋਈ । ਇੰਝ ਪ੍ਰਿਥੀ ਚੰਦ ਅਤੇ ਉਸਦੇ ਹਿਮਾਇਤੀਆਂ ਦਾ ਇਹ ਵਾਰ ਵੀ ਖਾਲੀ ਗਿਆ ।

**ਭਾਈ ਗੁਰਦਾਸ ਜੀ ਦਾ ਆਗਰੇ ਤੋਂ ਆਉਣਾ** : ਭਾਈ ਗੁਰਦਾਸ ਜੀ ਗੁਰਮਤਿ ਦੇ ਪ੍ਰਮੁੱਖ ਵਿਆਖਿਆਕਾਰ ਅਤੇ ਕਈ ਭਾਸ਼ਾਵਾਂ ਦੇ ਵਿਦਵਾਨ ਸਨ । ਆਪ ਜੀ ਨੂੰ ਗੁਰੂ ਰਾਮਦਾਸ ਜੀ ਨੇ ਧਰਮ ਪ੍ਰਚਾਰ ਕਰਨ ਲਈ ਉਤਰੀ ਭਾਰਤ ਵਿੱਚ ਭੇਜਿਆ ਹੋਇਆ ਸੀ । ਆਪ ਆਗਰੇ ਤੇ ਕਾਂਸ਼ੀ ਵਿੱਚ ਨਿਵਾਸ ਰਖ ਕੇ ਆਸ-ਪਾਸ ਦੇ ਇਲਾਕਿਆਂ ਵਿੱਚ ਧਰਮ ਪ੍ਰਚਾਰ ਦੀ ਸੇਵਾ ਨਿਭਾ ਰਹੇ ਸਨ ।

ਇਨ੍ਹਾਂ ਦਿਨਾਂ ਵਿੱਚ ਆਪ ਵਾਪਿਸ ਆ ਗਏ । ਰਸਤੇ ਵਿੱਚ, ਗੋਇੰਦਵਾਲ ਵਿੱਚ ਬਾਬਾ ਮੋਹਨ ਤੇ ਬਾਬਾ ਮੋਹਰੀ ਜੀ ਤੋਂ ਉਨ੍ਹਾਂ ਨੂੰ ਪ੍ਰਿਥੀ ਚੰਦ ਦੀਆਂ ਸਾਜ਼ਸ਼ਾਂ ਤੇ ਲੰਗਰ ਦੀ ਦਸ਼ਾ ਦਾ ਪਤਾ ਲੱਗ ਗਿਆ ਸੀ । ਗੁਰੂ ਦਰਬਾਰ ਵ੍ਹਿੱਚ ਪੁੱਜੇ । ਸਤਿਗੁਰਾਂ ਦੇ ਦਰਸ਼ਨ ਕੀਤੇ । ਜਦ ਲੰਗਰ ਵਿੱਚ ਗਏ ਤਾਂ ਛਕਣ ਨੂੰ ਛੋਲਿਆਂ ਦੀ ਰੋਟੀ ਹੀ ਮਿਲੀ। ਸਿੱਖਾਂ ਨੇ ਗੁਰੂ ਸਾਹਿਬ ਦੀ ਸ਼ਹਿਨਸ਼ੀਲਤਾ ਅਤੇ ਪ੍ਰਿਥੀ ਚੰਦ ਦੀਆਂ ਕੋਝੀਆਂ ਹਰਕਤਾਂ ਬਾਰੇ ਵਿਸਥਾਰ ਵਿੱਚ ਦਸਿਆ । ਆਪ ਬੜੇ ਫਿਕਰਮੰਦ ਹੋਏ । ਬਾਬਾ ਬੁੱਢਾ ਜੀ ਤੇ ਹੋਰ ਮੁਖੀ ਸਿੱਖਾਂ ਨਾਲ ਵਿਚਾਰਾਂ ਕੀਤੀਆਂ । ਆਪ ਦੇ ਕਹਿਣ ਤੇ ਸਭ ਨੇ ਪ੍ਰਿਥੀ ਚੰਦ ਦੀ ਅਸਲੀਅਤ ਸੰਗਤਾਂ ਨੂੰ ਦੱਸਣ ਦਾ ਮਨ ਬਣਾ ਲਿਆ । ਸ਼ਹਿਰ ਦੇ ਬਾਹਰ ਵੱਖ ਵੱਖ ਥਾਵਾਂ ਤੇ ਸਿੱਖਾਂ ਦੀਆਂ ਡੀਊਟੀਆਂ ਲਾ ਦਿਤੀਆਂ ਗਈਆਂ ਜੋ ਆਉਣ ਵਾਲੀਆਂ ਸੰਗਤਾਂ ਨੂੰ ਸਮਝਾਉਂਦੇ ਕਿ ਪ੍ਰਿਥੀ ਚੰਦ ਕਿਵੇਂ ਉਨ੍ਹਾਂ ਦੀ ਕਾਰ-ਭੇਟ ਨੂੰ ਆਪਣੇ ਕਬਜ਼ੇ ਵਿੱਚ ਕਰਕੇ ਗੁਰੂ ਘਰ ਦੀ ਆਰਥਕਤਾ ਨੂੰ ਸੱਟ ਮਾਰ ਰਿਹਾ ਹੈ । ਭਾਈ ਗੁਰਦਾਸ ਜੀ, ਬਾਬਾ ਬੁੱਢਾ ਜੀ ਤੇ ਹੋਰ ਸ਼ਰਧਾਲੂ ਸਿੱਖਾਂ ਦੇ ਯਤਨਾਂ ਸਦਕਾ ਸੰਗਤਾਂ ਨੂੰ ਅਸਲੀਅਤ ਦਾ ਪਤਾ ਲਗ ਗਿਆ ਤੇ ਉਹ ਕਾਰ-ਭੇਟਾ ਸਿੱਧੀ ਗੁਰੂ-ਦਰਬਾਰ ਵਿੱਚ ਪਹੁੰਚਾਣ ਲਗੀਆਂ ਜਾਂ ਗੁਰੂ ਜੀ ਦੁਆਰਾ ਨਿਯੁਕਤ ਸਿੱਖਾਂ ਨੂੰ ਦੇਣ ਲਗ ਪਈਆਂ । ਇੰਝ ਦਿਨਾਂ ਵਿੱਚ ਹੀ ਪਾਸਾ ਪਲਟ ਗਿਆ ਤੇ ਗੁਰੂ ਘਰ ਦੀ ਨਾਕਾਬੰਦੀ ਟੁੱਟ ਗਈ । ਇਹ ਨਾਕਾਬੰਦੀ ਅਕਤੂਬਰ ੧੫੮੧ ਤੋਂ ਅਪ੍ਰੈਲ ੧੫੮੨ ਤੱਕ ਜਾਰੀ ਰਹੀ ਸੀ ।

**ਰਬਾਬੀਆਂ ਨੂੰ ਖਿਮਾ ਕੀਤਾ** : ਭਾਈ ਗੁਰਦਾਸ ਜੀ ਦੇ ਆਉਣ ਨਾਲ ਜਿਥੇ ਪ੍ਰਿਥੀ ਚੰਦ ਦੀ ਚਾਲ ਨਾਕਾਮ ਹੋ ਗਈ ਉਥੇ ਰਬਾਬੀ ਸੱਤਾ ਤੇ ਬਲਵੰਡ ਦਾ ਭਰਮ-ਜਾਲ ਵੀ ਟੁੱਟ ਗਿਆ । ਪ੍ਰਿਥੀ ਚੰਦ ਨੇ ਤਾਂ ਉਨ੍ਹਾਂ ਨੂੰ ਵਰਤਿਆ ਹੀ ਸੀ, ਇਸ ਲਈ ਉਨ੍ਹਾਂ ਦੀ ਧਨ ਨਾਲ ਕੋਈ ਸਹਾਇਤਾ ਨਾ ਕੀਤੀ । ਗੁਰੂ ਸਾਹਿਬ ਦੇ ਹੁਕਮ ਕਾਰਨ ਸਿੱਖ ਵੀ ਉਨ੍ਹਾਂ ਨੂੰ ਮੂੰਹ ਨਾ ਲਾਉਂਦੇ । ਰੋਜ਼ੀ-ਰੋਟੀ ਦਾ ਹੋਰ ਕੋਈ ਵਸੀਲਾ ਤਾਂ ਹੈ ਨਹੀਂ ਸੀ । ਆਰਥਕ ਹਾਲਤ ਬਹੁਤ ਪਤਲੀ ਹੋ ਗਈ । ਜਦ ਰੋਟੀਓਂ ਆਤਰ ਹੋ ਗਏ ਤਾਂ, ਲਾਹੌਰ ਦੇ ਇੱਕ ਸ਼ਰਧਾਲੂ ਸਿੱਖ ਭਾਈ ਲੱਧਾ ਜੀ ਪਾਸ ਗਏ । ਭਾਈ ਲੱਧਾ ਜੀ ਦੂਜਿਆਂ ਦੇ ਅਟਕੇ ਕੰਮ ਸੰਵਾਰਨ ਲਈ ਹਮੇਸ਼ਾ ਹੀ ਤਿਆਰ ਰਹਿੰਦੇ ਸਨ । ਏਸੇ ਲਈ ਸਿੱਖ-ਸੰਗਤਾਂ ਵਿੱਚ ਆਪ ਭਾਈ ਲੱਧਾ ਪਰਉਪਕਾਰੀ ਕਰਕੇ ਜਾਣੇ ਜਾਂਦੇ ਸਨ । ਰਬਾਬੀਆਂ ਦੀ ਦਸ਼ਾ ਵੇਖ ਕੇ ਉਨ੍ਹਾਂ ਦੇ ਮਨ ਵਿੱਚ ਰਹਿਮ ਆ ਗਿਆ । ਭਾਈ ਸੱਤਾ ਤੇ ਬਲਵੰਡ ਨੂੰ ਨਾਲ ਲੈ ਕੇ ਅੰਮ੍ਰਿਤਸਰ ਆ ਗਏ ਤੇ ਗੁਰੂ ਦਰਬਾਰ ਵਿੱਚ ਆ ਕੇ ਸਤਿਗੁਰਾਂ ਦੇ ਦਰਸ਼ਨ ਕੀਤੇ । ਫਿਰ ਬੇਨਤੀ ਕੀਤੀ ਕਿ ਹੇ ਸੱਚੇ ਪਾਤਸ਼ਾਹ ! ਹੁਣ ਇਨ੍ਹਾਂ ਨੂੰ ਕਾਫੀ ਸਜ਼ਾ ਮਿਲ ਚੁੱਕੀ ਹੈ । ਇਹ ਰੋਟੀਓਂ ਵੀ ਆਤਰ ਹੋ ਗਏ ਹਨ, ਆਪਣੇ ਕੀਤੇ ਲਈ ਸ਼ਰਮਸਾਰ ਹਨ ਅਤੇ ਆਪ ਜੀ ਤੋਂ ਖਿਮਾਂ ਮੰਗਣ ਆਏ ਹਨ । ਕਿਰਪਾ ਕਰਕੇ ਇਨ੍ਹਾਂ ਨੂੰ ਮਾਫ਼ ਕਰ ਦਿਓ ਅਤੇ ਫਿਰ ਤੋਂ ਗੁਰੂ-ਦਰਬਾਰ ਵਿੱਚ ਕੀਰਤਨ ਕਰਨ ਦੀ ਆਗਿਆ ਦਿਓ । ਸਤਿਗੁਰੂ ਜੀ ਨੇ ਬੇਨਤੀ ਮੰਨ ਲਈ । ਜਦੋਂ ਸੱਤੇ ਤੇ ਬਲਵੰਡ ਨੂੰ ਮੁਆਫ਼ੀ ਮਿਲ ਗਈ ਤਾਂ ਉਨ੍ਹਾਂ ਨੇ ਗੁਰ-ਉਪਮਾਂ ਵਿੱਚ ੮ ਪਉੜੀਆਂ ਦੀ ਇਕ ਵਾਰ ਲਿਖੀ ਅਤੇ ਗੁਰੂ-ਦਰਬਾਰ ਵਿੱਚ ਸੁਣਾਈ । ਇਸ ਵਾਰ ਦੀਆਂ ਪਹਿਲੀਆਂ ਤਿੰਨ ਪਉੜੀਆਂ ਭਾਈ ਬਲਵੰਡ ਜੀ ਦੀਆਂ ਹਨ ਤੇ ਆਖਰੀ ੫ ਪਉੜੀਆਂ ਭਾਈ ਸੱਤਾ ਜੀ ਦੀਆਂ। ਇਸ ਵਾਰ ਵਿੱਚ ਸਾਰੇ ਪੰਜ ਸਤਿਗੁਰਾਂ ਦੀ ਉਸਤਤ ਕੀਤੀ ਹੋਈ ਹੈ । ਦੂਜੇ ਸਤਿਗੁਰਾਂ ਦੀ ਮਹਿਮਾਂ ਲਿਖਦੇ ਹੋਏ ਭਾਈ ਬਲਵੰਡ ਜੀ ਲਿਖਦੇ ਹਨ ਕਿ ਉਚ-ਜਾਤੀਏ ਦੋਖੀ ਗੁਰੂ ਅੰਗਦ ਦੇਵ ਜੀ ਦੇ ਲੰਗਰ ਨੂੰ ਵੇਖਕੇ ਸੜਦੇ ਸਨ । ਲੰਗਰ ਦੀ ਮਹਿਮਾਂ ਸੁਣ ਸੁਣ ਕੇ ਉਨ੍ਹਾਂ ਦੇ ਮੂੰਹ ਨਿਰਾਸਤਾ ਵਿੱਚ ਪੀਲੇ ਪੈ ਜਾਂਦੇ ਸਨ । ਭਾਈ ਸੱਤਾ ਜੀ ਲਿਖਦੇ ਹਨ ਕਿ ਲੰਗਰ ਦੀ ਸ਼ੋਭਾ ਤੋਂ ਸੜ ਕੇ ਵਿਰੋਧੀਆਂ ਨੇ ਗੁਰੂ ਅਮਰਦਾਸ ਜੀ ਉਤੇ ਬੜੇ ਵਾਰ ਕੀਤੇ, ਪਰ ਸਤਿਗੁਰੂ ਜੀ ਚਟਾਨ ਵਾਂਗ ਅਡੋਲ ਰਹੇ ।

ਰਾਮਕਲੀ ਰਾਗ ਵਿੱਚ ਉਚਾਰੀ ਇਹ ਵਾਰ ਗੁਰੂ ਅਰਜੁਨ ਦੇਵ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਦਰਜ ਕਰ ਦਿੱਤੀ । ਗੁਰੂ-ਘਰ ਦੇ ਵਿਰੁਧ ਪ੍ਰਿਥੀ ਚੰਦ ਦੀ ਅਗਵਾਈ ਵਿਚ ਜਾਤ-ਅਭਿਮਾਨੀ ਲੋਕਾਂ ਦੀਆਂ ਸਾਜ਼ਿਸ਼ਾਂ ਦੀ ਨਾਕਾਮੀ ਦੀ ਇਹ ਇਕ ਅੱਟਲ ਯਾਦਗਾਰ ਹੈ । ਇਹ ਅਪ੍ਰੈਲ ਸੰਨ ੧੫੯੨ ਦੇ ਨੇੜੇ ਤੇੜੇ ਲਿਖੀ ਗਈ ਸੀ ।

**ਆਰਥਿਕਤਾ ਦੀ ਮਜ਼ਬੂਤੀ ਲਈ ਯਤਨ : (ੳ) ਦਸਵੰਧ**– ਕਿਸੇ ਵੀ ਲਹਿਰ ਨੂੰ ਮਜ਼ਬੂਤੀ ਨਾਲ ਚਲਾਉਣ ਲਈ ਉਸ ਦੀ ਆਰਥਿਕਤਾ ਦਾ ਮਜ਼ਬੂਤ ਹੋਣਾ ਬਹੁਤ ਜ਼ਰੂਰੀ ਹੈ । ਪ੍ਰਿਥੀ ਚੰਦ ਦੁਆਰਾ ਕੀਤੀ ਗਈ ਨਾਕਾਬੰਦੀ ਨੇ ਇਹ ਗੱਲ ਪ੍ਰਗਟ ਕਰ ਦਿੱਤੀ ਸੀ ਕਿ ਆਰਥਕ ਪੱਖੋਂ ਕਮਜ਼ੋਰ ਹੋਣ ਨਾਲ ਲਹਿਰ ਬਹੁਤ ਕਮਜ਼ੋਰ ਹੋ ਜਾਂਦੀ ਹੈ ਅਤੇ ਕਈ ਅਤੀ ਜ਼ਰੂਰੀ ਕੰਮ ਵੀ ਰੁਕ ਜਾਂਦੇ ਹਨ । ਗੁਰੂ ਨਾਨਕ ਸਾਹਿਬ ਦੁਆਰਾ ਚਲਾਈ ਗਈ ਲਹਿਰ ਤਾਂ ਮਨੁੱਖ ਨੂੰ ਉਸਦੇ ਜੀਵਨ ਦੇ ਧਾਰਮਕ, ਸਮਾਜਕ, ਆਰਥਿਕ ਤੇ ਰਾਜਨੀਤਕ ਸਭ ਖੇਤਰਾਂ ਵਿੱਚ ਅਗਵਾਈ ਦਿੰਦੀ ਆ ਰਹੀ ਸੀ ਤੇ ਇਹ ਅਗਵਾਈ ਜਾਰੀ ਵੀ ਰਹਿਣੀ ਸੀ । ਇਸ

ਲਈ ਜਿਥੇ ਲੋਕ-ਸ਼ਕਤੀ (ਸਿੱਖਾਂ ਦੀ ਭਾਰੀ ਗਿਣਤੀ) ਦੀ ਲੋੜ ਸੀ, ਉੱਥੇ ਬੇਅੰਤ ਮਾਇਆ ਦੀ ਲੋੜ ਸੀ । ਗੁਰੂ ਜੀ ਨੇ ਸਿੱਖੀ ਦਾ ਕੇਂਦਰੀ ਸ਼ਹਿਰ 'ਗੁਰੂ ਕਾ ਚੱਕ' (ਅੰਮ੍ਰਿਤਸਰ) ਬਣਾਉਣਾ ਆਰੰਭ ਕੀਤਾ ਹੋਇਆ ਸੀ । ਉਸ ਲਈ ਭੀ ਲੱਖਾਂ ਰੁਪਿਆਂ ਦੀ ਲੋੜ ਸੀ । ਇਨ੍ਹਾਂ ਸਾਰੀਆਂ ਗੱਲਾਂ ਨੂੰ ਧਿਆਨ ਵਿੱਚ ਰਖਦਿਆਂ ਹੋਇਆਂ ਗੁਰੂ ਜੀ ਨੇ ਸੰਗਤਾਂ ਨੂੰ ਹੁਕਮ ਕੀਤਾ ਕਿ ਹਰੇਕ ਸਿੱਖ-ਪਰਿਵਾਰ ਆਪਣੀ ਕਮਾਈ ਦਾ ਦਸਵਾਂ ਹਿੱਸਾ ਸਾਂਝੇ ਕੌਮੀ ਕਾਰਜਾਂ ਲਈ ਗੁਰ-ਗੋਲਕ (ਕੌਮੀ-ਖਜ਼ਾਨੇ) ਵਿੱਚ ਭੇਜਿਆ ਕਰੇ। ਇਸ ਨੂੰ 'ਦਸਵੰਧ' ਦਾ ਨਾਮ ਦਿੱਤਾ ਗਿਆ । ਇਹ ਮਾਇਆ ਮਸੰਦਾਂ ਰਾਹੀਂ ਵੀ ਭੇਜੀ ਜਾ ਸਕਦੀ ਸੀ, ਜਿਹੜੇ ਕਿ ਇਸੇ ਕੰਮ ਲਈ ਗੁਰੂ ਰਾਮਦਾਸ ਜੀ ਨੇ ਨਿਯੁਕਤ ਕੀਤੇ ਸਨ । ਕਈ ਮਸੰਦ ਲਾਲਚੀ ਬਿਰਤੀ ਵਾਲੇ ਹੋ ਗਏ ਸਨ ਤੇ ਕਈ ਪ੍ਰਿਥੀ ਚੰਦ ਦੀਆਂ ਸਾਜ਼ਿਸ਼ਾਂ ਵਿੱਚ ਸ਼ਾਮਿਲ ਹੋਣ ਕਰਕੇ ਆਪਣਾ ਭਰੋਸਾ ਗੁਆ ਚੁਕੇ ਸਨ । ਸੋ, ਗੁਰੂ ਜੀ ਨੇ ਕਈ ਨਵੇਂ ਮਸੰਦ ਥਾਪੇ ਅਤੇ ਨਾਲ ਇਹ ਵੀ ਆਦੇਸ਼ ਦਿਤਾ ਕਿ ਹਰੇਕ ਮਸੰਦ ਇਕੱਤਰ ਕੀਤੇ ਦਸਵੰਧ ਦਾ ਲਿਖਤੀ ਹਿਸਾਬ ਵੀ ਰੱਖਿਆ ਕਰੇ । ਇਸ ਤਰ੍ਹਾਂ ਦਸਵੰਧ ਭੇਜਣ ਵਾਲੇ ਸਿੱਖ ਆਪਣੀ ਦਿੱਤੀ ਰਕਮ ਆਪਣੇ ਸਾਹਮਣੇ ਹੀ ਵਹੀ ਵਿੱਚ ਦਰਜ ਕਰਾ ਦਿੰਦੇ ਸਨ ਅਤੇ ਉਹ ਵਹੀ ਸਤਿਗੁਰੂ ਜੀ ਦੇ ਸਾਹਮਣੇ ਪੇਸ਼ ਕੀਤੀ ਜਾਂਦੀ ਸੀ । ਉਗਰਾਹੀ ਗੁਰੂ-ਦਰਬਾਰ ਵਿੱਚ ਲਿਆਉਣ ਦਾ ਇਕ ਹੋਰ ਨਿਯਮ ਵੀ ਬੰਨ ਦਿਤਾ ਗਿਆ । ਉਗਰਾਹੀ (ਅਥਵਾ ਦਸਵੰਧ) ਆਮ ਤੌਰ ਤੇ ਮਸੰਦ ਵੈਸਾਖੀ ਦੇ ਮੌਕੇ ਤੇ ਗੁਰੂ ਕੇ ਚੱਕ ਪਹੁੰਚਾਉਂਦੇ ਸਨ । ਉਦੋਂ ਨਾਲ ਇਲਾਕੇ ਦੇ ਸ਼ਰਧਾਲੂ ਸਿੱਖ ਵੀ ਆਉਂਦੇ ਸਨ । ਉਨ੍ਹਾਂ ਦੇ ਸਾਹਮਣੇ ਹੀ ਉਗਰਾਹੀ ਦੀ ਰਕਮ ਕੌਮੀ ਖਜ਼ਾਨੇ ਵਿੱਚ ਜਮਾਂ ਕੀਤੀ ਜਾਂਦੀ ਸੀ । ਸਿੱਖ ਸੰਗਤਾਂ ਆਪ ਵੀ ਸਮੇਂ -ਸਮੇਂ ਦਸਵੰਧ ਕੌਮੀ-ਖਜ਼ਾਨੇ ਵਿੱਚ ਜਮਾਂ ਕਰਾ ਦਿੰਦੀਆਂ ਸਨ । ਦਸਵੰਧ ਦੀ ਪ੍ਰਥਾ ਕਾਰਨ ਕੁਝ ਹੀ ਸਮੇਂ ਵਿੱਚ ਸਿੱਖ ਲਹਿਰ ਮੁੜ ਪੱਕੇ ਪੈਰਾਂ ਤੇ ਖੜ੍ਹੇ ਗਈ ।

ਭਾਵੇਂ ਦਸਵੰਧ ਸਿਖਾਂ ਵਲੋਂ ਪਿਆਰ ਤੇ ਸ਼ਰਧਾ ਸਹਿਤ ਗੁਰੂ-ਘਰ ਨੂੰ ਭੇਟ ਕੀਤਾ ਜਾਂਦਾ ਸੀ, ਪਰ ਹਕੂਮਤ ਉਤੇ ਇਸਦਾ ਉਲਟਾ ਹੀ ਅਸਰ ਪਿਆ । ਹਕੂਮਤ ਚਲਾ ਰਹੇ ਲੋਕ ਇਹ ਸਮਝਣ ਲਗ ਪਏ ਕਿ ਗੁਰੂ ਸਾਹਿਬ ਟੈਕਸ ਲੈਣ ਲਗ ਪਏ ਹਨ, ਜੋ ਕਿ ਹਕੂਮਤਾਂ ਦਾ ਕੰਮ ਹੁੰਦਾ ਹੈ । ਇਹ ਭੁਲੇਖਾ ਕਈ ਇਤਿਹਾਸਕਾਰਾਂ ਨੂੰ ਵੀ ਪਿਆ ਹੈ ਕਿ ਗੁਰੂ ਸਾਹਿਬ ਆਪਣੀ ਵਖਰੀ ਹਕੂਮਤ ਬਣਾਉਣਾ ਚਾਹੁੰਦੇ ਸਨ, ਹਾਲਾਂਕਿ ਇਸ ਵਿੱਚ ਕੋਈ ਸਚਾਈ ਨਹੀਂ ਹੈ ।

**ਸਿੱਖਾਂ ਨੂੰ ਵਪਾਰ ਕਰਨ ਦੀ ਪ੍ਰੇਰਨਾ** : ਗੁਰੂ ਰਾਮਦਾਸ ਜੀ ਨੇ ਪਰ ਵੱਖ ਵੱਖ ਕਿੱਤਿਆਂ ਦੇ ਲੋਕਾਂ ਨੂੰ 'ਗੁਰੂ ਕੇ ਚੱਕ' ਵਿੱਚ ਵਸਾਇਆ ਸੀ, ਤਾਂ ਜੋ ਸ਼ਹਿਰ ਨੂੰ ਉਦਯੋਗਿਕ ਨਗਰੀ ਦੇ ਰੂਪ ਵਿੱਚ ਵਿਕਸਤ ਕੀਤਾ ਜਾ ਸਕੇ ਅਤੇ ਸਿੱਖ ਆਰਥਿਕ ਪਖੋਂ ਵੀ ਖੁਸ਼ਹਾਲ ਹੋਣ। ਚੌਥੇ ਗੁਰੂ ਜੀ ਨੇ ਸਿੱਖਾਂ ਨੂੰ ਵਪਾਰ ਕਰਨ ਦੀ ਪ੍ਰੇਰਨਾ ਵੀ ਦਿੱਤੀ ਸੀ । ਪੰਜਵੇਂ ਸਤਿਗੁਰੂ, ਗੁਰੂ ਅਰਜੁਨ ਦੇਵ ਜੀ ਨੇ ਸਿੱਖਾਂ ਨੂੰ ਪੰਜਾਬ ਤੋਂ ਬਾਹਰ ਜਾ ਕੇ ਵਪਾਰ ਕਰਨ ਦੀ ਪ੍ਰੇਰਨਾ ਦਿੱਤੀ। ਸਿੱਖ ਦੂਰ-ਦੂਰ ਦੇ ਪ੍ਰਾਂਤਾਂ ਤੱਕ ਵਣਜ-ਵਪਾਰ ਲਈ ਜਾਣ ਲੱਗੇ । ਗੁਰੂ ਜੀ ਦੀ ਪ੍ਰੇਰਨਾ ਤੇ ਸਿੱਖ ਘੋੜਿਆਂ ਦਾ ਵਪਾਰ ਲਈ ਕਾਬਲ ਅਤੇ ਕਾਬਲ ਤੋਂ ਵੀ ਪਰੇ ਬਲਖ-ਬੁਖਾਰੇ ਤੱਕ ਜਾਣ ਲਗੇ । ਉਨ੍ਹਾਂ ਇਲਾਕਿਆਂ ਵਿੱਚ ਕਈ ਸਿੱਖਾਂ ਨੇ ਆਪਣੀ ਪੱਕੀ ਰਿਹਾਇਸ਼ ਵੀ ਬਣਾ ਲਈ। ਉਨ੍ਹਾਂ ਸਿੱਖਾਂ ਕਰਕੇ ਉਥੇ ਸਿੱਖ ਧਰਮ ਵੀ ਫੈਲਦਾ ਗਿਆ । ਘੋੜਿਆਂ ਦੇ ਵਪਾਰ ਨੇ ਜਿਥੇ ਸਿੱਖਾਂ ਦੀ ਆਰਥਿਕਤਾ ਨੂੰ ਸੁਧਾਰਿਆ ਉਥੇ ਉਹ ਚੰਗੇ ਘੋੜ-ਸਵਾਰ ਵੀ ਬਣ ਗਏ। ਇਹ ਗੁਣ ਛੇਵੇਂ ਪਾਤਸ਼ਾਹ ਜੀ ਦੇ ਵੇਲੇ ਕੰਮ ਆਇਆ, ਜਦੋਂ ਹਕੂਮਤ ਨਾਲ ਜੰਗਾਂ ਕਰਨੀਆਂ ਪਈਆਂ ।

**ਕੇਂਦਰੀ ਸ਼ਹਿਰ ਦਾ ਵਿਕਾਸ ਤੇ ਕੇਂਦਰੀ ਧਰਮ ਅਸਥਾਨ** : ਜਿਉਂ ਜਿਉਂ ਆਰਥਿਕਤਾ ਮਜ਼ਬੂਤ ਹੁੰਦੀ ਗਈ, ਗੁਰੂ ਜੀ ਨੇ 'ਗੁਰੂ ਕਾ ਚੱਕ' (ਜਿਸਨੂੰ 'ਚੱਕ ਰਾਮਦਾਸ' ਜਾਂ 'ਰਾਮਦਾਸਪੁਰ' ਵੀ ਆਖਿਆ ਜਾਣ ਲਗ ਪਿਆ ਸੀ) ਦੀ ਉਸਾਰੀ ਵਾਲ ਵਿਸ਼ੇਸ਼ ਧਿਆਨ ਦਿਤਾ ।

ਸਭ ਤੋਂ ਪਹਿਲਾਂ ਤਾਲ 'ਸੰਤੋਖਸਰ' ਨੂੰ ਸੰਪੂਰਨ ਕੀਤਾ ਗਿਆ । ਇਸ ਦੇ ਮਗਰੋਂ ਤਾਲ 'ਅੰਮ੍ਰਿਤਸਰ' (ਅੰਮ੍ਰਿਤਸਰ ਸਰੋਵਰ) ਸੰਨ ੧੫੮੮ ਵਿੱਚ ਮੁਕੰਮਲ ਕੀਤਾ। ਨਗਰ ਦੀ ਆਬਾਦੀ ਦਿਨੋਂ ਦਿਨ ਵਧ ਰਹੀ ਸੀ । ਨਵੀਆਂ ਇਮਾਰਤਾਂ ਬਣਾਈਆਂ ਗਈਆਂ । ਹੋਰ ਅਧੂਰੇ ਪਏ ਕੰਮ ਪੂਰੇ ਕੀਤੇ ਗਏ ।

ਅੰਮ੍ਰਿਤਸਰ ਸਰੋਵਰ ਦੇ ਨਾਮ ਉਤੇ ਸ਼ਹਿਰ ਦਾ ਨਾਮ ਵੀ 'ਅੰਮ੍ਰਿਤਸਰ' ਪੈ ਗਿਆ। ਇੰਝ ੧੫੭੦ ਵਿੱਚ ਆਰੰਭਿਆ 'ਗੁਰੂ ਕਾ ਚੱਕ' ਸੰਨ ੧੫੮੮ ਵਿੱਚ ਅੰਮ੍ਰਿਤਸਰ ਬਣ ਗਿਆ।

ਗੁਰੂ ਰਾਮਦਾਸ ਜੀ ਦੀ ਵਿਉਂਤ ਸੀ ਕਿ ਅੰਮ੍ਰਿਤਸਰ ਸਰੋਵਰ ਦੇ ਵਿਚਕਾਰ ਧਰਮ-ਅਸਥਾਨ ਵੀ ਬਣਾਇਆ ਜਾਵੇ । ਇਸ ਯੋਜਨਾ ਦੇ ਅਧੀਨ ਪੰਜਵੇਂ ਪਾਤਸ਼ਾਹ ਨੇ ਅਕਤੂਬਰ ਸੰਨ ੧੫੮੮ ਵਿੱਚ ਅੰਮ੍ਰਿਤਸਰ ਸਰੋਵਰ ਦੇ ਵਿਚਕਾਰ ਇਕ ਨਵੇਂ ਧਰਮ ਮੰਦਰ ਦੀ ਨੀਹ ਰੱਖੀ, ਜਿਸਦਾ ਨਾਮ 'ਹਰਿ-ਮੰਦਰ' ਰਖਿਆ ਗਿਆ । ਹਰਿ ਮੰਦਰ ਦੀ ਨੀਂਹ ਗੁਰੂ ਜੀ ਨੇ ਲਾਹੌਰ ਨਿਵਾਸੀ ਸਾਈਂ ਮੀਆਂ ਮੀਰ ਜੀ ਪਾਸੋਂ ਰਖਵਾਈ । ਮੀਆਂ ਮੀਰ ਜੀ ਪ੍ਰਭੂ ਦੀ ਬੰਦਗੀ ਕਰਨ ਵਾਲੇ ਮਹਾਂਪੁਰਖ ਸਨ ।

ਸਾਈਂ ਮੀਆਂ ਮੀਰ ਜੀ ਦਾ ਅਸਲੀ ਨਾਮ ਸ਼ੇਖ ਮੁਹੰਮਦ ਮੀਰ ਸ਼ਾਹ ਸੀ । ਆਪ ਖਲੀਫ਼ਾ ਉਮਰ ਦੀ ਬੰਸ ਵਿਚੋਂ ਸਨ । ਆਪਦਾ ਜਨਮ ਸੀਸਤਾਨ ਵਿੱਚ ਸੰਨ ੧੫੫੦ ਵਿੱਚ ਹੋਇਆ ਸੀ । ਉਮਰ ਦਾ ਵਧੇਰੇ ਹਿੱਸਾ ਆਪ ਜੀ ਨੇ ਲਾਹੌਰ ਵਿੱਚ ਗੁਜਾਰਿਆ । ਏਥੇ ਹੀ ਆਪ ੧੧ ਅਗਸਤ ਸੰਨ ੧੬੩੫ ਨੂੰ ਅੱਲਾ ਨੂੰ ਪਿਆਰੇ ਹੋ ਗਏ । ਆਪ ਦੀ ਕਬਰ ਲਾਹੌਰ ਦੇ ਕੋਲ ਹਾਸ਼ਮਪੁਰੇ ਵਿੱਚ ਹੈ । ਆਪ ਪ੍ਰਾਣਾਯਾਮ ਦੇ ਅਭਿਆਸੀ ਸਨ । ਆਪ ਦਾ ਪ੍ਰਸਿੱਧ ਚੇਲਾ ਮੁੱਲਾ ਸ਼ਾਹ (ਸ਼ਾਹ ਮੁਹੰਮਦ) ਸ਼ਾਹ ਜਹਾਨ ਦੇ ਪੁਤਰ ਦਾਰਾ ਸ਼ਿਕੋਹ ਦਾ ਪੀਰ ਸੀ ।

**ਸਿੱਖਾਂ ਦੇ ਉੱਜਲੇ ਭਵਿਖ ਦੀ ਨੀਂਹ** : ਸੰਨ ੧੫੯੦ ਵਿੱਚ ਹਰਿਮੰਦਰ ਸਾਹਿਬ ਦੀ ਇਮਾਰਤ ਮੁਕੰਮਲ ਹੋ ਗਈ । ਇਹ ਹਰਿਮੰਦਰ ਸਮਾਂ ਪਾ ਕੇ ਸਿੱਖਾਂ ਦੇ ਕੇਂਦਰੀ ਧਰਮ ਮੰਦਰ ਵਜੋਂ ਪ੍ਰਸਿੱਧ ਹੋਇਆ ਅਤੇ 'ਸਿੱਖਾਂ ਦਾ ਮੱਕਾ' ਕਰਕੇ ਜਾਣਿਆ ਜਾਣ ਲਗ ਪਿਆ ।

ਅੰਮ੍ਰਿਤਸਰ ਸ਼ਹਿਰ ਦਾ ਵਸਣਾ ਤੇ ਇਸ ਦੇ ਵਿੱਚ ਸਿੱਖਾਂ ਦੇ ਕੇਂਦਰੀ ਧਰਮ ਅਸਥਾਨ ਸ੍ਰੀ ਹਰਿਮੰਦਰ ਸਾਹਿਬ (ਜੋ ਅਜ ਕਲ ਦਰਬਾਰ ਸਾਹਿਬ ਦੇ ਨਾਉਂ ਨਾਲ ਵੀ ਜਾਣਿਆ ਜਾਂਦਾ ਹੈ) ਉਸਾਰਿਆ ਜਾਣਾ ਅਤੇ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਜੀ ਦੇ ਸਮੇਂ ਇਸਦੇ ਐਨ ਸਾਹਮਣੇ ਸ੍ਰੀ ਅਕਾਲ ਤਖਤ ਸਾਹਿਬ ਜੀ ਦੀ ਉਸਾਰੀ ਹੋਣਾ ਇਸ ਨਗਰ ਦੀ ਕੌਮੀ ਤੇ ਅੰਤਰ ਰਾਸ਼ਟਰੀ ਪ੍ਰਸਿੱਧੀ ਦਾ ਕਾਰਨ ਬਣਿਆ । ਇਹ ਨਗਰ ਇਕ ਕਿਸਮ ਦੀ ਸਿੱਖ-ਰਾਜਧਾਨੀ ਬਣ ਗਿਆ । ਇਸ ਨਗਰ ਦੀ ਵਿਸ਼ੇਸ਼ਤਾ ਬਾਰੇ ਵੱਖ ਵੱਖ ਵਿਦਵਾਨਾ ਨੇ ਆਪਣੇ ਵਿਚਾਰ ਪ੍ਰਗਟ ਕੀਤੇ ਹਨ ।

ਡਾਕਟਰ ਸੱਯਦ ਮੁਹੰਮਦ ਲਤੀਫ਼ ਨੇ 'ਹਿਸਟਰੀ ਆਫ਼ ਦੀ ਪੰਜਾਬ' ਦੇ ਪੰਨਾ ੨੫੩ ਤੇ ਲਿਖਿਆ ਹੈ: ਗੁਰੂ (ਰਾਮਦਾਸ) ਜੀ ਨੇ ਅੰਮ੍ਰਿਤਸਰ ਦੀ ਨੀਂਹ ਇਕ ਕੇਂਦਰੀ

ਅਸਥਾਨ ਤੇ ਰਖ ਕੇ ਸਿੱਖਾਂ ਦਾ ਭਵਿੱਖ ਇਕ ਕੌਮ ਦੇ ਵਜੋਂ ਉਜਾਗਰ ਕਰਨ ਦੀ ਨੀਂਹ ਰੱਖੀ । ਹੁਣ ਸਿੱਖ ਇੱਕ ਅਜਿਹੇ ਸਾਂਝੇ ਧਰਮ ਅਸਥਾਨ ਤੇ ਇੱਕਠੇ ਹੋਣ ਲਗ ਪਏ, ਜਿਥੇ ਵੱਖ ਵੱਖ ਥਾਵਾਂ ਤੋਂ ਪਹੁੰਚ ਸੌਖੀ ਸੀ ਅਤੇ ਜਿਥੋਂ ਦੀ ਧਰਤੀ ਵੀ ਬੜੀ ਉਪਜਾਊ ਸੀ । ਇਨ੍ਹਾਂ ਸ਼ਾਂਤ-ਚਿੱਤ ਤੇ ਨੇਕ ਸੁਭਾਅ ਵਾਲੇ ਸਿੱਖਾਂ ਨੇ ਆਪਣੇ ਆਦਿ-ਗੁਰੂ ਦੇ ਪਾਏ ਪੂਰਨਿਆਂ ਤੇ ਚਲਣ ਦਾ ਯਤਨ ਕਰਦੇ ਹੋਏ, ਇਕ ਸਾਂਝੇ ਭਾਈਚਾਰੇ ਦੇ ਪ੍ਰੇਮ ਅਤੇ ਕੌਮੀ ਸ਼ਕਤੀ ਨੂੰ ਪੱਕਾ ਕਰਨਾ ਸਿਖਣਾ ਅਰੰਭਿਆ। ਇਸ ਤਰ੍ਹਾਂ ਉਨ੍ਹਾਂ ਨੇ ਇੱਕ ਸਾਂਝਾ ਰਾਜ ਕਾਇਮ ਕਰਨ ਲਈ ਰਸਤਾ ਪਧਰਾ ਕਰ ਲਿਆ ।

ਮੁਹੰਮਦ ਲਤੀਫ਼ ਨੇ ਹੀ ਲਿਖਿਆ ਹੈ : ਕੇਂਦਰੀ ਅਸਥਾਨ ਸ੍ਰੀ ਅੰਮ੍ਰਿਤਸਰ ਬਣਾ ਕੇ ਗੁਰੂ ਜੀ ਨੇ ਕੌਮ ਦੀ ਨੀਂਹ ਰੱਖ ਦਿਤੀ । ਇਸ ਨਾਲ ਐਸਾ ਧੁਰਾ ਬਣ ਗਿਆ, ਜਿਸ ਦੇ ਆਲੇ-ਦੁਆਲੇ ਸਿੱਖ ਆਸਾਨੀ ਨਾਲ ਇੱਕਠੇ ਹੋ ਸਕਦੇ ਸਨ । ਸਿੱਖਾਂ ਨੇ ਇੱਕਠੇ ਹੋਣ ਦਾ ਵੱਲ ਸਿੱਖਿਆ ਅਤੇ ਆਪਣੇ ਵਿੱਚ ਭਗਤੀ ਭਾਵ ਪੈਦਾ ਕਰਕੇ ਕੌਮੀ ਜਜ਼ਬੇ ਦੀ ਤਾਰ ਨੂੰ ਮਜ਼ਬੂਤ ਕੀਤਾ ।

(ਗੁਰਮਤਿ ਪ੍ਰਕਾਸ਼ / ਅਕਤੂਬਰ ੧੯੯੨/ਪੰਨਾ-੪)

ਸਰ ਗੋਕਲ ਚੰਦ ਨਾਰੰਗ ਲਿਖਦੇ ਹਨ :

ਅੰਮ੍ਰਿਤਸਰ ਨਗਰ ਦੇ ਵਸਣ ਅਤੇ ਗੁਰੂ ਅਰਜਨ ਦੁਆਰਾ ਇਸ ਨੂੰ ਸਰਗਰਮੀਆਂ ਦਾ ਕੇਂਦਰ ਬਣਾਉਣ ਨੇ ਮਾਝੇ ਦੇ ਜੱਟਾਂ ਵਿੱਚ ਸਿੱਖੀ ਦੇ ਪਰਚਾਰ ਅੰਦਰ ਕਾਫ਼ੀ ਯੋਗਦਾਨ ਦਿੱਤਾ ਸੀ । ਹੁਣ ਗੁਰੂ ਸਾਹਿਬ ਵਸੋਂ ਦੇ ਬਿਲਕੁਲ ਵਿਚਕਾਰ ਇੱਕ ਮਹੱਤਵਪੂਰਨ ਕੇਂਦਰ (ਹਰਿਮੰਦਰ) ਸਥਾਪਤ ਕਰਕੇ ਇਕ ਨਵੇਂ ਮੱਤ ਅਤੇ ਵਿਚਾਰਧਾਰਾ ਨੂੰ ਉਨ੍ਹਾਂ ਦੇ ਘਰ ਤਕ ਲੈ ਗਏ । ਅੰਮ੍ਰਿਤਸਰ ਹੁਣ ਸਿੱਖ ਸਰਗਰਮੀਆਂ ਦਾ ਮੁੱਖ-ਕੇਂਦਰ ਅਤੇ ਇਕ ਭਾਂਤ ਦੀ ਰਾਜਧਾਨੀ ਬਣ ਗਿਆ ਸੀ, ਜਿਸ ਦਾ ਸੱਚਾ ਪਾਤਸ਼ਾਹ ਗੁਰੂ ਆਪ ਸੀ ।

(ਟ੍ਰਾਂਸਫਰਮੇਸ਼ਨ ਆਫ਼ ਸਿਖਿਜ਼ਮ, ਪੰਜਾਬੀ ਰੂਪਾਂਤਰ,
ਪੰਜਾਬੀ ਯੂਨੀਵਰਸਿਟੀ, ਪੰਨਾ-੩੦-੩੩)

ਸੀ: ਐਚ: ਲਿਊਹਲਿਨ ਇੰਝ ਆਖਦਾ ਹੈ :

ਗੁਰੂ ਰਾਮਦਾਸ ਦੀ ਮਹਾਨ ਦੇਣ, ਰਾਮਦਾਸਪੁਰ ਦੇ ਪਾਵਨ ਨਗਰ ਨੂੰ ਵਸਾਉਣਾ ਹੈ, ਜੋ ਅੰਮ੍ਰਿਤਸਰ ਦੇ ਨਾਮ ਨਾਲ ਮਸ਼ਹੂਰ ਹੋਇਆ । ਇਹ ਸਿੱਖਾਂ ਦਾ ਧਾਰਮਿਕ ਕੇਂਦਰ ਹੈ ਤੇ ਸੰਸਾਰ ਭਰ ਦੇ ਸਿੱਖਾਂ ਲਈ ਮਾਤ੍ਰੀ-ਚਰਚ ਹੈ ।

(ਦਿ ਸਿਖਸ ਐਂਡ ਦੇਅਰ ਸਕ੍ਰਿਪਚਰਜ਼ : ਲਖਨਊ, ਪੰਨਾ-੫)

ਕਨਿੰਘਮ ਆਪਣੀ ਰਾਏ ਇਨ੍ਹਾਂ ਸ਼ਬਦਾਂ ਵਿੱਚ ਦਿੰਦਾ ਹੈ :

ਗੁਰੂ ਅਰਜੁਨ ਨੇ ਅੰਮ੍ਰਿਤਸਰ ਨੂੰ ਆਪਣੇ ਸਿੱਖਾਂ ਲਈ ਯੋਗ ਕੇਂਦਰ ਬਣਾਇਆ, ਜਿਥੇ ਉਨ੍ਹਾਂ ਦੀਆਂ ਸਾਰੀਆਂ ਸੰਸਾਰਕ ਤੇ ਪਦਾਰਥਕ ਇਛਾਵਾਂ ਪੂਰੀਆਂ ਹੋਣ । ਅੱਜ ਉਹ ਬਸਤੀ ਇਕ ਮਹਾਨ ਨਗਰ ਤੇ ਪਾਵਨ ਯਾਤਰਾ ਅਸਥਾਨ ਬਣ ਚੁੱਕਾ ਹੈ ।

(ਹਿਸਟਰੀ ਆਫ਼ ਦਾ ਸਿਖਸ, ਪੰਨਾ-੪੯)

**ਵਿਆਹ :** ਗੁਰੂ ਅਰਜੁਨ ਦੇਵ ਜੀ ਦਾ ਵਿਆਹ ਸੰਨ ੧੫੮੯ (ਸੰਮਤ ੧੬੪੬) ਵਿੱਚ ਫ਼ਿਲੌਰ ਤਹਿਸੀਲ ਦੇ ਪਿੰਡ ਮਊ ਵਿੱਚ ਸ੍ਰੀ ਕ੍ਰਿਸ਼ਨ ਚੰਦ ਜੀ ਦੀ ਸਪੁਤਰੀ (ਮਾਤਾ) ਗੰਗਾ ਜੀ ਨਾਲ ਹੋਇਆ ।

# ਧਰਮ ਪਰਚਾਰ ਤੇ ਲੋਕ ਭਲਾਈ ਦੇ ਕੰਮ

ਕੋਈ ਵੀ ਧਰਮ ਭਾਵੇਂ ਕਿੰਨੀ ਹੀ ਵਧੀਆ ਵਿਚਾਰਧਾਰਾ ਵਾਲਾ ਕਿਉਂ ਨਾ ਹੋਵੇ, ਉਦੋਂ ਤਕ ਫੈਲ ਨਹੀਂ ਸਕਦਾ, ਜਦੋਂ ਤੱਕ ਉਸਨੂੰ ਕਿਸੇ ਠੀਕ ਵਿਉਂਤ ਅਨੁਸਾਰ ਪਰਚਾਰਿਆ ਨਾ ਜਾਵੇ । ਸਿੱਖ ਧਰਮ ਉਤੇ ਤਾਂ ਇਹ ਗੱਲ ਪੂਰੀ ਤਰ੍ਹਾਂ ਢੁਕਦੀ ਹੈ । ਇਹ ਧਰਮ ਉਦੋਂ ਤੱਕ ਹੀ ਜ਼ਿਆਦਾ ਫੈਲਿਆ ਜਦੋਂ ਤਕ ਇਸਦਾ ਪ੍ਰਚਾਰ ਹੁੰਦਾ ਰਿਹਾ । ਜਦੋਂ ਇਸਦਾ ਪਰਚਾਰ ਨਹੀਂ ਹੋ ਸਕਿਆ, ਉਦੋਂ ਇਸ ਦਾ ਫੈਲਾਅ ਜੇ ਰੁਕ ਨਹੀਂ ਗਿਆ ਤਾਂ ਘੱਟ ਜ਼ਰੂਰ ਗਿਆ ।

ਅਨੰਤ ਗਿਆਨ ਦੇ ਮਾਲਕ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਜਿਥੇ ਸੰਸਾਰ ਨੂੰ ਇੱਕ ਸਰਬੋਤਮ ਵਿਚਾਰਧਾਰਾ ਦਿਤੀ, ਉਥੇ ਉਮਰ ਭਰ ਇਸ ਦੇ ਪ੍ਰਚਾਰ ਵਿੱਚ ਲਗੇ ਰਹੇ। ਇਹ ਪ੍ਰਚਾਰ ਉਨ੍ਹਾਂ ਨੇ ਬਚਪਨ ਤੋਂ ਹੀ ਸ਼ੁਰੂ ਕਰ ਦਿੱਤਾ ਸੀ, ਜਦੋਂ ਉਹ ਆਪਣੇ ਅਧਿਆਪਕਾਂ ਨੂੰ ਵੀ ਉਪਦੇਸ਼ ਦਿੰਦੇ ਸਨ ਅਤੇ ਜਨੇਊ ਦੀ ਰਸਮ ਸਮੇਂ ਪੰਡਿਤ ਨੂੰ ਉਪਦੇਸ਼ ਦਿੱਤਾ ਸੀ । ਇੰਝ ਪਹਿਲਾਂ ਤਲਵੰਡੀ, ਫਿਰ ਸੁਲਤਾਨਪੁਰ, ਉਸਦੇ ਮਗਰੋਂ ਉਦਾਸੀਆਂ(ਪਰਚਾਰ-ਸਫ਼ਰਾਂ) ਅਤੇ ਅੰਤ ਵਿੱਚ ਕਰਤਾਰਪੁਰ ਵਿੱਚ ਧਰਮ ਦਾ ਪਰਚਾਰ ਕਰਦੇ ਰਹੇ । ਉਦਾਸੀਆਂ ਵਿੱਚ ਲੰਮੀਆਂ ਲੰਮੀਆਂ ਪੈਦਲ ਯਾਤਰਾਵਾਂ ਕੀਤੀਆਂ, ਚੋਰਾਂ, ਡਾਕੂਆਂ, ਜੰਗਲੀ ਜਾਨਵਰਾਂ ਦਾ ਖਤਰਾ ਮੁਲ ਲਿਆ, ਸਰੀਰਕ ਕਸ਼ਟਾਂ, ਭੁਖ-ਤ੍ਰੇਹ ਆਦਿ ਨੂੰ ਸਹਾਰਿਆ, ਕੱਟੜ ਧਾਰਮਕ ਆਗੂਆਂ ਬ੍ਰਾਹਮਣ, ਮੌਲਾਣੇ ਤੇ ਯੋਗੀ ਆਦਿਕਾਂ ਨਾਲ ਟੱਕਰ ਲਈ । ਇਹ ਸਭ ਕੁਝ ਕੇਵਲ ਧਰਮ-ਪਰਚਾਰ ਲਈ ਕੀਤਾ, ਜਿਸਦਾ ਮੰਤਵ ਲੋਕਾਈ ਨੂੰ ਪ੍ਰਭੂ ਨਾਲ ਜੋੜਨਾ ਤੇ ਸੁੱਚਜੀ ਜੀਵਨ-ਜਾਚ ਸਿਖਾਉਣਾ ਸੀ । ਇਸ ਪ੍ਰਚਾਰ ਦਾ ਸਿੱਟਾ ਹੀ ਸੀ ਕਿ ਗੁਰੂ ਨਾਨਕ ਦੇਵ ਜੀ ਦੇ ਸਮੇਂ ਸਿੱਖਾਂ ਦੀ ਗਿਣਤੀ ਤਿੰਨ ਕ੍ਰੋੜ ਦੇ ਲਗਪਗ ਹੋ ਗਈ ਸੀ ।

ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਜੀ ਤੱਕ ਸਭ ਗੁਰੂ ਸਾਹਿਬਾਨ ਨੇ ਧਰਮ ਪਰਚਾਰ ਨੂੰ ਹਮੇਸ਼ਾ ਹੀ ਤਰਜ਼ੀਹ ਦਿਤੀ । ਗੁਰੂ ਕਾਲ ਸਮੇਂ ਨਵੇਂ ਨਗਰ (ਪਰਚਾਰ ਦੇ ਕੇਂਦਰ) ਵਸਾਏ ਗਏ, ਪਚਾਰਕ ਮੰਜੀਆਂ ਤੇ ਪੀਹੜੇ ਥਾਪੇ ਗਏ, ਮਸੰਦ ਨਿਯੁਕਤ ਕੀਤੇ ਗਏ, ਪਰਚਾਰ ਲਈ ਯਾਤਰਾਵਾਂ ਕੀਤੀਆਂ, ਉਦਾਸੀਆਂ ਤੱਕ ਨੂੰ ਪ੍ਰੇਰ ਕੇ ਧਰਮ-ਪਰਚਾਰ ਦੇ ਕੰਮ ਵਿੱਚ ਲਾਇਆ ਗਿਆ, ਗੁਰਬਾਣੀ ਦੇ ਅਰਥਾਂ ਅਤੇ ਪਰਚਾਰ ਲਈ 'ਟਕਸਾਲਾਂ' ਕਾਇਮ ਕੀਤੀਆਂ ਗਈਆਂ, ਗੁਰੂ ਗ੍ਰੰਥ ਸਾਹਿਬ ਜੀ ਦੇ ਉਤਾਰੇ ਕਰਵਾ ਕੇ ਦੇਸ਼ ਦੇ ਕੋਨੇ-ਕੋਨੇ ਵਿੱਚ ਭੇਜੇ ਗਏ, ਗੁਰਬਾਣੀ ਦੇ ਗੁਟਕੇ ਭਾਰੀ ਗਿਣਤੀ ਵਿੱਚ ਲਿਖਵਾਏ ਗਏ, ਕਾਂਸ਼ੀ ਆਦਿ ਵਿੱਚ ਪ੍ਰਾਚੀਨ ਗ੍ਰੰਥਾਂ ਦੇ ਅਧਿਐਨ ਲਈ ਸਿੱਖ ਭੇਜੇ ਗਏ, ਗੁਰ-ਇਤਿਹਾਸ ਲਿਖਵਾਇਆ ਗਿਆ ਆਦਿ ।

ਗੁਰੂ ਅਰਜੁਨ ਦੇਵ ਜੀ ਜਦੋਂ ਉਸਾਰੀ ਦੇ ਕੰਮਾਂ ਤੋਂ ਵਿਹਲੇ ਹੋਏ ਤਾਂ ਆਪਨੇ ਦੂਰ-ਦੂਰ ਜਾ ਕੇ ਧਰਮ ਪ੍ਰਚਾਰ ਕਰਨ ਦਾ ਪ੍ਰੋਗਰਾਮ ਬਣਾਇਆ । ਆਪਨੇ ਲਗਾਤਾਰ ਦਸ ਸਾਲ ਮਾਝੇ ਤੇ ਦੁਆਬੇ ਦੇ ਪਿੰਡਾਂ ਵਿੱਚ ਸਿੱਖ ਧਰਮ ਦਾ ਪ੍ਰਚਾਰ ਕੀਤਾ ।

ਉਸ ਸਮੇਂ ਮਾਝੇ ਤੇ ਦੁਆਬੇ ਵਿੱਚ ਸਖੀ-ਸਰਵਰੀਆਂ ਦਾ ਕਾਫ਼ੀ ਜ਼ੋਰ ਸੀ । ਇਨ੍ਹਾਂ ਦੇ ਪ੍ਰਚਾਰ ਸਦਕਾ ਭਾਰੀ ਗਿਣਤੀ ਵਿੱਚ ਹਿੰਦੂ ਆਪਣਾ ਧਰਮ ਤਿਆਗ ਕੇ ਇਸਲਾਮ ਗ੍ਰਹਿਣ ਕਰ ਚੁਕੇ ਸਨ ਅਤੇ ਹੋਰ ਅਨੇਕਾਂ ਮੁਸਲਮਾਨ ਬਣੀ ਜਾ ਰਹੇ ਸਨ । ਸਰਵਰੀਏ ਸਿੱਖ ਧਰਮ ਦੇ ਵੀ ਵਿਰੁਧ ਸਨ । ਇਹ ਸਮਝਦੇ ਸਨ ਕਿ ਸਿੱਖ-ਧਰਮ ਉਨ੍ਹਾਂ ਦੀ ਹੋਂਦ ਲਈ ਭਾਰੀ ਖਤਰਾ ਹੈ ਕਿਉਂਕਿ ਸਿੱਖ ਧਰਮ ਮੜ੍ਹੀਆਂ, ਮੱਠਾਂ, ਪੀਰਖਾਨਿਆਂ ਦੀ ਪੂਜਾ ਦੇ ਵਿਰੁਧ ਹੈ, ਅਤੇ ਇਕ ਨਿਰੰਕਾਰ ਦੀ ਥਾਂ ਉਤੇ ਮਨੁੱਖਾਂ (ਦੇਹਧਾਰੀਆਂ) ਦੀ ਪੂਜਾ ਦੇ ਖਿਲਾਫ਼ ਹੈ । ਇਸ ਲਈ ਇਹ ਆਪਣੇ ਹਿੰਦੂ ਸ਼ਰਧਾਲੂਆਂ ਦੇ ਮਨਾਂ ਵਿੱਚ ਸਿੱਖ ਧਰਮ ਦੇ ਵਿਰੁਧ ਜ਼ਹਿਰੀਲੇ ਖਿਆਲ ਭਰਨ ਲਈ ਪੂਰੀ ਵਾਹ ਲਾਉਂਦੇ ਸਨ । ਇਸ ਲਈ ਗੁਰੂ ਅਰਜੁਨ ਦੇਵ ਜੀ ਨੂੰ ਸਖੀ-ਸਰਵਰੀਆਂ ਦੇ ਪਰਚਾਰ ਨੂੰ ਠੱਲ੍ਹ ਪਾਉਣ ਲਈ ਵਿਸ਼ੇਸ਼ ਯਤਨ ਕਰਨ ਪਏ ।

**ਸਖੀ ਸਰਵਰ** :- ਸਖੀ ਸਰਵਰਾਂ ਦੇ ਮੱਤ ਨੂੰ ਸੁਲਤਾਨ ਸੱਯਦ ਅਹਿਮਦ ਨੇ ਚਲਾਇਆ ਸੀ । ਉਸ ਦਾ ਜਨਮ ੧੨੫੩ ਈ: ਨੂੰ ਮੁਲਤਾਨ ਤੋਂ ੧੨ ਮੀਲਾਂ ਦੀ ਵਿੱਥ ਤੇ ਸਿਆਲਕੋਟ ਵਿੱਚ ਹੋਇਆ ਸੀ । ਉਸ ਦਾ ਪਿਤਾ ਬਗਦਾਦ ਦਾ ਰਹਿਣ ਵਾਲਾ ਸੀ, ਜਿਥੋਂ ਆ ਕੇ ਉਹ ਸੰਨ ੧੨੩੦ ਵਿੱਚ ਸਿਆਲਕੋਟ ਵਿੱਚ ਵਸ ਗਿਆ ।

ਸੁਲਤਾਨ ਅਹਿਮਦ ਦੇ ਹੋਰ ਕਈ ਨਾਉਂ ਸਖੀ ਸਰਵਰ, ਲਖਦਾਤਾ, ਲਾਲਾਂ ਵਾਲਾ, ਧੌਂਕਲੀਆ ਆਦਿਕ ਵੀ ਪ੍ਰਸਿੱਧ ਹਨ । ਸੁਲਤਾਨ ਦੇ ਥਾਨਾਂ ਨੂੰ ਪੀਰਖਾਨਾ ਕਿਹਾ ਜਾਂਦਾ ਹੈ, ਜੋ ਪੰਜਾਬ ਦੇ ਕਈ ਪਿੰਡਾਂ ਵਿੱਚ ਹਨ । ਸਰਵਰੀਏ ਅਥਵਾ ਸੁਲਤਾਨੀ ਹਰ ਵੀਰਵਾਰ ਨੂੰ ਪੀਰਖਾਨੇ ਇੱਕਠੇ ਹੁੰਦੇ ਸਨ ਅਤੇ ਵੱਡਾ ਰੋਟ (ਜੋ ਜ਼ਮੀਨ ਤਪਾ ਕੇ ਬਣਾਇਆ ਜਾਂਦਾ ਸੀ) ਗੁੜ ਨਾਲ ਚੋਪੜ ਕੇ ਪੀਰਖਾਨੇ ਭੇਟਾ ਕਰਦੇ ਸਨ । ਇਸ ਰੋਟ (ਵੱਡੀ ਸਾਰੀ ਰੋਟੀ) ਦਾ ਵਜ਼ਨ ਸਵਾ ਮਣ ਤੀਕ ਹੁੰਦਾ ਸੀ । ਸੁਲਤਾਨ ਦਾ ਪੁਜਾਰੀ ਜਿਸ ਨੂੰ ਭਿਰਾਈ ਕਹਿੰਦੇ ਸਨ, ਦਰੂਦ (ਮੁਸਲਮਾਨਾਂ ਦੀ ਇੱਕ ਧਾਰਮਕ ਪੁਸਤਕ) ਪੜ੍ਹ ਕੇ ਕੁਝ ਰੋਟ ਆਪ ਲੈ ਲੈਂਦਾ ਸੀ ਤੇ ਬਾਕੀ ਸ਼ਰਧਾਲੂਆਂ ਨੂੰ ਦੇ ਦਿੰਦਾ ਸੀ ।

ਸੁਲਤਾਨ ਸੱਯਦ ਅਹਿਮਦ ਦੀ ਮਿਰਤੂ ਸੰਨ ੧੨੯੧ ਵਿੱਚ ਹੋਈ । ਉਸਦੀ ਕਬਰ ਡੇਰਾ ਗਾਜ਼ੀਖਾਂ ਤੋਂ ੨੨ ਮੀਲ ਪੱਛਮ ਵੱਲ 'ਨਗਾਹੇ' ਪਿੰਡ ਵਿੱਚ ਹੈ । ਇਥੇ ਹੀ ਸੁਲਤਾਨ ਦੀ ਪਤਨੀ 'ਬੀਬੀ ਬਾਈਂ' ਦੀ ਕਬਰ ਵੀ ਹੈ । ਨਗਾਹੇ ਤੋਂ ਦੂਜੇ ਦਰਜੇ ਸੁਲਤਾਨ ਦਾ ਪੀਰਖਾਨਾ ਧੌਂਕਲ ਪਿੰਡ (ਵਜ਼ੀਰਾਬਾਦ ਦੇ ਕੋਲ) ਵਿਚ ਸੀ । ਇਕ ਪੀਰਖਾਨਾ ਮਾਝੇ ਦੇ ਥੰਡਾਲੇ ਨਗਰ ਤੋਂ ਡੇਢ ਮੀਲ ਦੀ ਵਿਥ ਤੇ ਪਿੰਡ ਪਖੋਕੇ ਦੇ ਨਾਲ ਵਗਦੀ ਨਹਿਰ ਦੇ ਕੰਢੇ ਉਤੇ ਵੀ ਸੀ । ਇਸ ਨੂੰ ਫਤੋ ਦਾ ਪੀਰਖਾਨਾ ਅਥਵਾ ਗੱਦੀ ਕਿਹਾ ਜਾਂਦਾ ਸੀ । ਹਿੰਦੂਆਂ ਦੀ ਨਜ਼ਰ ਵਿੱਚ ਸ਼ੇਖ ਫ਼ੱਤਾ ਇਕ ਮਹਾਨ ਸ਼ਖਸੀਅਤ ਸੀ । ਇਥੇ ਲੋਕ ਸਖੀ ਸਰਵਰ ਦੀ ਮੰਨਤ ਵਿੱਚ ਹਰ ਵੀਰਵਾਰ ਰਾਤ ਨੂੰ ਭੁੰਜੇ ਸੌਂਦੇ ਸਨ ਅਤੇ ਨਵੀਂ ਸੂਈ ਗਾਂ-ਮੱਝ ਦੇ ਦੁੱਧ ਨੂੰ ਅੰਨ ਨਾਲ ਰਲਾਉਣ ਤੋਂ ਪਹਿਲਾਂ ਖੀਰ ਰਿੰਨ੍ਹ ਕੇ ਇਥੇ ਲੈ ਕੇ ਆਉਂਦੇ ਸਨ । ਇਹ ਗੱਦੀ ਜਿਥੇ ਹੁਣ ਤਰਨ ਤਾਰਨ ਨਗਰ ਹੈ, ਉੱਥੋਂ ਪੰਜ ਕੁ ਮੀਲ ਝਬਾਲ ਵਲ ਸੀ ।

ਹਿੰਦੂ ਧਰਮ ਤੋਂ ਇਸਲਾਮ ਵਲ ਆਉਣ ਲਈ ਸਰਵਰੀਆ ਬਣਨਾ ਪਹਿਲਾ ਪੜਾਅ ਸੀ ਤੇ ਅਗਲਾ ਕਦਮ ਸੀ ਮੁਸਲਮਾਨੀ ਮਤ ਵਿੱਚ ਦਾਖਲ ਹੋਣਾ । ਸਖੀ-ਸਰਵਰੀਆਂ

ਦੀ ਉਪਰੋਕਤ ਗੱਦੀ ਕਿਉਂਕਿ ਮਾਝੇ ਦੇ ਵਿਚਕਾਰ ਸੀ, ਇਸ ਲਈ ਹਿੰਦੂ ਜਨਤਾ ਨੂੰ ਇਸਦੇ ਅਸਰ ਤੋਂ ਬਚਾਉਣ ਲਈ ਸਿੱਖ ਧਰਮ ਦਾ ਪਰਚਾਰ ਕੇਂਦਰ ਕਰਤਾਰਪੁਰ (ਰਾਵੀ)ਤੋਂ ਬਦਲ ਕੇ ਖਡੂਰ ਸਾਹਿਬ ਲਿਆਂਦਾ ਗਿਆ ਸੀ ।

**ਗੁਰੂ ਅਰਜੁਨ ਦੇਵ ਜੀ ਦੇ ਪਰਚਾਰ-ਸਫ਼ਰ : (ੳ) ਦੱਖਣ ਪਾਸੇ (ਮਾਝੇ ਤੇ ਦੁਆਬੇ ਦਾ ਦੌਰਾ)** :- ਸੰਨ ੧੫੯੦ ਦੇ ਅਰੰਭ ਵਿੱਚ ਹਰਿ-ਮੰਦਰ ਸਾਹਿਬ ਦੀ ਇਮਾਰਤ ਮੁਕੰਮਲ ਹੋ ਗਈ ਤੇ ਕੁਝ ਸਮੇਂ ਮਗਰੋਂ ਗੁਰੂ ਅਰਜੁਨ ਦੇਵ ਜੀ ਮਾਝੇ ਤੇ ਦੁਆਬੇ ਵਿੱਚ ਪਰਚਾਰ ਕਰਨ ਲਈ ਤੁਰ ਪਏ । ਪਹਿਲਾਂ ਭਾਈ ਹਿੰਦਾਲ ਜੀ ਦੇ ਨਗਰ ਜੰਡਿਆਲੇ ਗਏ । ਇਥੋਂ ਪਿੰਡ ਖਾਰ ਗਏ । ਆਲੇ-ਦੁਆਲੇ ਦੇ ਪਿੰਡਾਂ ਤੋਂ ਜ਼ਮੀਨ ਖਰੀਦ ਕੇ **ਤਰਨ ਤਾਰਨ** ਨਗਰ ਦੀ ਨੀਂਹ ਰੱਖੀ । ਇਥੇ ਇਕ ਵੱਡਾ ਸਰੋਵਰ ਬਣਵਾਉਣਾ ਭੀ ਅਰੰਭ ਕਰ ਦਿਤਾ । ਸਿੱਖ ਇਤਿਹਾਸ ਅਨੁਸਾਰ ਇਹ ਕੰਮ ਸੰਨ ੧੫੯੦ ਦੇ ਵੈਸਾਖ ਮਹੀਨੇ ਵਿੱਚ ਆਰੰਭ ਕੀਤਾ ਗਿਆ । ਤਰਨਤਾਰਨ ਦਾ ਨਗਰ ਬਣਨਾ ਸਰਵਰੀਆਂ ਦੇ ਰਸੂਖ ਉਤੇ ਭਾਰੀ ਚੋਟ ਸੀ । ਸ਼ੇਖ ਫੱਤੋ ਦੀ ਗੱਦੀ ਵਾਲੇ ਵੀ ਅਵੇਸਲੇ ਨਹੀਂ ਸਨ ਬੈਠੇ । ਜਦੋਂ ਸਰੋਵਰ ਨੂੰ ਪੱਕਾ ਕਰਨ ਲਈ ਇੱਟਾਂ ਦੇ ਆਵੇ ਪਕਾਏ ਗਏ, ਤਾਂ ਇਨ੍ਹਾਂ ਦੀ ਸ਼ਹਿ ਤੇ ਉਸ ਇਲਾਕੇ ਦੇ ਇੱਕ ਮੁਸਲਮਾਨ ਹਾਕਮ ਨੂਰਦੀਨ ਦੇ ਪੁੱਤਰ *ਅਮੀਰ ਦੀਨ ਨੇ ਉਹ ਸਾਰੀਆਂ ਇੱਟਾਂ ਜ਼ੋਰ-ਧੱਕੇ ਨਾਲ ਆਪਣੇ ਬਾਪ ਦੇ ਨਾਂ ਤੇ ਬਣ ਰਹੀ ਸਰਾਂ ਨੂੰ ਲਵਾ ਲਈਆਂ । ਸਰਵਰੀਆਂ ਦੀਆਂ ਅਜਿਹੀਆਂ ਹਰਕਤਾਂ ਦੇ ਹੁੰਦਿਆਂ ਹੋਇਆਂ ਵੀ ਸਿੱਖੀ ਦਾ ਇਹ ਨਵਾਂ ਪਰਚਾਰ-ਕੇਂਦਰ ਦਿਨੋ ਦਿਨ ਤਰੱਕੀ ਕਰਦਾ ਗਿਆ । ਤਰਨਤਾਰਨ ਵਿੱਚ ਗੁਰੂ ਜੀ ਨੇ ਪਹਿਲਾ ਕੋਹੜੀ ਘਰ ਵੀ ਬਣਵਾਇਆ ।

ਤਰਨਤਾਰਨ ਦੀ ਉਸਾਰੀ ਸਮੇਂ ਗੁਰੂ ਜੀ ਖਡੂਰ ਅਤੇ ਗੋਇੰਦਵਾਲ ਤੱਕ ਆਲੇ-ਦੁਆਲੇ ਦੇ ਸਭ ਪਿੰਡਾਂ ਵਿੱਚ ਪਰਚਾਰ ਕਰਦੇ ਰਹੇ ।

ਫਿਰ ਸਰਹਾਲੀ ਗਏ । ਇਥੇ ਭੈਣੀ ਪਿੰਡ ਦੀ ਸੰਗਤ ਪੁਜੀ ਤੇ ਅਰਦਾਸ ਕੀਤੀ ਕਿ ਸਾਡੇ ਪਿੰਡ ਵੀ ਚਰਨ ਪਾਓ । ਜਦ ਆਪ ਜੀ ਸੰਗਤਾਂ ਸਮੇਤ ਭੈਣੀ ਪੁੱਜੇ ਤਾਂ ਦੁਪਹਿਰ ਹੋ ਚੁੱਕੀ ਸੀ । ਇੰਨੀ ਜਲਦੀ ਲੰਗਰ ਤਿਆਰ ਨਹੀਂ ਸੀ ਹੋ ਸਕਦਾ। ਇਕ ਮਾਈ ਮੱਖਣ ਤੇ ਮਿਠਾ ਪਾ ਕੇ ਚੂਰੀ ਕੁੱਟ ਕੇ ਥਾਲ ਭਰ ਲੈ ਆਈ । ਸਤਿਗੁਰਾਂ ਛਕਿਆ ਤੇ ਆਖਿਆ ਬਹੁਤ ਸੁਆਦਲਾ ਚੋਲ੍ਹਾ ਬਣਾ ਕੇ ਖਵਾਇਆ ਜੇ । ਉਸ ਪਿੰਡ ਦਾ ਨਾਮ ਹੀ ਚੋਲ੍ਹਾ ਪੈ ਗਿਆ।

ਇਥੋਂ ਲਾਗਲੇ ਪਿੰਡ ਖਾਨਪੁਰ ਗਏ । ਇਹ ਸਖੀ-ਸਰਵਰ ਦੇ ਪੁਜਾਰੀਆਂ ਦਾ ਪਿੰਡ ਸੀ । ਆਪ ਜੀ ਨੇ ਪਿੰਡ ਤੋਂ ਬਾਹਰ ਹੀ ਡੇਰਾ ਕੀਤਾ । ਪਿੰਡ ਵਾਲਿਆਂ ਨੂੰ ਪਤਾ ਲਗਾ। ਕੁਝ ਪਿੰਡ-ਵਾਸੀਆਂ ਨੇ ਆ ਕੇ ਮਾੜੇ ਬਚਨ ਵੀ ਬੋਲੇ ਸਤਿਗੁਰੂ ਜੀ ਨੇ ਸੰਗਤਾਂ ਨੂੰ ਸ਼ਾਂਤ ਰਹਿਣ ਦਾ ਉਪਦੇਸ਼ ਦਿਤਾ । ਇਥੇ ਭਾਈ ਹੇਮਾ ਜੀ ਦੀ ਬੇਨਤੀ ਤੇ ਪਿੰਡ ਵਿੱਚ ਉਸ ਦੇ ਘਰ (ਝੌਂਪੜੀ) ਵਿੱਚ ਚਰਨ ਪਾਏ ।

ਇਥੋਂ ਸਤਿਗੁਰੂ ਜੀ ਬਿਆਸਾ ਪਾਰ ਕਰਕੇ ਦੁਆਬੇ ਵਿੱਚ ਆ ਗਏ । ਦੁਆਬੇ ਵਿੱਚ ਵੀ ਉਦੋਂ ਸਖੀ-ਸਰਵਰੀਆਂ ਦਾ ਕਾਫ਼ੀ ਜ਼ੋਰ ਸੀ । ਉਤੋਂ ਸਿਤਮ ਦੀ ਗੱਲ ਇਹ ਕਿ

* ਪ੍ਰਿੰ: ਸਤਿਬੀਰ ਸਿੰਘ ਨੇ ਨਾਮ ਅਮਾਨਤ ਖਾਨ ਲਿਖਿਆ ਹੈ ।
ਵੇਖੋ, ਪੁਸਤਕ ਪਰਤਖੁ ਹਰਿ ਪੰਨਾ-੯੨।

ਹਿੰਦੂਆ ਦੇ ਨੇਤਾ ਬ੍ਰਾਹਮਣ ਹਿੰਦੂਆਂ ਨੂੰ ਬਚਾਉਣ ਲਈ ਕੋਈ ਯਤਨ ਨਹੀਂ ਸਨ ਕਰ ਰਹੇ। ਇਕ ਤਾਂ ਉਂਝ ਹੀ ਜੱਟਾਂ ਨੂੰ ਸ਼ੂਦਰ-ਸ਼੍ਰੇਣੀ ਵਿੱਚ ਗਿਣ ਰਹੇ ਸਨ, ਦੂਜੇ ਉਨ੍ਹਾਂ ਦੀ ਆਪਣੀ ਪੂਜਾ-ਮਾਨਤਾ ਵਿੱਚ ਕੋਈ ਫਰਕ ਨਹੀਂ ਸੀ ਪੈ ਰਿਹਾ । ਸਰਵਰੀਏ ਲੋਕ ਹਿੰਦੂਆਂ ਦੇ ਦਿਨ-ਤਿਉਹਾਰਾਂ ਸਮੇਂ ਬ੍ਰਾਹਮਣ ਨੂੰ ਮੱਥਾ ਟੇਕ ਦਿੰਦੇ ਸਨ ਤੇ ਹਰ ਵੀਰਵਾਰ ਨੂੰ ਸਖੀ ਸਰਵਰ ਦੀ ਮੰਨਤ ਵੀ ਮਨਾ ਲੈਂਦੇ ਸਨ । ਹਿੰਦੂਆਂ ਦੀ ਬਾਂਹ ਫੜਨ ਵਾਲਾ ਕੋਈ ਨਹੀਂ ਸੀ । ਇਸ ਲਈ ਸਖੀ ਸਰਵਰ ਦਾ ਰਸੂਖ ਹਿੰਦੂਆਂ ਦੇ ਮਨ ਵਿੱਚ ਚੰਗੀ ਤਰ੍ਹਾਂ ਘਰ ਕਰ ਗਿਆ ।

ਸਖੀ ਸਰਵਰੀਆਂ ਦੇ ਪ੍ਰਚਾਰ ਨੂੰ ਠਲ੍ਹ ਪਾਉਣ ਲਈ ਤੇ ਗੁਰੂ ਨਾਨਕ ਸਾਹਿਬ ਦੇ ਮੱਤ ਨੂੰ ਫੈਲਾਉਣ ਲਈ ਗੁਰੂ ਜੀ ਨੇ ਦੁਆਬੇ ਵਿੱਚ ਵੀ ਸਿੱਖ-ਪ੍ਰਭਾਵੀ ਨਗਰ ਵਸਾਉਣ ਦਾ ਫੈਸਲਾ ਕੀਤਾ । ਸੰਨ ੧੫੯੩ ਵਿੱਚ ਆਪਨੇ **ਕਰਤਾਰਪੁਰ** (ਜ਼ਿਲਾ ਜਲੰਧਰ) ਦੀ ਨੀਹ ਰੱਖੀ । ਉਦੋਂ ਮੱਘਰ ਦਾ ਮਹੀਨਾ ਸੀ । ਇਕ ਖੂਹ ਵੀ ਲਵਾਇਆ ਜਿਸ ਦਾ ਨਾਮ 'ਗੰਗਸਰ' ਰਖਿਆ । ਅਨੇਕਾਂ ਲੋਕ ਸਖੀਸਰਵਰ ਮੱਤ ਤਿਆਗ ਕੇ ਸਿੱਖ ਸਜ ਗਏ । ਚਾਰ ਕੁ ਸਾਲ ਧਰਮ ਪ੍ਰਚਾਰ ਕਰਨ ਮਗਰੋਂ ਸਤਿਗੁਰੂ ਜੀ ਵਾਪਿਸ ਅੰਮ੍ਰਿਤਸਰ ਆ ਗਏ ।

### (ਅ) ਅੰਮ੍ਰਿਤਸਰ ਤੋਂ ਲਹਿੰਦੇ ਪਾਸੇ ਵਲ ਪਰਚਾਰ ਸਰਗਰਮੀਆਂ:

ਦੁਆਬੇ ਤੋਂ ਵਾਪਿਸ ਆਕੇ ਕੁਝ ਦਿਨ ਹੀ ਅੰਮ੍ਰਿਤਸਰ ਵਿੱਚ ਆਰਾਮ ਕੀਤਾ । ਫਿਰ ਸੰਨ ੧੫੯੪ ਵਿੱਚ ਲਹਿੰਦੇ ਵਲ ਚਲ ਪਏ । ਅੰਮ੍ਰਿਤਸਰ ਤੋਂ ਲਹਿੰਦੇ ਪਾਸੇ, ਚਾਰ ਕੁ ਮੀਲਾਂ ਦੀ ਵਿੱਥ ਤੇ ਵਡਾਲੀ ਨਾਮ ਦਾ ਨਗਰ ਹੈ । ਵਡਾਲੀ ਪੱਕਾ ਡੇਰਾ ਰਖਿਆ ਤੇ ਦੂਰ ਦੂਰ ਪ੍ਰਚਾਰ ਕਰਨ ਜਾਂਦੇ ਰਹੇ । ਏਥੇ ਹੀ (ਵਡਾਲੀ ਵਿੱਚ) ੧੯ ਜੂਨ, ੧੫੯੫ ਮੁਤਾਬਿਕ ੨੧ ਹਾੜ ਸੰਮਤ ੧੬੫੨ ਨੂੰ (ਗੁਰੂ) ਹਰਿ ਗੋਬਿੰਦ ਸਾਹਿਬ ਦਾ ਜਨਮ ਹੋਇਆ । ਵੀਰਵਾਰ ਦਾ ਦਿਹਾੜਾ ਸੀ ।

ਇਨ੍ਹਾਂ ਹੀ ਦਿਨਾਂ ਵਿੱਚ ਪੰਜਾਬ ਵਿੱਚ ਬੜਾ ਕਾਲ ਪਿਆ । ਖੂਹਾਂ ਚੋਂ ਪਾਣੀ ਮੁੱਕ ਗਿਆ । ਇਸ ਕਰਕੇ ਫ਼ਸਲਾਂ ਵੀ ਨਾ ਹੋ ਸਕੀਆਂ, ਕਿਉਂਕਿ ਪਾਣੀ ਦਾ ਹੋਰ ਕੋਈ ਸਾਧਨ ਤਾਂ ਹੈ ਨਹੀਂ ਸੀ । ਸੰਨ ੧੫੯੫ ਵਿੱਚ ਬੜੀ ਸਖ਼ਤ ਔੜ ਲੱਗ ਗਈ । ਤਿੰਨ ਸਾਲ ਅੰਤਾਂ ਦਾ ਕਾਲ ਪਿਆ । ਕਾਲ ਦੇ ਕਾਰਨ ਬੀਮਾਰੀਆਂ ਵੀ ਬਹੁਤ ਫੈਲਦੀਆਂ ਹਨ । ਢਿਡੋਂ ਭੁਖੇ, ਕਮਜ਼ੋਰ ਸਰੀਰਾਂ ਵਾਲੇ ਲੋਕਾਂ ਨੂੰ ਬੀਮਾਰੀਆਂ ਵੀ ਜਲਦੀ ਆ ਘੇਰਦੀਆਂ ਹਨ। ਬਿਪਤਾਂ ਕਸ਼ਟਾਂ ਵਿੱਚ ਪਏ ਹੋਏ ਲੋਕ ਜਾਦੂ-ਟੂਣਿਆ ਤੇ ਧਾਗੇ-ਤਵੀਤਾਂ ਵਲ ਮੂੰਹ ਫੇਰ ਲੈਂਦੇ ਹਨ । ਗੁਰੂ ਅਰਜੁਨ ਦੇਵ ਜੀ ਬਿਪਤਾ ਦੇ ਇਸ ਸਮੇਂ ਪਿੰਡ-ਪਿੰਡ ਪਹੁੰਚੇ । ਲੋਕਾਂ ਨੂੰ ਢਾਰਸ ਦਿਤੀ, ਦੁਆ-ਦਾਰੂ ਕੀਤਾ ਅਤੇ ਜ਼ਰੂਰੀ ਵਸਤਾਂ ਦਾ ਪ੍ਰਬੰਧ ਵੀ ਕੀਤਾ । ਸਿੱਖ-ਸੰਗਤਾਂ ਨੇ ਕਾਲ-ਪੀੜਤਾਂ ਦੀ ਜਿੰਦ ਜਾਨ ਨਾਲ ਸੇਵਾ ਕੀਤੀ । ਪਹਿਲਾਂ ਦਸਵੰਧ ਦੀ ਮਾਇਆ ਅੰਮ੍ਰਿਤਸਰ ਸ਼ਹਿਰ ਦੀ ਉਸਾਰੀ, ਸਰੋਵਰਾਂ ਅਤੇ ਹਰਿਮੰਦਰ ਸਾਹਿਬ ਦੀ ਤਿਆਰੀ ਲਈ ਖਰਚ ਹੁੰਦੀ ਸੀ, ਹੁਣ ਉਹ ਕਾਲ-ਪੀੜਤਾਂ ਦੀ ਸਹਾਇਤਾ ਲਈ ਖਰਚ ਹੋਣ ਲਗ ਪਈ । ਪਾਣੀ ਦੀ ਕਿੱਲਤ ਵਾਲੇ ਇਲਾਕਿਆਂ ਵਿੱਚ ਆਪ ਨੇ ਖੂਹ ਲਗਵਾਏ । ਹਾਲਾਤ ਨੂੰ ਧਿਆਨ ਵਿੱਚ ਰਖ ਕੇ ਆਪ ਨੇ ਇਕ-ਹਰਟੇ ਖੂਹਾਂ ਦੀ ਥਾਂ ਉਤੇ, ਦੋ-ਹਰਟੇ, ਚਾਰ-ਹਰਟੇ ਖੂਹ ਵਧੇਰੇ ਲਗਵਾਏ ਤਾਂ ਕਿ ਇੱਕ-ਇੱਕ ਖੂਹ ਤੋਂ ਦੋ ਦੋ ਚਾਰ-ਚਾਰ ਖੂਹਾਂ ਦਾ ਕੰਮ ਲਿਆ ਜਾ ਸਕੇ ।

ਵਡਾਲੀ ਤੋਂ ਲਹਿੰਦੇ ਪਾਸੇ ਆਪ ਜੀ ਨੇ ਛੇ-ਹਰਟਾਂ ਵਾਲਾ ਖੂਹ ਲਗਵਾਇਆ । ਉਹ ਖੂਹ ਅਜੇ ਵੀ ਕਾਇਮ ਹੈ ਤੇ ਉਥੇ ਗੁਰਦੁਆਰਾ ਛੇਹਰਟਾ ਸਾਹਿਬ ਹੈ ।

ਤਿੰਨ ਸਾਲਾਂ ਦਾ ਚੱਕਰ ਲਗਾ ਕੇ ਗੁਰੂ ਜੀ ਅੰਮ੍ਰਿਤਸਰ ਆ ਗਏ । ਉਦੋਂ ਬਾਲਕ ਹਰਿਗੋਬਿੰਦ ਦੋ ਸਾਲਾਂ ਦੇ ਹੋ ਚੁਕੇ ਸਨ ।

**(ੲ) ਲਾਹੌਰ ਵਿੱਚ ਕਾਲ-ਪੀੜਤਾਂ ਦੀ ਸਹਾਇਤਾ :** ਗੁਰੂ ਜੀ ਅੰਮ੍ਰਿਤਸਰ ਬਹੁਤਾ ਚਿਰ ਨਾ ਠਹਿਰ ਸਕੇ । ਲਾਹੌਰ ਤੋਂ ਖਬਰਾਂ ਆਈਆਂ ਕਿ ਉਥੇ ਬੜਾ ਭਿਆਨਕ ਕਾਲ ਪੈ ਗਿਆ ਹੈ । ਸ਼ਹਿਰ ਨਿਵਾਸੀਆਂ ਦੀ ਹਾਲਤ ਬਹੁਤ ਤਰਸਯੋਗ ਹੋ ਗਈ ਹੈ । ਲਾਹੌਰ ਪੰਜਾਬ ਦਾ ਸਭ ਤੋਂ ਵੱਡਾ ਸ਼ਹਿਰ ਸੀ । ਭਾਰੀ ਗਿਣਤੀ ਵਿੱਚ ਲੋਕ ਵਸਦੇ ਸਨ । ਲੋਕਾਂ ਦੀਆਂ ਲੋੜਾਂ ਪੂਰੀਆਂ ਕਰਨ ਲਈ ਭਾਰੀ ਮਿਕਦਾਰ ਵਿੱਚ ਦਵਾਈਆਂ ਤੇ ਅੰਨ-ਦਾਣੇ ਦੀ ਲੋੜ ਸੀ । ਪਰ ਪਿੰਡਾਂ ਵਿਚੋਂ ਅੰਨ-ਦਾਣਾ ਤਾਂ ਹੀ ਆਉਂਦਾ, ਜੇ ਕੁਝ ਉਥੇ ਹੁੰਦਾ। ਪਿੰਡਾਂ ਵਿੱਚ ਵੀ ਤਾਂ ਔੜ ਕਾਰਨ ਫ਼ਸਲਾਂ ਦੀ ਹਾਲਤ ਬਹੁਤ ਮਾੜੀ ਸੀ ।

ਲਾਹੌਰ ਦੀ ਹਾਲਤ ਦਾ ਬਿਆਨ ਇਕੱ ਮੁਸਲਮਾਨ ਇਤਿਹਾਸਕਾਰ ਨੂਰੁਲ-ਹੱਕ ਨੇ ਕੀਤਾ ਹੈ । ਉਹ ਲਿਖਦਾ ਹੈ ਕਿ ਭੁੱਖ ਅਤੇ ਬੀਮਾਰੀਆਂ ਦੇ ਕਾਰਨ ਲਾਹੌਰ ਸ਼ਹਿਰ ਦੀਆਂ ਗਲੀਆਂ ਤੇ ਬਜ਼ਾਰ ਮੁਰਦਿਆਂ ਨਾਲ ਭਰੇ ਰਹਿੰਦੇ ਸਨ । ਉਨ੍ਹਾਂ ਨੂੰ ਸ਼ਹਿਰ ਵਿਚੋਂ ਚੁਕ ਕੇ ਬਾਹਰ ਦੱਬਣ-ਸਾੜਨ ਦਾ ਕੋਈ ਤਸੱਲੀਬਖਸ਼ ਪ੍ਰਬੰਧ ਨਹੀਂ ਰਹਿ ਗਿਆ ਸੀ ।

(ਪ੍ਰੋ: ਸਾਹਿਬ ਸਿੰਘ/ ਜੀਵਨ ਬ੍ਰਿਤਾਂਤ ਗੁਰੂ ਅਰਜਨ ਦੇਵ ਜੀ,
ਐਡੀਸ਼ਨ ੧੯੯੦/ਪੰਨਾ-੩੩)

ਲਾਹੌਰ ਸ਼ਹਿਰ ਦੀ ਹਾਲਤ ਇੰਨੀ ਭੈੜੀ ਹੋ ਗਈ ਸੀ ਕਿ ਬਾਦਸ਼ਾਹ ਅਕਬਰ ਨੂੰ ਵੀ ਸੰਨ ੧੫੯੭ ਵਿੱਚ ਆਗਰੇ ਤੋਂ ਲਾਹੌਰ ਆਉਣਾ ਪਿਆ ਸੀ ।

ਗੁਰੂ ਅਰਜੁਨ ਦੇਵ ਜੀ ਕਾਲ ਪੀੜਤਾਂ ਦੀ ਸਹਾਇਤਾ ਲਈ ਲਾਹੌਰ ਪੁੱਜੇ। ਗੁਰੂ ਜੀ ਦੀ ਚਲਾਈ ਹੋਈ ਦਸਵੰਧ ਦੀ ਪ੍ਰਥਾ ਬੜੀ ਸਫ਼ਲਤਾ ਸਹਿਤ ਚਲ ਰਹੀ ਸੀ। ਕਾਲ ਦੇ ਸਤਾਏ ਹੋਏ ਲੋਕਾਂ ਦੀ ਸੇਵਾ ਸੰਭਾਲ ਕਰਨ ਵਿੱਚ ਦਸਵੰਧ ਦੀ ਮਾਇਆ ਬਹੁਤ ਕੰਮ ਆਈ । ਗੁਰੂ ਜੀ ਨੇ ਭੁਖਿਆਂ ਵਾਸਤੇ ਲੰਗਰ ਲਗਾ ਦਿਤੇ । ਅਨੇਕਾਂ ਬੱਚਿਆਂ ਦੇ ਮਾਪੇ ਕਾਲ ਦਾ ਸ਼ਿਕਾਰ ਹੋ ਗਏ । ਉਨ੍ਹਾਂ ਯਤੀਮਾਂ ਦੀ ਸੇਵਾ-ਸੰਭਾਲ ਵੀ ਕੀਤੀ । ਆਸ਼੍ਰਮ ਬਣਾਏ ਤੇ ਉਥੇ ਵੀ ਲੰਗਰ ਜਾਰੀ ਕੀਤੇ ।

ਇਕੱ ਪਾਸੇ ਸੇਵਾ ਦੇ ਕੰਮ ਜਾਰੀ ਰਹੇ, ਦੂਜੇ ਪਾਸੇ ਗੁਰੂ ਜੀ ਨੇ ਚੂਨਾ ਮੰਡੀ ਵਿਚ ਸ੍ਰੀ ਗੁਰੂ ਰਾਮਦਾਸ ਜੀ ਦੇ ਜਨਮ-ਅਸਥਾਨ ਦੀ ਇਮਾਰਤ ਬਣਵਾਉਣੀ ਸ਼ੁਰੂ ਕਰ ਦਿਤੀ। ਇਸਦੇ ਨਾਲ ਡੱਬੀ ਬਜ਼ਾਰ ਵਿੱਚ ਗੁਰਦੁਆਰਾ ਬਾਉਲੀ ਸਾਹਿਬ ਵੀ ਬਣਵਾਉਣਾ ਸ਼ੁਰੂ ਕਰ ਦਿੱਤਾ। ਇੰਝ ਬੇ-ਰੁਜ਼ਗਾਰਾਂ ਨੂੰ ਰੁਜ਼ਗਾਰ ਮਿਲ ਗਿਆ ।

ਇਨ੍ਹਾਂ ਦਿਨਾਂ ਵਿੱਚ ਪੁਰਤਗਾਲ ਦੇ ਈਸਾਈ ਪਾਦਰੀ ਵੀ ਲਾਹੌਰ ਆਏ ਹੋਏ ਸਨ। ਉਨ੍ਹਾਂ ਨੇ ਵੀ ਯਤੀਮ-ਖਾਨੇ ਖੋਹਲੇ । ਅਕਬਰ ਨੇ ਗੁਰੂ ਜੀ, ਉਨ੍ਹਾਂ ਦੇ ਸਿੱਖਾਂ ਅਤੇ ਈਸਾਈ ਪਾਦਰੀਆਂ ਦੀ ਲੋਕ-ਸੇਵਾ ਨੂੰ ਬਹੁਤ ਸਲਾਹਿਆ ।

ਗੁਰੂ ਜੀ ਅੱਠ ਮਹੀਨੇ ਲਗਾਤਾਰ ਲਾਹੌਰ ਵਿੱਚ ਕਾਲਪੀੜਤਾਂ ਦੀ ਸੇਵਾ ਕਰਦੇ ਰਹੇ । ਉਨ੍ਹਾਂ ਦਾ ਪਰਿਵਾਰ ਵੀ ਨਾਲ ਸੀ । ਜਦੋਂ ਹਾਲਤ ਕੁਝ ਸੁਧਰੇ ਤਾਂ ਸੇਵਾ ਦੇ ਕੰਮ

ਆਪਣੇ ਸਿੱਖਾਂ ਦੇ ਸਪੁਰਦ ਕਰਕੇ ਆਪ ਲਾਹੌਰ ਤੋਂ ਦੱਖਣ ਪਾਸੇ ਦੇ ਪਿੰਡਾਂ ਵਲ ਚਲ ਪੁਏ। ਰਾਵੀ ਕੰਢੇ ਤਕ ਸਭ ਪਿੰਡਾਂ ਵਿੱਚ ਗਏ । ਮਦਰ, ਜੰਬਰ, ਚੂਨੀਆਂ, ਬਹੜਵਾਲ ਉਸ ਇਲਾਕੇ ਦੇ ਉਘੇ ਨਗਰ ਸਨ । ਕਾਲ-ਪੀੜਤ ਤੇ ਰੋਗ-ਗ੍ਰਸਤ ਪੇਂਡੂਆਂ ਨੂੰ ਢਾਰਸ ਦਿਤੀ ਤੇ ਦੁਆ-ਦਾਰੂ ਕੀਤਾ । ਪਿੰਡਾਂ ਵਿੱਚ ਖੂਹ ਲਗਾਏ ਤੇ ਖੂਹ ਲਗਵਾਉਣ ਦੀ ਪ੍ਰੇਰਨਾ ਦਿੱਤੀ । ਉਸ ਸਾਰੇ ਇਲਾਕੇ ਦਾ ਚੱਕਰ ਲਾ ਕੇ ਆਪ ਗੋਇੰਦਵਾਲ ਪੁਜੇ ਤੇ ਉਥੋਂ ਅੰਮ੍ਰਿਤਸਰ ਆਏ। ਉਦੋਂ ਸੰਨ ੧੫੯੮ ਖਤਮ ਹੋਣ ਤੇ ਸੀ ।

ਅਕਬਰ ਨੂੰ ਭੀ ੧੫੯੮ ਦੇ ਅਖੀਰ ਵਿੱਚ ਲਾਹੌਰ ਤੋਂ ਆਗਰੇ ਜਾਣਾ ਪਿਆ ਕਿਉਂਕਿ ਦਖਣ ਵਿੱਚ ਉਸਦੇ ਇਕ ਮੁਖੀ ਸਰਦਾਰ ਨੇ ਬਗਾਵਤ ਕਰ ਦਿੱਤੀ ਸੀ । ਗੁਰੂ ਜੀ ਉਸ ਸਮੇਂ ਅਜੇ ਗੋਇੰਦਵਾਲ ਵਿਚ ਹੀ ਸਨ । ਅਕਬਰ ਏਥੇ ਉਨ੍ਹਾਂ ਦੇ ਦਰਸ਼ਨ ਕਰਨ ਆਇਆ । ਗੁਰੂ ਜੀ ਨੇ ਪਿੰਡਾਂ ਵਿੱਚ ਤੇ ਲਾਹੌਰ ਸ਼ਹਿਰ ਵਿੱਚ ਕਾਲ-ਮਾਰੇ ਲੋਕਾਂ ਦੀ ਜੋ ਸੇਵਾ ਕੀਤੀ ਸੀ, ਉਸਦੀਆਂ ਰੀਪੋਰਟਾਂ ਅਕਬਰ ਨੂੰ ਮਿਲਦੀਆਂ ਰਹੀਆਂ ਸਨ । ਉਹ ਗੁਰੂ ਜੀ ਦੇ ਮਹਾਨ ਕਾਰਜਾਂ ਤੋਂ ਬਹੁਤ ਪ੍ਰਭਾਵਿਤ ਸੀ । ਸਤਿਗੁਰੂ ਜੀ ਨੇ ਉਸਨੂੰ ਪਿੰਡਾਂ ਦੇ ਲੋਕਾਂ ਦੇ ਦੁਖੜੇ ਦਸੇ ਅਤੇ ਕਿਹਾ ਕਿ ਕਿਸਾਨਾਂ ਦੀ ਹਾਲਤ ਮਾਮਲਾ ਦੇਣ ਯੋਗ ਨਹੀਂ ਹੈ। ਗੁਰੂ ਜੀ ਦੇ ਕਹਿਣ ਤੇ ਅਕਬਰ ਨੇ ਉਸ ਸਾਲ ਪੰਜਾਬ ਦਾ ਬਹੁਤ ਸਾਰਾ ਮਾਮਲਾ ਮੁਆਫ਼ ਕਰ ਦਿਤਾ ।

### (ਸ) ਅੰਮ੍ਰਿਤਸਰ ਤੋਂ ਪਹਾੜ ਵਾਲੇ ਪਾਸੇ ਤੇ ਗੁਰਦਾਸ ਪੁਰ ਦੀ ਫੇਰੀ :

ਗੁਰੂ ਜੀ ਨੂੰ ਧਰਮ-ਪਰਚਾਰ ਅਤੇ ਲੋਕ ਸੇਵਾ ਦੇ ਕਾਰਜ ਕਰਦਿਆਂ ਭਾਵੇਂ ੯ ਸਾਲ ਹੋ ਗਏ ਸਨ, ਪਰ ਅਜੇ ਵੀ ਅੰਮ੍ਰਿਤਸਰ ਤੋਂ ਪਹਾੜ ਵਾਲੇ ਪਾਸੇ ਜਾਣਾ ਬਾਕੀ ਰਹਿੰਦਾ ਸੀ । ਇਸ ਲਈ ਗੁਰੂ ਜੀ ਕੁਝ ਚਿਰ ਅੰਮ੍ਰਿਤਸਰ ਵਿੱਚ ਠਹਿਰਨ ਮਗਰੋਂ ਫਿਰ ਪਰਚਾਰ-ਫੇਰੀ ਤੇ ਨਿਕਲ ਪਏ । ਇੰਝ ਜਾਪਦਾ ਹੈ ਕਿ ਧਰਮ-ਪਰਚਾਰ ਕਰਨ ਦਾ ਚਾਅ ਅਤੇ ਲੋਕਾਂ ਦੀਆਂ ਲੋੜਾਂ ਪੂਰੀਆਂ ਕਰਨ ਦੀ ਚਿੰਤਾ ਉਨ੍ਹਾਂ ਨੂੰ ਟਿਕ ਕੇ ਬੈਠਣ ਨਹੀਂ ਸੀ ਦਿੰਦੀ । ਆਪ ਨੇ ਸ਼ਹਿਰੋਂ ਪਹਾੜ ਵਲ ਦੇ ਰਾਵੀ ਤੱਕ ਦੇ ਸਭ ਪਿੰਡਾਂ ਦਾ ਦੌਰਾ ਕੀਤਾਂ । ਸਹਸਰੇ ਕਾਫੀ ਸਮਾਂ ਟਿਕੇ । ਉਥੋਂ ਨੇੜੇ ਹੀ ਗੁਰੂ ਕਾ ਬਾਗ ਅਸਥਾਨ ਅਤੇ ਦੋ ਹੋਰ ਗੁਰਦੁਆਰੇ ਹਨ - ਇਕ ਗੁਰੂ ਅਰਜੁਨ ਦੇਵ ਜੀ ਦਾ ਤੇ ਦੂਜਾ ਗੁਰੂ ਤੇਗ ਬਹਾਦਰ ਜੀ ਦਾ । ਸਤਿਗੁਰਾਂ ਨੇ ਪਿੰਡਾਂ ਦੇ ਲੋਕਾਂ ਅੰਦਰ ਸਿਖ ਧਰਮ ਦੇ ਉਪਦੇਸ਼ਾਂ ਅਤੇ ਬਾਣੀ ਦਾ ਪਰਚਾਰ ਕੀਤਾ । ਭੁਲੇ ਭਟਕੇ ਲੋਕਾਂ ਨੂੰ ਪੀਰਾਂ-ਫਕੀਰਾਂ ਦੇ ਧਾਗੇ ਤਵੀਤਾਂ ਦੇ ਵਹਿਮਾਂ ਤੋਂ ਹਟਾਇਆ । ਡੇਰਾ ਬਾਬਾ ਨਾਨਕ ਹੁੰਦੇ ਹੋਏ ਰਾਵੀ ਪਾਰ ਕਰਕੇ ਗੁਰੂ ਨਾਨਕ ਦੇਵ ਜੀ ਦੇ ਵਸਾਏ ਨਗਰ ਕਰਤਾਰਪੁਰ ਪੁੱਜੇ। ਫਿਰ ਕਲਾਨੌਰ ਤੋਂ ਹੋ ਕੇ ਬਾਰਠ ਗਏ । ਗੁਰੂ ਨਾਨਕ ਦੇਵ ਜੀ ਦੇ ਵੱਡੇ ਸਾਹਿਬਜ਼ਾਦੇ ਬਾਬਾ ਸ੍ਰੀ ਚੰਦ ਜੀ ਬਾਰਠ ਰਹਿੰਦੇ ਸਨ । ਉਨ੍ਹਾਂ ਨੂੰ ਮਿਲੇ ਤੇ ਬਚਨ-ਬਿਲਾਸ ਕੀਤੇ । ਜ਼ਿਲਾ ਗੁਰਦਾਸਪੁਰ ਦੇ ਪਿੰਡਾਂ ਵਿੱਚ ਲੋਕਾਂ ਨੂੰ ਸਿੱਖੀ ਦਾ ਜੀਵਨ ਮਾਰਗ ਸਮਝਾਇਆ ਕਿ ਪ੍ਰਭੂ ਦੀ ਸਿਫ਼ਤ ਸਲਾਹ ਕਰਨੀ ਤੇ ਨਿਰਮਲ ਆਚਰਣ ਬਣਾਉਣਾ ਹੀ ਜੀਵਨ ਜੀਉਣ ਦਾ ਉੱਤਮ ਢੰਗ ਹੈ । ਦੋ ਕੁ ਸਾਲ ਪ੍ਰਚਾਰ ਕਰਨ ਮਗਰੋਂ ਆਪ ਜੀ ਸੰਨ ੧੬੦੧ ਦੇ ਅਰੰਭ ਵਿਚ ਅੰਮ੍ਰਿਤਸਰ ਵਾਪਸ ਆ ਗਏ ।

# ਪ੍ਰਿਥੀ ਚੰਦ ਦੇ ਵਾਰ

ਗੁਰਗੱਦੀ ਤੇ ਕਬਜ਼ਾ ਕਰਨ ਲਈ ਪ੍ਰਿਥੀ ਚੰਦ ਨੇ ਕਈ ਸਾਜਿਸ਼ਾਂ ਰਚੀਆਂ ਸਨ, ਪਰ ਉਸਨੂੰ ਹਮੇਸ਼ਾਂ ਮੂੰਹ ਦੀ ਖਾਣੀ ਪਈ ਸੀ ।

ਆਪੂੰ ਗੱਦੀ ਹਾਸਲ ਨਾ ਕਰ ਸਕਿਆ ਤਾਂ ਇਸ ਆਸ ਤੇ ਜੀਉਣ ਲੱਗਾ ਕਿ ਉਸਦੇ ਪੁੱਤਰ ਮਿਹਰਬਾਨ ਨੂੰ ਗੱਦੀ ਤਾਂ ਜ਼ਰੂਰ ਮਿਲ ਜਾਵੇਗੀ, ਕਿਉਂਕਿ ਉਦੋਂ ਤਕ (ਗੁਰੂ) ਹਰਿ ਗੋਬਿੰਦ ਸਾਹਿਬ ਦਾ ਜਨਮ ਨਹੀਂ ਸੀ ਹੋਇਆ । ਪ੍ਰਿਥੀ ਚੰਦ ਆਪਣੀ ਘਰ ਵਾਲੀ ਕਰਮੋਂ ਨੂੰ ਵੀ ਇਹੀ ਕਿਹਾ ਕਰਦਾ ਸੀ ਕਿ ਫਿਰ ਕੀ ਹੋਇਆ ਜੇ ਉਹ ਗੁਰੂ ਨਹੀਂ ਬਣ ਸਕਿਆ, ਉਸਦਾ ਪੁੱਤਰ ਤਾਂ ਗੁਰੂ ਜ਼ਰੂਰ ਬਣ ਜਾਵੇਗਾ । ਇਸ ਤਰ੍ਹਾਂ ਸਾਰਾ ਧਨ-ਮਾਲ ਜਾਇਦਾਦ ਉਨ੍ਹਾਂ ਦੇ ਹੱਥ ਹੀ ਲੱਗੇਗੀ :

**ਕਿਉਂ ਚਿਤ ਮਨ ਮੈਂ ਕਰੈ ਰੋਸ, ਸਭੀ ਬਸਤੂ ਹੈ ਤੋਰੁ ।**
**ਤਿਹ (ਗੁਰੂ ਅਰਜਨ) ਗ੍ਰਿਹ ਸੁਤ ਪਰਗਟਯੋ ਨਹੀਂ,**
**ਸੁਤ ਪਰਗਟੇ ਗ੍ਰਿਹ ਮੋਰ ।** (ਗੁਰ ਬਿਲਾਸ ਪਾ: ੬)

ਜਦ ਜੂਨ ੧੫੯੫ ਵਿੱਚ (ਗੁਰੂ) ਹਰਿ ਗੋਬਿੰਦ ਸਾਹਿਬ ਦਾ ਜਨਮ ਹੋ ਗਿਆ, ਤਾਂ ਪ੍ਰਿਥੀ ਚੰਦ ਦੇ ਦਿਲ ਤੇ ਤਾਂ ਮਾਨੋ ਸੱਪ ਲੇਟ ਗਿਆ । ਪਰ ਉਹ ਹੈ ਸੀ ਬੜਾ ਕਪਟੀ । ਬਾਲਕ ਹਰਿਗੋਬਿੰਦ ਨੂੰ ਜਾਨੋਂ ਮਾਰਨ ਦੀਆਂ ਤਰਕੀਬਾਂ ਸੋਚਣ ਲੱਗਾ । ਕਈ ਯਤਨ ਵੀ ਕੀਤੇ, ਪਰ ਹਰ ਵਾਰ ਅਕਾਲ ਪੁਰਖ ਨੇ ਬਾਲਕ ਹਰਿ ਗੋਬਿੰਦ ਨੂੰ ਆਂਚ ਨਹੀਂ ਆਉਣ ਦਿੱਤੀ ।

**ਦਾਈ ਨੂੰ ਭੇਜਿਆ :** ਪ੍ਰਿਥੀ ਚੰਦ ਨੇ ਇਕ ਦਾਈ ਜਿਸ ਦਾ ਨਾਮ ਬੰਸਾਵਲੀ ਨਾਮੇ ਵਿੱਚ ਫੱਤੋ ਕਰਕੇ ਲਿਖਿਆ ਹੈ, ਨੂੰ ਦੋ ਸੌ ਰੁਪਿਆ ਦੇ ਕੇ ਭੇਜਿਆ । ਉਸਨੂੰ ਕਿਹਾ ਕਿ ਥਣਾਂ ਤੇ ਜ਼ਹਿਰ ਲਗਾ ਕੇ ਬਾਲਕ ਨੂੰ ਚੁੰਘਾਵੇ । ਲਾਲਚੀ ਦਾਈ ਨੇ ਪੈਸੇ ਲੈ ਕੇ ਇਵੇਂ ਹੀ ਕੀਤਾ । ਉਸਨੇ ਥਣਾ ਤੇ ਜ਼ਹਿਰ ਪੋਚ ਲਿਆ ਤੇ ਚੰਗੇ ਸੁਥਰੇ ਕਪੜੇ ਪਾ ਕੇ ਅੰਮ੍ਰਿਤਸਰੋਂ ਤੁਰ ਪਈ । ਪਰ ਵਡਾਲੀ ਅਪੜਨ ਤੱਕ ਉਸ ਜ਼ਹਿਰ ਦਾ ਅਸਰ ਦਾਈ ਦੇ ਆਪਣੇ ਉਤੇ ਹੀ ਇੰਨਾ ਹੋਇਆ ਕਿ ਉਹ ਦਮ ਤੋੜ ਗਈ । ਮਰਦੀ ਮਰਦੀ ਦੱਸ ਗਈ ਕਿ ਉਸਨੂੰ ਪ੍ਰਿਥੀ ਚੰਦ ਨੇ ਹੀ ਭੇਜਿਆ ਹੈ । ਗੁਰੂ ਅਰਜੁਨ ਦੇਵ ਜੀ ਨੂੰ ਜਦ ਇਸ ਘਟਨਾ ਦਾ ਪਤਾ ਲੱਗਾ ਤਾਂ ਬਚਨ ਕੀਤੇ : ਕਿਸੇ ਗੱਲ ਦੀ ਚਿੰਤਾ ਨਾ ਕਰੋ । ਗੁਰੂ ਨਾਨਕ ਜੀ ਦੀ ਕ੍ਰਿਪਾ ਨਾਲ ਬਾਲਕ ਬਚ ਗਿਆ ਹੈ । ਉਹ ਸਦਾ ਹੀ ਬਾਲਕ ਦੀ ਰੱਖਿਆ ਕਰਨਗੇ ।

**ਸਪੇਰੇ ਨੂੰ ਭੇਜਿਆ :** ਪ੍ਰਿਥੀ ਚੰਦ ਦੀ ਇਸ ਕਰਤੂਤ ਕਾਰਨ ਮਾਤਾ ਗੰਗਾ ਜੀ ਸੁਚੇਤ ਹੋ ਗਏ ਅਤੇ ਬਾਲਕ ਦਾ ਵਧੇਰੇ ਖਿਆਲ ਰੱਖਣ ਲੱਗੇ । ਆਪਣੇ ਹੱਥੀਂ ਹੀ ਖੁਆਂਦੇ ਪਿਆਲਦੇ ਤੇ ਖਿਡਾਉਂਦੇ । ਪਰ ਬਾਲਕ ਗੁਰੂ ਜੀ ਕੁਝ ਵਡੇਰੇ ਹੋਏ ਤਾਂ ਇਧਰ ਉਧਰ ਦੌੜਨ ਫਿਰਨ ਲੱਗੇ । ਪ੍ਰਿਥੀ ਚੰਦ ਵੀ ਢੀਠ ਸੀ । ਉਸਨੇ ਇਕ ਸਪੇਰੇ ਨੂੰ ਗੰਢਿਆ । ਉਸਨੂੰ ਕਿਹਾ ਕਿ ਵਡਾਲੀ ਜਾਵੇ ਤੇ ਬਾਲਕ (ਗੁਰੂ) ਹਰਗੋਬਿੰਦ ਨੂੰ ਇਕੱਲਾ ਵੇਖ ਕੇ ਉਸਦੇ ਨੇੜੇ ਜ਼ਹਿਰੀਲਾ ਸੱਪ ਛੱਡ ਦੇਵੇ । ਉਸਨੇ ਮੌਕਾ ਦੇਖ ਕੇ ਇਵੇਂ ਹੀ ਕੀਤਾ । ਸੱਪ ਆਮ ਤੌਰ

ਤੇ ਛੋਟੇ ਬਚਿਆਂ ਉਤੇ ਡੰਗ ਨਹੀਂ ਚਲਾਉਂਦੇ। ਕਿਸੇ ਨੇ ਬਾਲਕ ਕੋਲ ਸੱਪ ਵੇਖਿਆ ਤੇ ਸ਼ੋਰ ਪਾ ਦਿਤਾ। ਅਜਨਬੀ ਬੰਦੇ (ਸਪੇਰੇ) ਨੂੰ ਵੀ ਲੋਕਾਂ ਫੜ ਲਿਆ। ਉਸ ਨੇ ਡਰਦੇ ਮਾਰੇ ਸਾਰਾ ਭੇਦ ਖੋਹਲ ਦਿਤਾ। ਇਤਿਹਾਸ ਵਿੱਚ ਇਹ ਵੀ ਲਿਖਿਆ ਮਿਲਦਾ ਹੈ ਕਿ ਬਾਲ-ਗੁਰੂ ਜੀ ਨੇ ਸੱਪ ਨੂੰ ਸਿਰੀ ਤੋਂ ਫੜ ਲਿਆ ਸੀ ਤੇ ਸਿਰੀ ਫੇਹ ਦਿੱਤੀ ਸੀ, ਜਿਸ ਕਰਕੇ ਸੱਪ ਮਰ ਗਿਆ।

ਸੰਨ ੧੫੯੭ ਵਿੱਚ ਗੁਰੂ ਅਰਜੁਨ ਦੇਵ ਜੀ ਪਰਿਵਾਰ ਸਮੇਤ ਅੰਮ੍ਰਿਤਸਰ ਆ ਗਏ। ਪਰ ਉਹ ਇਥੇ ਬਹੁਤ ਚਿਰ ਠਹਿਰ ਨਾ ਸਕੇ। ਬੜੀ ਸਖਤ ਔੜ ਦੇ ਕਾਰਨ ਪਿੰਡ ਵਿੱਚ ਦਾਣੇ-ਪੱਠੇ ਦੀ ਬਹੁਤ ਤੰਗੀ ਹੋ ਗਈ ਸੀ ਤੇ ਕਾਲ ਪੈ ਗਿਆ ਸੀ। ਸਤਿਗੁਰੂ ਜੀ ਕਾਲ-ਪੀੜਤਾਂ ਦੀ ਸਹਾਇਤਾ ਲਈ ਫਿਰ ਦੌਰੇ ਤੇ ਚਲ ਪਏ।

**ਖਿਡਾਵੇ ਨੂੰ ਜ਼ਹਿਰ ਦੇਣ ਲਈ ਕਿਹਾ** : ਗੁਰੂ ਜੀ ਦੇ ਅੰਮ੍ਰਿਤਸਰੋਂ ਜਾਣ ਦੇ ਮਗਰੋਂ ਪ੍ਰਿਥੀ ਚੰਦ ਨੇ (ਗੁਰੂ) ਹਰਗੋਬਿੰਦ ਸਾਹਿਬ ਜੀ ਦੇ ਜੀਵਨ ਤੇ ਇਕ ਹੋਰ ਵਾਰ ਕੀਤਾ। ਉਸਨੇ (ਗੁਰੂ) ਹਰਿਗੋਬਿੰਦ ਜੀ ਦੇ ਖਿਡਾਵੇ ਨੂੰ ਪੈਸੇ ਦਾ ਲਾਲਚ ਦੇ ਕੇ ਉਸਦੇ ਹੱਥੋਂ ਜ਼ਹਿਰ ਮਿਲਿਆ ਦਹੀਂ ਉਨ੍ਹਾਂ ਨੂੰ ਖੁਆਣ ਦਾ ਯਤਨ ਕੀਤਾ। ਬਾਲ-ਗੁਰੂ ਦੀ ਕੁਝ ਖਾਣ ਦੀ ਮਰਜ਼ੀ ਨਹੀਂ ਸੀ। ਖਿਡਾਵੇ ਨੇ ਬਦੋ ਬਦੀ ਦਹੀਂ ਖੁਆਉਣ ਦੀ ਕੋਸ਼ਿਸ਼ ਕੀਤੀ। ਬਾਲ-ਗੁਰੂ ਨੇ ਗੁੱਸੇ ਵਿਚ ਚੀਕ ਚਿਹਾੜਾ ਪਾ ਦਿਤਾ। ਮਾਤਾ ਗੰਗਾ ਜੀ ਤੇ ਹੋਰ ਸਿੱਖ ਸ਼ੋਰ ਸੁਣਕੇ ਪਹੁੰਚ ਗਏ। ਦੁਸ਼ਟ ਖਿਡਾਵਾ ਵੇਲੇ ਸਿਰ ਫੜਿਆ ਗਿਆ। ਮਾਤਾ ਜੀ ਨੇ ਦਹੀਂ ਵਾਲੀ ਬਾਟੀ ਕੁੱਤੇ ਅਗੇ ਰਖ ਦਿਤੀ। ਕੁੱਤਾ ਦਹੀਂ ਖਾਣ ਮਗਰੋਂ ਮਰ ਗਿਆ। ਲੋਕਾਂ ਨੂੰ ਸਮਝ ਆ ਗਈ ਕਿ ਪਾਪੀ ਪ੍ਰਿਥੀਆ ਪਾਪ ਕਮਾਉਣ ਤੋਂ ਅਜੇ ਬਾਜ਼ ਨਹੀਂ ਆਇਆ। ਉਧਰ ਖਿਡਾਵੇ ਨੂੰ ਐਸਾ ਸੂਲ ਪਿਆ ਕਿ ਉਸ ਨੇ ਤੜਫ ਤੜਫ ਕੇ ਪ੍ਰਾਣ ਦੇ ਦਿਤੇ।

ਗੁਰੂ ਅਰਜੁਨ ਦੇਵ ਜੀ ਕਾਲ-ਪੀੜਤਾਂ ਦੀ ਸਹਾਇਤਾ ਕਰਕੇ ਵਾਪਸ ਆਏ ਤਾਂ ਉਨ੍ਹਾਂ ਨੂੰ ਸਾਰੀ ਘਟਨਾ ਦਾ ਪਤਾ ਲੱਗਾ। ਤਾਂ ਵੀ ਪ੍ਰਿਥੀ ਚੰਦ ਨੂੰ ਕੋਈ ਰੋਸ ਜਾਂ ਗਿਲਾ ਨਾ ਭੇਜਿਆ ਸਗੋਂ ਵਾਹਿਗੁਰੂ ਦਾ ਸ਼ੁਕਰਾਨਾ ਕੀਤਾ। ਆਪ ਨੇ ਇਸ ਘਟਨਾ ਬਾਰੇ ਹੇਠ ਲਿਖਿਆ ਸ਼ਬਦ ਉਚਾਰਨ ਕੀਤਾ :

"ਲੇਪੁ ਨ ਲਾਗੋ ਤਿਲ ਕਾ ਮੂਲਿ ॥
ਦੁਸਟੁ ਬ੍ਰਾਹਮਣੁ ਮੂਆ ਹੋਇ ਕੈ ਸੂਲ ॥੧॥
ਹਰਿ ਜਨ ਰਾਖੇ ਪਾਰਬ੍ਰਹਮਿ ਆਪਿ ॥
ਪਾਪੀ ਮੂਆ ਗੁਰ ਪਰਤਾਪਿ ॥੧॥ ਰਹਾਉ ॥
ਅਪਣਾ ਖਸਮੁ ਜਨਿ ਆਪਿ ਧਿਆਇਆ॥
ਇਆਣਾ ਪਾਪੀ ਓਹੁ ਆਪਿ ਪਚਾਇਆ ॥੨॥
ਪ੍ਰਭ ਮਾਤ ਪਿਤਾ ਅਪਣੇ ਦਾਸ ਕਾ ਰਖਵਾਲਾ ॥
ਨਿੰਦਕ ਕਾ ਮਾਥਾ ਈਹਾਂ ਊਹਾ ਕਾਲਾ ॥੩॥
ਜਨ ਨਾਨਕ ਕੀ ਪਰਮੇਸਰਿ ਸੁਣੀ ਅਰਦਾਸਿ ॥
ਮਲੇਛੁ ਪਾਪੀ ਪਚਿਆ ਭਇਆ ਨਿਰਾਸੁ ॥੪॥

(ਭੈਰਉ, ਮਹਲਾ ੫, ਪੰਨਾ-੧੧੩੭)

ਸਤਿਗੁਰੂ ਜੀ ਫੁਰਮਾਨ ਕਰਦੇ ਹਨ ਕਿ - ਬਾਲਕ (ਗੁਰੂ) ਹਰਿਗੋਬਿੰਦ ਉਤੇ ਦੁਸ਼ਟ-ਖਿਡਾਵੇ ਦੀ ਗੰਦੀ ਕਰਤੂਤ ਦਾ ਕੋਈ ਅਸਰ ਨਾ ਹੋਇਆ, ਸਗੋਂ ਉਹ ਚੰਦਰਾ ਬ੍ਰਾਹਮਣ (ਖਿਡਾਵਾ) ਪੇਟ ਵਿੱਚ ਸੂਲ ਉਠਣ ਨਾਲ ਮਰ ਗਿਆ ।

ਪਰਮਾਤਮਾ ਨੇ ਆਪਣੇ ਸੇਵਕਾਂ ਦੀ ਸਦਾ ਹੀ ਆਪ ਰੱਖਿਆ ਕੀਤੀ ਹੈ । ਵੇਖੋ ਦੁਸ਼ਟ, ਗੁਰੂ ਦੇ ਪਰਤਾਪ ਨਾਲ ਆਪ ਹੀ ਮਰ ਗਿਆ ਹੈ ।੧। ਰਹਾਉ ।

ਸੇਵਕ ਨੇ ਆਪਣੇ ਮਾਲਕ-ਪ੍ਰਭੂ ਨੂੰ ਸਦਾ ਆਪਣੇ ਹਿਰਦੇ ਵਿੱਚ ਵਸਾਇਆ ਹੈ । ਉਹ ਬੇਸਮਝ ਦੁਸ਼ਟ ਪ੍ਰਭੂ ਨੇ ਆਪ ਮੁਕਾਇਆ ਹੈ ॥੨॥

ਪ੍ਰਭੂ ਮਾਤਾ-ਪਿਤਾ ਵਾਂਗ ਸਦਾ ਆਪਣੇ ਸੇਵਕ ਦਾ ਆਪ ਰਾਖਾ ਬਣਦਾ ਹੈ । ਨਿੰਦਕ ਦਾ ਮੂੰਹ ਲੋਕ ਤੇ ਪਰਲੋਕ, ਦੋਹਾਂ ਵਿੱਚ, ਕਾਲਾ ਹੁੰਦਾ ਹੈ ॥੩॥

ਹੇ ਨਾਨਕ! ਪਰਮੇਸ਼ਰ ਨੇ ਆਪਣੇ ਸੇਵਕ ਦੀ ਸਦਾ ਹੀ ਅਰਦਾਸ ਸੁਣੀ ਹੈ (ਵੇਖੋ, ਪਰਮੇਸ਼ਰ ਦੇ ਸੇਵਕ ਉਤੇ ਵਾਰ ਕਰਨ ਵਾਲਾ) ਦੁਸ਼ਟ ਪਾਪੀ ਆਪੇ ਹੀ ਮਰ-ਮਿਟਿਆ ਤੇ ਬੇ-ਮੁਰਾਦਾ ਹੀ ਰਿਹਾ ॥੪॥

ਭਾਵੇਂ ਗੁਰੂ ਜੀ ਨੇ ਪਹਿਲਾਂ ਦੀ ਤਰ੍ਹਾਂ ਪ੍ਰਿਥੀ ਚੰਦ ਦੀ ਇਸ ਵਧੀਕੀ ਉਤੇ ਵੀ ਕੋਈ ਰੋਸ ਨਾ ਕੀਤਾ ਪਰ ਆਪਣੀਆਂ ਮੰਦੀਆ ਕਰਤੂਤਾਂ ਕਾਰਨ ਉਹ ਸ਼ਹਿਰ ਵਿੱਚ ਕਿਸੇ ਨੂੰ ਮੂੰਹ ਦਿਖਾਉਣ ਜੋਗਾ ਨਾ ਰਿਹਾ । ਮਾਯੂਸ ਹੋ ਕੇ ਬਾਲ-ਬੱਚਿਆਂ ਸਮੇਤ ਆਪਣੇ ਸਹੁਰੇ -ਪਿੰਡ ਹੇਹਰੀਂ ਚਲਾ ਗਿਆ । ਹੇਹਰ ਲਾਹੌਰ ਜ਼ਿਲੇ ਵਿਚ ਹੈ । ਸਟੇਸ਼ਨ ਕੋਟ ਲਖਪਤ ਤੋਂ ਅੱਠ ਮੀਲਾਂ ਦੀ ਦੂਰੀ ਤੇ ।

ਪ੍ਰਿਥੀ ਚੰਦ ਨੇ ਹੇਹਰਾਂ ਵਿੱਚ ਵੀ ਆਪਣੀ ਵੱਖਰੀ ਗੱਦੀ ਚਲਾਉਣ ਦੀ ਕੋਸ਼ਿਸ਼ ਕੀਤੀ । ਉਸਨੇ ਉਥੇ ਸ੍ਰੀ ਹਰਿਮੰਦਰ ਸਾਹਿਬ ਦੇ ਮੁਕਾਬਲੇ ਉਤੇ ਧਰਮ ਅਸਥਾਨ (ਗੁਰਦੁਆਰਾ) ਅਤੇ ਸਰੋਵਰ ਬਣਾ ਲਏ । ਸਰੋਵਰ ਦਾ ਨਾਮ-'ਦੁਖ ਨਿਵਾਰਨ' ਰੱਖਿਆ। ਮਾਇਆ ਦਾ ਲਾਲਚ ਦੇ ਕੇ ਕਈ ਮਸੰਦ ਦੂਰ ਦੁਰਾਡੇ ਇਲਾਕਿਆਂ ਵਿਚ ਭੇਜ ਦਿਤੇ ਅਤੇ ਸਿੱਖਾਂ ਵਿਚ ਮਸ਼ਹੂਰ ਕਰ ਦਿਤਾ ਕਿ ਉਸਨੇ ਗੁਰੂ ਨਾਨਕ ਦੇਵ ਜੀ ਦੇ ਹੁਕਮ ਅਨੁਸਾਰ ਇਹ ਸਤਜੁਗੀ ਤੀਰਥ ਪਰਗਟ ਕਰ ਦਿਤਾ ਹੈ । ਪਰ ਨਿਰੀਆਂ ਇਮਾਰਤਾਂ ਤੇ ਸਰੋਵਰ ਬਣਾਕੇ ਕੋਈ ਗੁਰੂ ਨਹੀਂ ਬਣ ਸਕਦਾ । ਗੁਰੂ ਤਾਂ ਉਹੀ ਬਣ ਸਕਦਾ ਹੈ ਜਿਹੜਾ ਅਕਾਲ ਪੁਰਖ ਨਾਲ ਇਕ-ਮਿਕ ਹੋ ਚੁਕਾ ਹੋਵੇ ਅਤੇ ਜਿਸ ਉਤੇ ਪਹਿਲੇ ਸਤਿਗੁਰਾਂ ਦੀ ਕਿਰਪਾ ਹੋ ਚੁੱਕੀ ਹੋਵੇ । ਸੋ, ਪ੍ਰਿਥੀ ਚੰਦ ਦੇ ਇਹ ਯਤਨ ਵੀ ਵਿਅਰਥ ਹੀ ਗਏ ।

**ਪ੍ਰਿਥੀ ਚੰਦ ਅਤੇ ਬੀਰਬਲ** : ਬੀਰਬਲ ਜ਼ਾਤ ਦਾ ਬ੍ਰਾਹਮਣ ਸੀ ਅਤੇ ਇਸ ਦਾ ਅਸਲੀ ਨਾਮ ਮਹੇਸ਼ ਦਾਸ ਸੀ । ਇਸ ਦਾ ਜਨਮ ਸੰਨ ੧੫੨੮ ਵਿੱਚ ਹੋਇਆ ਸੀ । ਪਹਿਲਾਂ ਇਹ ਜੈਪੁਰ ਦੇ ਰਾਜੇ ਭਗਵਾਨ ਦਾਸ ਪਾਸ ਨੌਕਰੀ ਕਰਦਾ ਸੀ । ਇਹ ਹਾਜ਼ਰ-ਜੁਆਬ, ਤੇਜ਼-ਦਿਮਾਗ ਅਤੇ ਬ੍ਰਹਾਮਣੀ ਖਸਲਤਾਂ ਨਾਲ ਭਰਪੂਰ ਸੀ । ਇਸਨੂੰ ਰਾਗ-ਵਿਦਿਆ ਦੀ ਵੀ ਚੰਗੀ ਸੂਝ ਸੀ ਅਤੇ ਕਵਿਤਾ ਵੀ ਰਚ ਲੈਂਦਾ ਸੀ । ਆਪਣੇ ਇਨ੍ਹਾਂ ਗੁਣਾ ਕਰਕੇ ਬੀਰਬਲ ਰਾਜ ਦਰਬਾਰਾਂ ਲਈ ਯੋਗ ਆਦਮੀ ਸੀ । ਸੰਨ ੧੫੬੨ ਵਿੱਚ ਰਾਜੇ ਭਗਵਾਨ ਦਾਸ ਦੀ ਵੱਡੀ ਭਤੀਜੀ ਦਾ ਵਿਆਹ ਅਕਬਰ ਨਾਲ ਹੋਇਆ ਅਤੇ ਇਸਦੇ ਨਾਲ ਹੀ ਭਗਵਾਨ ਦਾਸ ਦੇ ਪੁੱਤਰ ਮਾਨ ਸਿੰਘ ਨੂੰ ਸ਼ਾਹੀ ਨੌਕਰੀ ਮਿਲ ਗਈ । ਭਗਵਾਨ ਦਾਸ

ਨੇ ਬੀਰਬਲ ਨੂੰ ਅਕਬਰ ਦੇ ਦਰਬਾਰ ਵਿਚ ਭੇਜ ਦਿਤਾ । । ਹਾਜ਼ਰ ਜ਼ਵਾਬੀ ਤੇ ਜੀ-ਹਜ਼ੂਰੀਪਨ ਵਿੱਚ ਮਾਹਿਰ ਹੋਣ ਕਰਕੇ ਇਸਨੇ ਅਕਬਰ ਦੇ ਮਨ ਵਿੱਚ ਥਾਂ ਬਣਾ ਲਈ। ਦੋ-ਹਜ਼ਾਰੀ ਦਾ ਖਿਤਾਬ ਵੀ ਮਿਲ ਗਿਆ ।

ਜਿਵੇਂ ਕਿ ਉਪਰ ਦਸਿਆ ਜਾ ਚੁੱਕਾ ਹੈ, ਬੀਰਬਲ ਬ੍ਰਾਹਮਣੀ ਖਸਲਤਾਂ ਨਾਲ ਭਰਪੂਰ ਸੀ । ਸਿੱਖ ਮੱਤ ਦੇ ਪਰਚਾਰ ਤੋਂ ਉਹ ਦਿਲੋਂ ਮਨੋਂ ਦੁਖੀ ਸੀ, ਕਿਉਂਕਿ ਸਿੱਖ-ਸਤਿਗੁਰਾਂ ਦੇ ਨਵੇਂ ਇਨਕਲਾਬੀ ਵਿਚਾਰ ਤੇ ਲੰਗਰ ਦੀ ਮਰਯਾਦਾ ਸਿਮ੍ਰਤੀਆਂ-ਸ਼ਾਸਤਰਾਂ ਦੀ ਵਿਚਾਰਧਾਰਾ ਤੇ ਕਰਮ-ਕਾਂਡਾ ਦਾ ਪਰਗਟ ਰੂਪ ਵਿੱਚ ਵਿਰੋਧ ਕਰ ਰਹੀ ਸੀ। ਬ੍ਰਾਹਮਣ ਵੀ ਉਸਨੂੰ ਰਾਜ ਦਰਬਾਰ ਵਿਚ ਆਪਣਾ ਇਕ-ਮਾਤਰ ਸਹਾਰਾ ਸਮਝਦੇ ਸਨ ਅਤੇ ਸਮੇਂ ਸਮੇਂ ਉਸਨੂੰ ਕਹਿੰਦੇ ਰਹਿੰਦੇ ਸਨ ਕਿ ਸਿੱਖੀ ਦੇ ਪਰਚਾਰ ਤੇ ਪ੍ਰਸਾਰ ਨੂੰ ਰੋਕਣ ਦਾ ਕੋਈ ਬਾਨ੍ਹਣੂ ਬੰਨ੍ਹਣਾ ਚਾਹੀਦਾ ਹੈ । ਬੀਰਬਲ ਨੇ ਲੰਗਰ ਤੇ ਬਾਣੀ ਦੇ ਵਿਰੁਧ ਅਕਬਰ ਦੇ ਮਨ ਵਿੱਚ ਜ਼ਹਿਰ ਭਰਨ ਦੇ ਕਈ ਵਾਰ ਯਤਨ ਕੀਤੇ ਸਨ, ਪਰ ਇਹ ਸਫ਼ਲ ਨਾ ਹੋ ਸਕਿਆ, ਕਿਉਂਕਿ ਅਕਬਰ ਸਿੱਖ ਮੱਤ ਦੇ ਸਰਬੱਤ ਦੇ ਕਾਰਜਾਂ ਨੂੰ ਵੇਖ ਕੇ ਸਿੱਖ-ਮੱਤ ਦਾ ਪ੍ਰਸ਼ੰਸਕ ਬਣ ਗਿਆ ਸੀ । ਪਰ ਜਦ ਪ੍ਰਿਥੀ ਚੰਦ ਨੇ ਗੁਰੂ ਅਰਜੁਨ ਸਾਹਿਬ ਦੀ ਵਿਰੋਧਤਾ ਸ਼ੁਰੂ ਕੀਤੀ ਤਾਂ ਬੀਰਬਲ ਨੂੰ ਵੀ ਸਿੱਖ ਧਰਮ ਦੇ ਪਰਚਾਰ ਵਿਚ ਰੁਕਾਵਟਾਂ ਖੜ੍ਹੀਆਂ ਕਰਨ ਦਾ ਮੌਕਾ ਮਿਲ ਗਿਆ । ਉਸਨੇ ਪ੍ਰਿਥੀ ਚੰਦ ਨੂੰ ਗੁਰੂ ਅਰਜੁਨ ਦੇਵ ਜੀ ਦੀ ਵਿਰੋਧਤਾ ਕਰਨ ਦੀ ਹੱਲਾਸ਼ੇਰੀ ਦਿੱਤੀ ਅਤੇ ਸਰਕਾਰੀ ਅਸਰ ਰਸੂਖ ਦਾ ਪੂਰਾ ਭਰੋਸਾ ਦਿਤਾ । ਕਈ ਕੱਟੜ ਮੁਸਲਮਾਨ ਵੀ ਸਿੱਖੀ ਦੇ ਵਧ ਰਹੇ ਤੇਜ਼ ਪ੍ਰਤਾਪ ਤੋਂ ਔਖੇ ਸਨ । ਸਰਕਾਰ ਵਿੱਚ ਅਜਿਹੇ ਬੰਦਿਆਂ ਨੇ ਵੀ ਸਹਾਇਤਾ ਦਾ ਪ੍ਰਿਥੀ ਚੰਦ ਨੂੰ ਭਰੋਸਾ ਦਿਤਾ । ਪ੍ਰਿਥੀ ਚੰਦ ਨੇ ਕਈ ਅਹਿਲਕਾਰਾਂ ਨਾਲ ਸੰਬੰਧ ਵੀ ਬਣਾ ਲਏ ।

ਬੀਰਬਲ ਨੂੰ ਸੰਨ ੧੫੮੧ ਵਿੱਚ ਸ਼ਰਾਰਤ ਕਰਨ ਦਾ ਪਹਿਲਾ ਮੌਕਾ ਮਿਲਿਆ, ਜਦੋਂ ਗੁਰੂ ਅਰਜੁਨ ਦੇਵ ਜੀ ਨੂੰ ਗੁਰਗੱਦੀ ਦੀ ਜ਼ਿੰਮੇਵਾਰੀ ਮਿਲ ਗਈ ਸੀ ਤੇ ਗੁਰੂ ਰਾਮਦਾਸ ਜੀ ਦੇ ਜੋਤੀ ਜੋਤਿ ਸਮਾਉਣ ਮਗਰੋਂ ਗੋਇੰਦਵਾਲ ਵਿੱਚ ਦਸਤਾਰਬੰਦੀ ਦੀ ਰਸਮ ਹੋਣੀ ਸੀ । ਉਦੋਂ ਬੀਰਬਲ ਅਕਬਰ ਦੇ ਨਾਲ ਲਾਹੌਰ ਆਇਆ ਹੋਇਆ ਸੀ । ਉਸ ਦੀ ਸ਼ਹਿ ਤੇ ਜਾਤਿ-ਅਭਿਮਾਨੀਆਂ ਨੇ ਪ੍ਰਿਥੀ ਚੰਦ ਨੂੰ ਖੂਬ ਚੁਕਿਆ । ਸਰਕਾਰੀ ਮੱਦਦ ਦੀ ਆਸ ਤੇ ਉਹ ਵਧੇਰੇ ਜੋਸ਼ ਨਾਲ ਗੁਰੂ ਘਰ ਦੇ ਵਿਰੁਧ ਕੋਝੀਆਂ ਹਰਕਤਾਂ ਕਰਨ ਲੱਗਾ । ਅੰਮ੍ਰਿਤਸਰ ਵਿੱਚ ਗੁਰੂ-ਘਰ ਦੀ ਨਾਕਾਬੰਦੀ ਕਰਨ ਵਿੱਚ ਉਸਨੂੰ ਬੀਰਬਲ ਤੇ ਜਾਤਿ-ਅਭਿਮਾਨੀਆਂ ਦੀ ਪੂਰੀ ਸ਼ਹਿ ਸੀ ।

ਇਕ ਵਾਰ ਬੀਰਬਲ ਨੇ ਅੰਮ੍ਰਿਤਸਰ ਦੇ ਖਤਰੀਆਂ ਤੇ ਜੀਅ-ਪ੍ਰਤੀ ਟੈਕਸ ਲਾ ਦਿਤਾ, ਪਰ ਉਨ੍ਹਾਂ ਨੇ ਗੁਰੂ ਅਰਜੁਨ ਦੇਵ ਜੀ ਦੀ ਅਗਵਾਈ ਵਿੱਚ ਉਹ ਟੈਕਸ ਭਰਨ ਤੋਂ ਨਾਂਹ ਕਰ ਦਿੱਤੀ । ਬੀਰਬਲ ਨੇ ਧਮਕੀ ਦਿੱਤੀ ਕਿ ਉਹ ਅੰਮ੍ਰਿਤਸਰ ਸੈਨਾ ਲੈ ਕੇ ਆਵੇਗਾ ਤੇ ਗੁਰੂ ਜੀ ਨੂੰ ਸਜ਼ਾ ਦੇਵੇਗਾ ਪਰ ਉਸਦੀ ਇਹ ਆਸ ਪੂਰੀ ਨਾ ਹੋ ਸਕੀ ਕਿਉਂਕਿ ਜਲਦੀ ਹੀ (ਸੰਨ ੧੫੮੬) ਵਿੱਚ ਉਸ ਦੀ ਮੌਤ ਹੋ ਗਈ । *

---

* ਪ੍ਰਿੰ: ਤੇਜਾ ਸਿੰਘ ਤੇ ਗੰਡਾ ਸਿੰਘ/ਸਿੱਖ ਇਤਿਹਾਸ (੧੪੬੯-੧੭੬੫) ਪੰਨਾ-੪੩ (ਪੰਜਾਬੀ)

ਪਿਸ਼ਾਵਰ ਦੇ ਪਰਲੇ ਪਾਸੇ ਦੇ ਇਲਾਕਿਆਂ ਬਜੌਰ ਅਤੇ ਸੁਆਤ ਤੇ ਪਠਾਣ ਅਕਬਰ ਲਈ ਸਿਰ ਦਰਦੀ ਦਾ ਕਾਰਨ ਬਣੇ ਰਹਿੰਦੇ ਸਨ । ਇਨ੍ਹਾਂ ਦੀ ਖਾਤਰ ਅਤੇ ਕਸ਼ਮੀਰ ਦੇ ਬਾਗੀ ਸੁਲਤਾਨ ਯੂਸਫ ਖਾਂ ਨੂੰ ਦਬਾਉਣ ਦੀ ਖਾਤਰ ਅਕਬਰ ਸੰਨ ੧੫੮੫ ਵਿੱਚ ਪੰਜਾਬ ਆਇਆ ਹੋਇਆ ਸੀ । ਪਠਾਣਾਂ ਨੂੰ ਸੋਧਣ ਲਈ ਉਸਨੇ ਸੰਨ ੧੫੮੫ ਵਿੱਚ ਜੈਨ ਖਾਨ ਨਾਮ ਦੇ ਸਰਦਾਰ ਨੂੰ ਭੇਜਿਆ । ਜਦ ਉਸਨੇ ਹੋਰ ਫੌਜੀ ਸਹਾਇਤਾ ਮੰਗੀ ਤਾਂ ਅਕਬਰ ਨੇ ਬੀਰਬਲ ਦੀ ਸਰਦਾਰੀ ਹੇਠ ਕੁਝ ਫੌਜ ਭੇਜ ਦਿੱਤੀ । ਜੰਗ-ਯੁੱਧ ਵਿੱਚ ਅਗਵਾਈ ਕਰਨੀ ਚੁਟਕਲੇ ਸੁਣਾਉਣ ਵਾਲੇ ਤੇ ਮਸਖਰੀਆਂ ਕਰਨ ਵਾਲੇ ਦੇ ਵੱਸ ਦੀ ਗੱਲ ਨਹੀਂ ਸੀ। ਬੀਰਬਲ ਇਸ ਮੁਹਿੰਮ ਉਤੇ ਹੀ ਫਰਬਰੀ ੧੫੮੬ ਨੂੰ ਮਾਰਿਆ ਗਿਆ ।

**ਸੁਲਹੀ ਖਾਨ ਦਾ ਚੜ੍ਹ ਆਉਣਾ** : ਗੁਰਗੱਦੀ ਹਾਸਲ ਕਰਨ ਦੇ ਖਿਆਲ ਨੇ ਤਾਂ ਪ੍ਰਿਥੀ ਚੰਦ ਨੂੰ ਮਾਨੋ ਪਾਗਲ ਹੀ ਕਰ ਦਿਤਾ ਸੀ । ਉਹ ਅੰਤਾਂ ਦੀ ਜਾਇਦਾਦ ਅਤੇ ਧਨ-ਪਦਾਰਥਾਂ ਦਾ ਮਾਲਕ ਹੁੰਦਾ ਹੋਇਆ ਵੀ ਮਨ ਵਿੱਚ ਸੜਦਾ ਰਹਿੰਦਾ ਸੀ । ਉਮਰ ਵਧਣ ਦੇ ਨਾਲ ਉਹ ਸਗੋਂ ਹੋਰ ਈਰਖਾਲੂ ਹੁੰਦਾ ਗਿਆ । ਉਸਨੂੰ ਪੂਰੀ ਆਸ ਸੀ ਕਿ ਗੁਰੂ ਅਰਜੁਨ ਦੇਵ ਜੀ ਦੇ ਮਗਰੋਂ ਉਹ ਆਪਣੇ ਪੁੱਤਰ ਮਿਹਰਬਾਨ ਨੂੰ ਗੁਰਗੱਦੀ ਲੈ ਕੇ ਦੇਣ ਵਿੱਚ ਸਫਲ ਹੋ ਜਾਵੇਗਾ । ਪਰ (ਗੁਰੂ) ਹਰਿਗੋਬਿੰਦ ਜੀ ਦੇ ਜਨਮ ਨੇ ਉਸਦੀਆਂ ਸਾਰੀਆਂ ਆਸਾਂ ਤੇ ਪਾਣੀ ਫੇਰ ਦਿਤਾ । ਫਿਰ ਵੀ ਉਸਨੇ ਅਪਣੀਆਂ ਭੈੜੀਆਂ ਹਰਕਤਾਂ ਜਾਰੀ ਰੱਖੀਆਂ ਅਤੇ ਬਾਲਕ (ਗੁਰੂ) ਹਰਿਗੋਬਿੰਦ ਨੂੰ ਮਰਵਾਉਣ ਦੇ ਤਿੰਨ ਵਾਰ ਯਤਨ ਕੀਤੇ, ਪਰ ਅਕਾਲ ਪੁਰਖ ਨੇ ਉਸਨੂੰ ਸਫਲ ਨਾ ਹੋਣ ਦਿਤਾ । ਫਿਰ ਉਸਨੇ ਸਰਕਾਰੀ ਅਸਰ ਰਸੂਖ ਨਾਲ ਗੁਰੂ ਅਰਜੁਨ ਦੇਵ ਜੀ ਨੂੰ ਡਰਾਉਣ-ਧਮਕਾਉਣ ਦੀ ਨਾਪਾਕ ਹਰਕਤ ਕਰਨ ਦਾ ਮਨ ਬਣਾ ਲਿਆ । ਉਹ ਲਾਹੌਰ ਤੋਂ ਸੁਲਹੀ ਖਾਂ ਨੂੰ ਲੈ ਆਇਆ । ਉਸ ਸਮੇਂ ਅਕਬਰ ਪੰਜਾਬ ਤੋਂ ਵਾਪਸ ਆਗਰੇ ਜਾ ਚੁਕਾ ਸੀ, ਜਿਥੋਂ ਉਸਨੇ ਅੱਗੇ ਦੱਖਣ ਵਿੱਚ ਜਾਣਾ ਸੀ ।

ਸੁਲਹੀ ਖਾਂ ਲਾਹੌਰ ਤੋਂ ਚੱਲ ਕੇ ਪਹਿਲਾਂ ਹੇਹਰੀ ਆਇਆ ਤੇ ਪ੍ਰਿਥੀ ਚੰਦ ਕੋਲ ਠਹਿਰ ਗਿਆ । ਪ੍ਰਿਥੀ ਚੰਦ ਨੇ ਇੱਟਾਂ ਦੇ ਭੱਠੇ ਚੜ੍ਹਵਾਏ ਹੋਏ ਸਨ । ਉਹ ਸੁਲਹੀ ਖਾਂ ਨੂੰ ਭੱਠੇ ਵਿਖਾਉਣ ਲੈ ਗਿਆ । ਸੁਲਹੀ ਖਾਂ ਘੋੜੇ ਤੇ ਚੜ੍ਹਿਆ ਹੋਇਆ ਹੀ ਭੱਠੇ ਤੇ ਚੜ੍ਹ ਗਿਆਂ। ਬਲਦੇ ਭੱਠੇ ਦੀ ਅੱਗ ਵੇਖ ਕੇ ਘੋੜਾ ਤ੍ਰਬਕ ਪਿਆ ਅਤੇ ਸੁਲਹੀ ਖਾਂ ਸਮੇਤ ਅੱਗ ਵਿੱਚ ਜਾ ਡਿਗਿਆ । ਇੰਝ ਪ੍ਰਿਥੀ ਚੰਦ ਦਾ ਇਹ ਯਤਨ ਵੀ ਫਿਹਲ ਹੋ ਗਿਆ ।

ਗੁਰੂ ਅਰਜੁਨ ਦੇਵ ਜੀ ਨੇ ਸੁਲਹੀ ਖਾਂ ਦੇ ਚੜ੍ਹ ਆਉਣ ਬਾਰੇ ਦੋ ਸ਼ਬਦ ਉਚਾਰੇ ਹਨ, ਜਿਨ੍ਹਾਂ ਵਿੱਚ ਆਪ ਜੀ ਨੇ ਇਹ ਗੱਲ ਦਰਸਾਈ ਹੈ ਕਿ ਅਕਾਲ ਪੁਰਖ ਦਾ ਆਸਰਾ ਹੀ ਸਭ ਤੋਂ ਵੱਡਾ ਆਸਰਾ ਹੈ ਅਤੇ ਜਿਸ ਦੀ ਰਖਿਆ ਅਕਾਲ ਪੁਰਖ ਆਪ ਕਰੇ ਉਸਦਾ ਵੱਡੇ ਤੋਂ ਵੱਡਾ ਵੈਰੀ ਵੀ ਕੁਝ ਵਗਾੜ ਨਹੀਂ ਸਕਦਾ । ਉਹ ਸ਼ਬਦ ਇਸ ਪ੍ਰਕਾਰ ਹਨ :-

ਪ੍ਰਥਮੇ ਮਤਾ ਜਿ ਪਤ੍ਰੀ ਚਲਾਵਉ ॥
ਦੁਤੀਏ ਮਤਾ ਦੁਇ ਮਾਨੁਖ ਪਹੁਚਾਵਉ ॥
ਤ੍ਰਿਤੀਏ ਮਤਾ ਕਿਛੁ ਕਰਉ ਉਪਾਇਆ ॥
ਮੈ ਸਭੁ ਕਿਛੁ ਛੋਡਿ ਪ੍ਰਭ ਤੁਹੀ ਧਿਆਇਆ ॥੧॥
ਮਹਾ ਅਨੰਦ ਅਚਿੰਤ ਸਹਜਾਇਆ ॥

ਦੁਸਮਨ ਦੂਤ ਮੁਏ ਸੁਖੁ ਪਾਇਆ ॥੧॥ ਰਹਾਉ ॥
ਸਤਿਗੁਰਿ ਮੋ ਕਉ ਦੀਆ ਉਪਦੇਸੁ ॥
ਜੀਉ ਪਿੰਡੁ ਸਭੁ ਹਰਿ ਕਾ ਦੇਸੁ ॥
ਜੋ ਕਿਛੁ ਕਰੀ ਸੁ ਤੇਰਾ ਤਾਣੁ ॥
ਤੂੰ ਮੇਰੀ ਓਟ ਤੂੰ ਹੈ ਦੀਬਾਣੁ ॥੨॥
ਤੁਧ ਨੋ ਛੋਡਿ ਜਾਈਐ ਪ੍ਰਭ ਕੈਂ ਧਰਿ ।
ਆਨ ਨ ਬੀਆ ਤੇਰੀ ਸਮਸਰਿ ॥
ਤੇਰੇ ਸੇਵਕ ਕਉ ਕਿਸ ਕੀ ਕਾਣਿ ॥
ਸਾਕਤੁ ਭੂਲਾ ਫਿਰੈ ਬੇਬਾਣਿ ॥੩॥
ਤੇਰੀ ਵਡਿਆਈ ਕਹੀ ਨ ਜਾਇ ॥
ਜਹ ਕਹ ਰਾਖਿ ਲਹਿ ਗਲਿ ਲਾਇ ॥
ਨਾਨਕ ਦਾਸ ਤੇਰੀ ਸਰਣਾਈ ॥
ਪ੍ਰਭਿ ਰਾਖੀ ਪੈਜ ਵਜੀ ਵਾਧਾਈ ॥੪॥ (ਆਸਾ, ਮਹਲਾ-੫, ਪੰਨਾ-੩੭੧)

ਸਤਿਗੁਰੂ ਜੀ ਉਪਰੋਕਤ ਸ਼ਬਦ ਵਿੱਚ ਫੁਰਮਾਉਂਦੇ ਹਨ ਕਿ ਪਰਮਾਤਮਾ ਦਾ ਆਸਰਾ ਲਿਆਂ ਬੜਾ ਅਨੰਦ ਮਿਲਦਾ ਹੈ, ਨਿਸਚਿੰਤਤਾ ਹੋ ਜਾਂਦੀ ਹੈ, ਆਤਮਕ ਅਡੋਲਤਾ ਪੈਦਾ ਹੋ ਜਾਂਦੀ ਹੈ, ਸਾਰੇ ਵੈਰੀ ਮੁੱਕ ਜਾਂਦੇ ਹਨ (ਕੋਈ ਵੈਰੀ ਨਹੀਂ ਜਾਪਦਾ) ਅਤੇ ਆਤਮਕ ਅਨੰਦ ਮਿਲਦਾ ਹੈ ।

(ਜਦੋਂ ਸੁਲਹੀ ਖਾਂ ਦੇ ਚੜ੍ਹ ਆਉਣ ਦੀ ਖਬਰ ਆਈ ਤਾਂ) ਮੈਨੂੰ ਪਹਿਲਾਂ ਸਲਾਹ ਦਿੱਤੀ ਗਈ ਕਿ ਮੈਂ ਉਸਨੂੰ ਚਿੱਠੀ ਲਿਖ ਕੇ ਭੇਜਾਂ, ਫਿਰ ਸਲਾਹ ਮਿਲੀ ਕਿ ਮੈਂ ਉਸ ਕੋਲ ਦੋ ਮਨੁੱਖ ਭੇਜਾਂ, ਤੀਜੀ ਸਲਾਹ ਮਿਲੀ ਕਿ ਮੈਂ ਕੋਈ ਨਾ ਕੋਈ ਉਪਾਅ ਜ਼ਰੂਰ ਕਰਾਂ । ਪਰ ਹੇ ਪ੍ਰਭੂ! ਹੋਰ ਸਾਰੇ ਯਤਨ ਛੱਡ ਕੇ ਮੈਂ ਸਿਰਫ਼ ਤੈਨੂੰ ਹੀ ਸਿਮਰਿਆ ਹੈ ।੧।

ਸਤਿਗੁਰੂ ਨੇ ਮੈਨੂੰ ਸਿਖਿਆ ਦਿੱਤੀ ਹੈ ਕਿ ਇਹ ਜਿੰਦ ਤੇ ਸਰੀਰ ਸਭ ਕੁਝ ਪਰਮਾਤਮਾ ਦੇ ਰਹਿਣ ਲਈ ਥਾਂ ਹੈ । ਇਸ ਲਈ ਮੈਂ ਜੋ ਕੁਝ ਵੀ ਕਰਦਾ ਹਾਂ, ਤੇਰਾ ਸਹਾਰਾ ਲੈ ਕੇ ਕਰਦਾ ਹਾਂ, ਤੂੰ ਹੀ ਮੇਰੀ ਓਟ ਹੈਂ ਤੇ ਤੂੰ ਹੀ ਮੇਰਾ ਆਸਰਾ ਹੈਂ ।੨।

ਹੇ ਪ੍ਰਭੂ ! ਤੈਨੂੰ ਛੱਡ ਕੇ ਹੋਰ ਜਾਈਏ ਭੀ ਕਿਥੇ ? ਤੇਰੇ ਬਰਾਬਰ ਦਾ ਤਾਂ ਦੂਜਾ ਕੋਈ ਹੈ ਹੀ ਨਹੀਂ । ਇਸ ਲਈ ਤੇਰੇ ਸੇਵਕ ਨੂੰ ਕਿਸੇ ਦੀ ਮੁਥਾਜੀ ਨਹੀਂ ਹੋ ਸਕਦੀ, ਪਰ ਤੈਥੋਂ ਟੁੱਟਾ ਹੋਇਆ ਮਨੁੱਖ ਕੁਰਾਹੇ ਪੈ ਕੇ ਉਜਾੜ ਵਿੱਚ ਭਟਕਦਾ ਫਿਰਦਾ ਹੈ ।੩।

ਹੇ ਪ੍ਰਭੂ ! ਤੂੰ ਕੇਡਾ ਵੱਡਾ ਹੈਂ - ਇਹ ਗੱਲ ਮੇਰੇ ਕੋਲੋਂ ਬਿਆਨ ਨਹੀਂ ਹੋ ਸਕਦੀ । ਤੂੰ ਹਰ ਥਾਂ ਮੈਨੂੰ ਆਪਣੇ ਗਲ ਲਾ ਕੇ ਬਚਾ ਲੈਂਦਾ ਹੈ । ਹੇ ਦਾਸ ਨਾਨਕ! ਇੰਝ ਆਖ ਕਿ ਹੇ ਪ੍ਰਭੂ ! ਮੈਂ ਤੇਰੀ ਸ਼ਰਨ ਪਿਆ ਰਹਿੰਦਾ ਹਾਂ । ਪ੍ਰਭੂ ਨੇ ਮੇਰੀ ਪੈਜ ਰੱਖ ਲਈ ਹੈ ਤੇ (ਮੁਸੀਬਤਾਂ ਦੇ ਵੇਲੇ ਵੀ ਉਸ ਦੀ ਮਿਹਰ ਨਾਲ) ਮੇਰੇ ਅੰਦਰ ਚੜ੍ਹਦੀ ਕਲਾ ਪ੍ਰਬਲ ਰਹਿੰਦੀ ਹੈ ।

ਸੁਲਹੀ ਤੇ ਨਾਰਾਇਣ ਰਾਖੁ ॥
ਸੁਲਹੀ ਕਾ ਹਾਥੁ ਕਹੀ ਨ ਪਹੁਚੈ,

ਸੁਲਹੀ ਹੋਇ ਮੂਆ ਨਾਪਾਕੁ ॥੧॥ ਰਹਾਉ ॥
ਕਾਢਿ ਕੁਠਾਰੁ ਖਸਮਿ ਸਿਰੁ ਕਾਟਿਆ,
ਖਿਨ ਮਹਿ ਹੋਇ ਗਇਆ ਹੈ ਖਾਕੁ ॥
ਮੰਦਾ ਚਿਤਵਤ ਚਿਤਵਤ ਪਚਿਆ,
ਜਿਨਿ ਰਚਿਆ ਤਿਨਿ ਦੀਨਾ ਧਾਕੁ ॥੧॥
ਪੁਤ੍ਰ ਮੀਤ ਧਨੁ ਕਿਛੂ ਨ ਰਹਿਓ,
ਸੁ ਛੋਡਿ ਗਇਆ ਸਭ ਭਾਈ ਸਾਕੁ ॥
ਕਹੁ ਨਾਨਕ ਤਿਸੁ ਪ੍ਰਭ ਬਲਿਹਾਰੀ,
ਜਿਨਿ ਜਨ ਕਾ ਕੀਨੋ ਪੂਰਨ ਵਾਕੁ ॥੨॥

(ਬਿਲਾਵਲੁ,ਮਹਲਾ ੫, ਪੰਨਾ-੮੨੫)

ਇਸ ਸ਼ਬਦ ਵਿੱਚ ਸਤਿਗੁਰੂ ਜੀ ਫੁਰਮਾਉਂਦੇ ਹਨ :-

(ਹੇ ਵਾਹਿਗੁਰੂ ! ਮੇਰੀ ਤੇਰੇ ਪਾਸ ਅਰਦਾਸ ਹੀ ਸੀ ਕਿ) ਕਿ ਹੇ ਪ੍ਰਭੂ ! ਸਾਨੂੰ ਸੁਲਹੀ ਖਾਂ ਤੋਂ ਬਚਾ ਲੈ ਅਤੇ ਸੁਲਹੀ ਦਾ ਜ਼ੁਲਮ ਭਰਿਆ ਹੱਥ ਸਾਡੇ ਤਕ ਅਪੜ ਨਾ ਸਕੇ। ਹੇ ਭਾਈ, (ਪ੍ਰਭੂ ਦੀ ਮਿਹਰ ਨਾਲ) ਸੁਲਹੀ ਖਾਂ ਮਲੀਨ-ਬੁਧਿ ਹੋ ਕੇ ਮਰਿਆ ਹੈ ।੧। ਰਹਾਉ।

ਖਸਮ ਪ੍ਰਭੂ ਨੇ ਮੌਤ ਰੂਪੀ ਕੁਹਾੜਾ ਕੱਢ ਕੇ (ਸੁਲਹੀ ਦਾ) ਸਿਰ ਵੱਢ ਦਿਤਾ ਹੈ, ਤੇ ਉਹ ਇਕ ਖਿਨ ਵਿਚ ਹੀ ਸੁਆਹ ਦੀ ਢੇਰੀ ਹੋ ਗਿਆ ਹੈ । ਹੋਰਨਾਂ ਦਾ ਨੁਕਸਾਨ ਕਰਨਾ ਸੋਚਦਾ ਸੋਚਦਾ ਉਹ ਸੜ ਮਰਿਆ ਹੈ। ਜਿਸ ਪ੍ਰਭੂ ਨੇ ਉਸਨੂੰ ਪੈਦਾ ਕੀਤਾ ਸੀ, ਉਸ ਨੇ ਹੀ ਉਸਨੂੰ ਪਰਲੋਕ ਵਲ ਦਾ ਧੱਕਾ ਦੇ ਦਿਤਾ ਹੈ ॥੨॥

ਸਾਰਾ ਸਾਕ-ਕਟੁੰਬ ਛੱਡ ਕੇ (ਸੁਲਹੀ ਇਸ ਦੁਨੀਆਂ ਤੋਂ) ਤੁਰ ਗਿਆ ਹੈ । ਉਸ ਦੇ ਭਾ ਦੇ ਨਾ ਕੋਈ ਪੁੱਤਰ ਰਹਿ ਗਏ ਤੇ ਨਾ ਕੋਈ ਮਿੱਤਰ ਤੇ ਨਾ ਧਨ ਹੀ ਰਹਿ ਗਿਆ – ਉਸਦੇ ਭਾ ਦਾ ਤਾਂ ਕੁਝ ਵੀ ਨਹੀਂ ਰਹਿ ਗਿਆ । ਹੇ ਨਾਨਕ ! ਆਖ ਮੈਂ ਉਸ ਪ੍ਰਭੂ ਤੋਂ ਕੁਰਬਾਨ ਜਾਂਦਾ ਹਾਂ, ਜਿਸ ਨੇ ਆਪਣੇ ਸੇਵਕ ਦੀ ਅਰਦਾਸ ਸੁਣੀ ਹੈ ਤੇ ਸੁਲਹੀ ਤੋਂ ਬਚਾਇਆ ਹੈ ॥੨॥

**ਗੁਰਬਾਣੀ ਵਿਰੁਧ ਸ਼ਿਕਾਇਤਾਂ** : ਸ੍ਰੀ ਗੁਰੂ ਅਰਜੁਨ ਦੇਵ ਜੀ ਆਪਣੀਆਂ ਪਰਚਾਰ ਫੇਰੀਆਂ (ਸੰਨ ੧੫੯੦ ਤੋਂ ੧੬੦੧) ਦੇ ਦੌਰਾਨ, ਗੁਰਬਾਣੀ ਦਾ ਉਹ ਭੰਡਾਰ ਜੋ ਉਨ੍ਹਾਂ ਨੂੰ ਪਿਤਾ ਗੁਰੂ ਰਾਮਦਾਸ ਜੀ ਤੋਂ ਮਿਲਿਆ ਸੀ, ਹਮੇਸ਼ਾ ਆਪਣੇ ਨਾਲ ਰਖਦੇ ਸਨ । ਇਸ ਦੇ ਤਿੰਨ ਕਾਰਨ ਸਨ- ਪਹਿਲਾ, ਗੁਰਬਾਣੀ ਦੇ ਭੰਡਾਰ ਦੀ ਸੰਭਾਲ ਕਰਨੀ ਤਾਂ ਕਿ ਪ੍ਰਿਥੀਆ ਜਾਂ ਕੋਈ ਹੋਰ ਗੁਰੂ ਦੋਖੀ ਉਸ ਭੰਡਾਰ ਨੂੰ ਚੁਰਾ ਕੇ ਨਾ ਲੈ ਜਾਵੇ। ਦੂਜਾ, ਗੁਰਬਾਣੀ ਦਾ ਆਪ ਪਾਠ ਕਰਨਾ ਹੁੰਦਾ ਸੀ। ਤੀਜਾ, ਸੰਗਤਾਂ ਵਿਚ ਗੁਰਬਾਣੀ ਦਾ ਪਰਚਾਰ ਕਰਨਾ ਹੁੰਦਾ ਸੀ ।

ਸਿੱਖ ਸੰਗਤਾਂ ਗੁਰਬਾਣੀ ਨੂੰ ਹਦੋਂ ਵੱਧ ਪਿਆਰ ਕਰਦੀਆਂ ਸਨ, ਕਿਉਂਕਿ ਗੁਰੂ ਨਾਨਕ ਦੇਵ ਜੀ ਦੇ ਸਮੇਂ ਤੋਂ ਹੀ ਇਹ ਪ੍ਰਚਾਰ ਹੁੰਦਾ ਆ ਰਿਹਾ ਸੀ ਕਿ ਗੁਰੂ ਦਾ ਸ਼ਬਦ

ਅਥਵਾ ਗੁਰਬਾਣੀ ਹੀ 'ਗੁਰੂ' ਹੈ । ਗੁਰਬਾਣੀ ਪ੍ਰਤਿ ਸਿੱਖ ਸੰਗਤਾਂ ਦੇ ਪਿਆਰ ਨੂੰ ਵੇਖਕੇ ਤੀਜੇ ਪਾਤਸ਼ਾਹ ਦੇ ਸਮੇਂ ਤੱਕ 'ਨਾਨਕ' ਛਾਪ ਵਾਲੀ ਨਕਲੀ (ਜਾਂ ਕੱਚੀ) ਬਾਣੀ ਵੀ ਲਿਖੀ ਜਾਣ ਲਗ ਪਈ ਸੀ । ਏਸੇ ਲਈ ਗੁਰੂ ਅਮਰਦਾਸ ਜੀ ਨੇ ਸਿੱਖਾਂ ਨੂੰ ਸੁਚੇਤ ਕਰਨ ਲਈ ਆਖਿਆ ਸੀ ਕਿ ਜਿਹੜੀ 'ਬਾਣੀ' ਸਤਿਗੁਰੂ ਨੇ ਉਚਾਰਨ ਨਹੀਂ ਕੀਤੀ ਤੇ ਨਾ ਹੀ ਪ੍ਰਵਾਨ ਕੀਤੀ ਹੈ (ਅਥਵਾ ਗੁਰੂ ਆਸ਼ੇ ਦੇ ਉਲਟ ਹੈ) ਉਹ 'ਬਾਣੀ' ਕਚੀ ਹੈ ਅਥਵਾ ਮਾਇਆ ਦੀ ਝਲਕ ਦੇ ਸਾਹਮਣੇ ਥਿੜਕਾ ਦੇਣ ਵਾਲੀ ਹੈ । ਐਸੀ ਬਾਣੀ ਨਾਲ ਮਨ ਕਮਜ਼ੋਰ ਹੋ ਜਾਂਦੇ ਹਨ–ਸੁਣਨ ਵਾਲਿਆਂ ਦੇ ਮਨ ਵੀ ਥਿੜਕ ਜਾਂਦੇ ਹਨ ਤੇ ਜਿਹੜੇ ਇਸ ਬਾਣੀ ਦੀ ਪੜ੍ਹ ਪੜ੍ਹ ਕੇ ਵਿਆਖਿਆ ਕਰਦੇ ਹਨ, ਉਹ ਵੀ ਕਮਜ਼ੋਰ ਮਨ ਦੇ ਹੋ ਜਾਂਦੇ ਹਨ । ਅਜਿਹੇ ਕਮਜ਼ੋਰ ਹੋ ਚੁਕੇ ਮਨਾਂ ਵਿੱਚ ਆਤਮਕ ਅਨੰਦ ਦਾ ਸੁਆਦ ਨਹੀਂ ਬਣ ਸਕਦਾ । ਉਹ ਮਨ ਤਾਂ ਮਾਇਆ ਦੇ ਮੋਹ ਵਿੱਚ ਫਸੇ ਪਏ ਹੁੰਦੇ ਹਨ ।

**ਸਤਿਗੁਰੂ ਬਿਨਾ ਹੋਰ ਕਚੀ ਹੈ ਬਾਣੀ ॥**
**ਬਾਣੀ ਤ ਕਚੀ ਸਤਿਗੁਰੂ ਬਾਝਹੁ ਹੋਰ ਕਚੀ ਬਾਣੀ ॥**
**ਕਹਦੇ ਕਚੇ ਸੁਣਦੇ ਕਚੇ ਕਚੀ ਆਖਿ ਵਖਾਣੀ ॥**
**ਹਰਿ ਹਰਿ ਨਿਤ ਕਰਹਿ ਰਸਨਾ ਕਹਿਆ ਕਛੂ ਨ ਜਾਣੀ ॥**
**ਚਿਤੁ ਜਿਨ ਕਾ ਹਿਰਿ ਲਇਆ ਮਾਇਆ ਬੋਲਨਿ ਪਏ ਰਵਾਣੀ ॥**
**ਕਹੈ ਨਾਨਕੁ ਸਤਿਗੁਰੂ ਬਾਝਹੁ ਹੋਰ ਕਚੀ ਬਾਣੀ ॥ ੨੪॥**

(ਅਨੰਦੁ ਸਾਹਿਬ ਪਉੜੀ -੨੪)

ਚੌਥੇ ਪਾਤਸ਼ਾਹ ਗੁਰੂ ਰਾਮਦਾਸ ਜੀ ਨੇ ਤਾਂ ਸਾਫ਼ ਹੀ ਆਖ ਦਿਤਾ ਸੀ ਕਿ ਬਾਣੀ ਹੀ ਗੁਰੂ ਹੈ । ਬਾਣੀ-ਗੁਰੂ ਦਾ ਹੁਕਮ ਮੰਨਣ ਵਾਲੇ ਸੇਵਕ ਨੂੰ ਬਾਣੀ ਵਿਚੋਂ ਹੀ ਗੁਰੂ ਦੇ ਦਰਸ਼ਨ ਹੋ ਜਾਂਦੇ ਹਨ :

**ਬਾਣੀ ਗੁਰੂ, ਗੁਰੂ ਹੈ ਬਾਣੀ, ਵਿਚਿ ਬਾਣੀ ਅੰਮ੍ਰਿਤੁ ਸਾਰੇ ।**
**ਗੁਰੁ, ਬਾਣੀ ਕਹੈ, ਸੇਵਕੁ ਜਨੁ ਮਾਨੈ, ਪਰਤਖਿ ਗੁਰੂ ਨਿਸਤਾਰੇ ॥**

(ਨਟ,ਮ: ੪–ਪੰਨਾ-੯੮੨)

ਗੁਰੂ ਅਰਜੁਨ ਦੇਵ ਜੀ ਨੇ ਆਪ ਵੀ ਭਾਰੀ ਮਾਤਰਾ ਵਿੱਚ ਬਾਣੀ ਉਚਾਰਨ ਕੀਤੀ ਸੀ । ਰੋਜ਼ ਦੀਵਾਨ ਵਿੱਚ ਬਾਣੀ ਦੀ ਵੀਚਾਰ ਹੁੰਦੀ ਸੀ । ਗੁਰੂ ਜੀ ਨੇ ਦਸ-ਗਿਆਰਾਂ ਸਾਲ ਲਗਾਤਾਰ ਥਾਂ-ਥਾਂ ਜਾ ਕੇ ਬਾਣੀ ਦਾ ਪਰਚਾਰ ਕੀਤਾ । ਇਸ ਨਾਲ ਲੋਕਾਂ ਦੇ ਮਨਾਂ ਵਿੱਚ ਬਾਣੀ ਲਈ ਪ੍ਰੀਤ ਹੋਰ ਵਧ ਗਈ ।

ਪ੍ਰਿਥੀ ਚੰਦ ਵੀ ਵੇਖ ਰਿਹਾ ਸੀ ਕਿ ਸਿੱਖ ਗੁਰਬਾਣੀ ਪੜ੍ਹਨ, ਸੁਣਨ ਤੇ ਗੁਰਬਾਣੀ ਦਾ ਕੀਰਤਨ ਕਰਨ ਵਿੱਚ ਬਹੁਤ ਦਿਲਚਸਪੀ ਲੈਂਦੇ ਹਨ । ਉਸਨੇ ਸਿੱਖਾਂ ਵਿੱਚ ਪ੍ਰਭਾਵ ਪਾਉਣ ਲਈ ਗੁਰੂ ਨਾਨਕ ਦੇਵ ਜੀ ਦਾ ਨਾਮ ਵਰਤ ਕੇ 'ਬਾਣੀ' ਲਿਖਣੀ ਆਰੰਭ ਕਰ ਦਿੱਤੀ । ਪਰ ਉਸਦੀ ਕੱਚੀ ਬਾਣੀ ਸਿੱਖਾਂ ਦੇ ਮਨ ਵਿੱਚ ਕੋਈ ਖਿੱਚ ਨਾ ਪੈਦਾ ਕਰ ਸਕੀ, ਕਿਉਂਕਿ ਗੁਰਤਾ ਵਾਲੇ ਗੁਣਾਂ ਤੋਂ ਬਿਨਾਂ ਕੀਤੀ ਤੁਕਬੰਦੀ ਸੱਚੀ ਬਾਣੀ ਦੀ ਤਰ੍ਹਾਂ ਪ੍ਰਭਾਵ ਨਹੀਂ ਪਾ ਸਕਦੀ । ਜਦੋਂ ਪ੍ਰਿਥੀ ਚੰਦ ਨੇ ਇਹ ਵੇਖ ਲਿਆ ਕਿ ਉਸਦੀ ਤੁਕਬੰਦੀ (ਕਵਿਤਾ)

ਸਿੱਖਾਂ ਤੇ ਕੋਈ ਪ੍ਰਭਾਵ ਨਹੀਂ ਪਾ ਰਹੀ, ਤਾਂ ਉਸਨੇ ਆਪਣੇ ਮਿੱਤਰ ਸਰਕਾਰੀ ਕਰਮਚਾਰੀਆਂ ਦੀ ਰਾਹੀਂ ਅਕਬਰ ਦੇ ਕੰਨ ਭਰਨੇ ਸ਼ੁਰੂ ਕਰ ਦਿੱਤੇ ਕਿ ਗੁਰੂ ਅਰਜਨ ਦੇਵ ਜੀ ਆਪਣੀ ਬਾਣੀ ਦੁਆਰਾ ਇਸਲਾਮ ਅਤੇ ਹਿੰਦੂ ਧਰਮ ਦੇ ਖਿਲਾਫ ਪਰਚਾਰ ਕਰ ਰਹੇ ਹਨ । ਇਹੋ ਜਿਹੀਆਂ ਗੱਲਾਂ ਬੀਰਬਲ ਵੀ ਕਰਦਾ ਰਹਿੰਦਾ ਸੀ । ਭਾਵੇਂ ਅਕਬਰ ਦੇ ਮਨ ਉਤੇ ਇਨ੍ਹਾਂ ਗੱਲਾਂ ਦਾ ਕੋਈ ਪ੍ਰਭਾਵ ਨਹੀਂ ਪਿਆ, ਪਰ ਬਹੁਤ ਸਾਰੇ ਮੁਸਲਮਾਨਾਂ ਦੇ ਮਨ ਵਿੱਚ ਗੁਰਬਾਣੀ ਪ੍ਰਤਿ ਸ਼ੰਕੇ ਪੈਦਾ ਹੋ ਗਏ । ਇਨ੍ਹਾਂ ਸ਼ੰਕਿਆਂ ਨੂੰ ਨਿਰਾਵਰਣ ਕਰਨਾ ਬਹੁਤ ਜ਼ਰੂਰੀ ਸੀ । ਇਸ ਲਈ ਜਦੋਂ ਅਕਬਰ ਆਪਣੇ ਅਹਿਲਕਾਰਾਂ ਸਮੇਤ ਸੰਨ ੧੫੯੮ ਦੇ ਅਖੀਰ ਵਿੱਚ ਲਾਹੌਰੋਂ ਦਿੱਲੀ ਨੂੰ ਵਾਪਿਸ ਗਿਆ, ਤਾਂ ਉਹ ਗੋਇੰਦਵਾਲ ਸਾਹਿਬ ਹੋ ਕੇ ਗਿਆ । ਉਨ੍ਹਾਂ ਦਿਨਾਂ ਵਿੱਚ ਗੁਰੂ ਅਰਜਨ ਦੇਵ ਜੀ ਜੰਬਰ, ਬਹੜਵਾਲ, ਚੂਨੀਆਂ ਆਦਿਕ ਇਲਾਕਿਆਂ ਦਾ ਦੌਰਾ ਕਰਕੇ ਗੋਇੰਦਵਾਲ ਸਾਹਿਬ ਆਏ ਸਨ। ਅਕਬਰ ਨੇ ਬਾਣੀ ਦਾ ਉਹ ਖਜ਼ਾਨਾ ਵੇਖਿਆ ਜਿਸ ਵਿੱਚ ਪਹਿਲੇ ਚਾਰ ਗੁਰਾਂ ਦੀ ਬਾਣੀ, ਭਗਤਾਂ ਤੇ ਭੱਟਾਂ ਦੀ ਬਾਣੀ ਤੋਂ ਸਿਵਾ ਗੁਰੂ ਅਰਜਨ ਦੇਵ ਜੀ ਦੀ ਆਪਣੀ ਬਾਣੀ ਵੀ ਮੌਜੂਦ ਸੀ । ਉਸਨੇ ਆਪਣੇ ਅਹਿਲਕਾਰਾਂ ਤੇ ਹੋਰ ਸੰਗਤਾਂ ਦੀ ਮੌਜੂਦਗੀ ਵਿੱਚ ਵੱਖ ਵੱਖ ਥਾਵਾਂ ਤੋਂ ਗੁਰਬਾਣੀ ਦਾ ਪਾਠ ਸੁਣਿਆ । ਕਿਧਰੇ ਵੀ ਕਿਸੇ ਵੀ ਧਰਮ ਦੀ ਨਿੰਦਿਆ ਨਹੀਂ ਸੀ ਕੀਤੀ ਗਈ, ਸਗੋਂ ਬਾਣੀ ਵਿਚੋਂ ਤਾਂ ਸਰਬੱਤ ਦੇ ਭਲੇ ਵਾਲੀ ਭਾਵਨਾ ਹੀ ਉਜਾਗਰ ਹੁੰਦੀ ਸੀ । ਬਾਣੀ ਦਾ ਪਾਠ ਸੁਣਕੇ ਅਕਬਰ ਬਹੁਤ ਖੁਸ਼ ਹੋਇਆ । ਗੁਰੂ ਸਾਹਿਬ ਦੀ ਪ੍ਰੇਰਨਾ ਤੇ ਉਸਨੇ ਪੰਜਾਬੀਆਂ ਦਾ ਬਹੁਤ ਸਾਰਾ ਮਾਲੀਆ ਵੀ ਮਾਫ਼ ਕਰ ਦਿਤਾ ।

ਪ੍ਰਿਥੀ ਚੰਦ ਦਾ ਆਖਰੀ ਵਾਰ ਵੀ ਨਾਕਾਮ ਰਿਹਾ ।

# ਸੀਤਲਾ ਤੇ ਰਖਿਆ ਬਿਹਾਰੀ

ਦਸ ਸਾਲਾਂ ਦੇ ਪਰਚਾਰ ਦੌਰਿਆਂ ਮਗਰੋਂ ਸ੍ਰੀ ਗੁਰੂ ਅਰਜੁਨ ਦੇਵ ਜੀ ਸੰਨ ੧੬੦੧ ਦੇ ਆਰੰਭ ਵਿੱਚ ਅੰਮ੍ਰਿਤਸਰ ਵਿੱਚ ਆ ਕੇ ਟਿਕ ਗਏ । ਇਨ੍ਹਾਂ ਦੌਰਿਆਂ ਨੇ ਮਾਝੇ ਵਿੱਚ ਸਿੱਖ ਧਰਮ ਦੀਆਂ ਜੜ੍ਹਾਂ ਪੱਕੀਆਂ ਕਰ ਦਿਤੀਆਂ ਅਤੇ ਬ੍ਰਾਹਮਣਾ ਅਤੇ ਸਖੀ ਸਰਵਰੀਆਂ ਦੇ ਪੈਰ ਉਖਾੜ ਕੇ ਰੱਖ ਦਿਤੇ ।

ਸ੍ਰੀ ਹਰਿਮੰਦਰ ਸਾਹਿਬ ਜੀ ਦੀ ਇਮਾਰਤ ਸੰਪੂਰਨ ਹੋ ਚੁਕੀ ਸੀ । ਸਤਿਗੁਰੂ ਜੀ ਨੇ ਰੋਜ਼ਾਨਾ ਮਰਯਾਦਾ ਪੱਕੀ ਕਰ ਦਿੱਤੀ, ਜੋ ਹੁਣ ਤੱਕ ਚਲੀ ਆਉਂਦੀ ਹੈ ।

**(ਗੁਰੂ) ਹਰਿਗੋਬਿੰਦ ਜੀ ਨੂੰ ਸੀਤਲਾ ਨਿਕਲੀ :**

ਸੰਨ ੧੫੯੫ ਤੋਂ ੧੫੯੯ ਤੱਕ ਮਾਝੇ ਵਿੱਚ ਸਖਤ ਕਾਲ ਪਿਆ ਰਿਹਾ । ਭੁਖ ਨਾਲ ਕਮਜ਼ੋਰ ਹੋਏ ਲੋਕਾਂ ਵਿੱਚ ਮਲੇਰੀਆ ਤੇ ਸੀਤਲਾ (ਚੀਚਕ) ਬੀਮਾਰੀਆਂ ਦਾ ਵੀ ਜ਼ੋਰ ਪੈ ਗਿਆ । ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਜਨਮ ਸੰਨ ੧੫੯੫ ਵਿੱਚ ਵਡਾਲੀ ਵਿਖੇ ਹੋਇਆ ਸੀ । ਗੁਰੂ ਅਰਜੁਨ ਦੇਵ ਜੀ ਭੁੱਖੇ ਤੇ ਰੋਗ-ਪੀੜਤਾਂ ਦੀ ਸਹਾਇਤਾ ਲਈ ਚਾਰ-ਪੰਜ ਸਾਲ ਮਾਝੇ ਦੇ ਪਿੰਡਾਂ ਵਿਚ ਤੇ ਲਾਹੌਰ ਸ਼ਹਿਰ ਵਿਚ ਵੀ ਵਿਚਰਦੇ ਰਹੇ । ਮਾਤਾ ਗੰਗਾ ਜੀ ਅਤੇ ਬਾਲਕ (ਗੁਰੂ) ਹਰਿਗੋਬਿੰਦ ਜੀ ਵੀ ਨਾਲ ਹੀ ਸਨ । ਬਾਬਾ ਪ੍ਰਿਥੀ ਚੰਦ ਦੀਆਂ ਹਰਕਤਾਂ ਕਾਰਨ (ਗੁਰੂ) ਹਰਿਗੋਬਿੰਦ ਜੀ ਨੂੰ ਨਾਲ ਰੱਖਣਾ ਜ਼ਰੂਰੀ ਹੋ ਗਿਆ ਸੀ । ਚੀਚਕ ਵਾਲੇ ਇਲਾਕੇ ਵਿੱਚ ਫਿਰਨ ਕਰਕੇ ਅੰਮ੍ਰਿਤਸਰ ਵਾਪਸ ਆਉਣ ਤੇ (ਗੁਰੂ) ਹਰਗੋਬਿੰਦ ਸਾਹਿਬ ਨੂੰ ਮਾਤਾ (ਚੀਚਕ) ਨਿਕਲ ਆਈ । ਸਿੱਖ ਇਤਿਹਾਸ ਦੇ ਅਨੁਸਾਰ ਸ਼ੀਤਲਾ ਬੜੀ ਹੀ ਭਰਵੀਂ ਨਿਕਲੀ ਸੀ ।

ਇਸ ਬੀਮਾਰੀ ਨਾਲ ਪਹਿਲਾਂ ਬਹੁਤ ਤੇਜ਼ ਬੁਖਾਰ ਚੜ੍ਹਦਾ ਹੈ । ਕੁਝ ਦਿੰਨਾਂ ਮਗਰੋਂ ਮਰੀਜ਼ ਬੇਸੁਰਤ ਹੋਣਾ ਸ਼ੁਰੂ ਹੋ ਜਾਂਦਾ ਹੈ । ਸਰੀਰ ਅੱਗ ਵਾਂਗ ਲਾਲ ਹੋ ਜਾਂਦਾ ਹੈ । ਫਿਰ ਸਾਰਾ ਸਰੀਰ ਫਲੂਹਿਆਂ ਨਾਲ ਭਰ ਜਾਂਦਾ ਹੈ । ਜਿਉਂ ਜਿਉਂ ਫਲੂਹੇ ਨਿਕਲਦੇ ਹਨ ਘੂਕੀ-ਬੇਸੁਰਤੀ ਘਟਦੀ ਜਾਂਦੀ ਹੈ । ਇਹ ਬੀਮਾਰੀ ਏਨੀ ਖਤਰਨਾਕ ਹੁੰਦੀ ਹੈ ਕਿ ਕਈ ਮਰੀਜ਼ਾਂ ਦੀਆ ਅੱਖਾਂ ਹੀ ਮਾਰੀਆਂ ਜਾਂਦੀਆਂ ਹਨ ।

ਪੁਰਾਣੇ ਖਿਆਲਾਂ ਵਾਲੇ ਵਹਿਮੀ ਤੇ ਅਣਪੜ੍ਹ ਲੋਕ ਇਸ ਬੀਮਾਰੀ ਦਾ ਇਲਾਜ ਨਹੀਂ ਕਰਦੇ । ਉਹ ਸਮਝਦੇ ਹਨ ਕਿ ਇਹ ਬੀਮਾਰੀ ਨਹੀਂ ਹੈ ਸਗੋਂ ਦੇਵੀ ਮਾਤਾ ਆਈ ਹੈ । ਇਸ ਨੂੰ ਬੀਮਾਰੀ ਤਾਂ ਨਹੀਂ ਕਹਿੰਦੇ ਕਿ ਕਿਤੇ ਇਹ ਲਫ਼ਜ਼ ਸੁਣਕੇ ਮਾਤਾ ਗੁੱਸੇ ਵਿਚ ਨਾ ਆ ਜਾਵੇ । ਇਸ ਲਈ ਹਿੰਦੂਆਂ ਦੇ ਘਰਾਂ ਵਿੱਚ ਜ਼ਨਾਨੀਆਂ ਆਮ ਤੌਰ ਤੇ ਕਹਿੰਦੀਆਂ ਹਨ ਕਿ ਮਾਤਾ ਪ੍ਰਸੰਨ ਹੋਈ ਹੈ ਤੇ ਇਸ ਰੂਪ ਵਿਚ ਦਰਸ਼ਨ ਦਿਤੇ ਹਨ । ਮਰੀਜ਼ ਦੇ ਪਾਸ ਸੀਤਲਾ ਦੇਵੀ ਦੀਆਂ ਭੇਟਾਂ (ਉਸਤਤ ਦੇ ਗੀਤ) ਗਾਈਆਂ ਜਾਂਦੀਆ ਹਨ, ਤਾਂ ਕਿ ਉਹ ਨਰਾਜ਼ ਨਾ ਹੋ ਜਾਵੇ ਤੇ ਮਰੀਜ਼ ਦੇ ਕਿਸੇ ਅੰਗ ਨੂੰ ਨਕਾਰਾ ਜਾਂ ਕਰੂਪ ਨਾ ਕਰ ਦੇਵੇ ।

ਪਿੰਡਾਂ, ਸ਼ਹਿਰਾਂ ਤੇ ਕਸਬਿਆਂ ਦੇ ਬਾਹਰ ਸੀਤਲਾ ਦੇਵੀ ਦੇ ਮੰਦਰ ਬਣੇ ਹੁੰਦੇ ਹਨ, ਜਿਨ੍ਹਾਂ ਦੇ ਨੇੜੇ ਛਪੜ ਜਾਂ ਛਪੜੀ ਹੁੰਦੀ ਹੈ । ਛਪੜੀ ਤੋਂ ਮਿਟੀ ਲਿਆ ਕੇ (ਜਿਸ ਨੂੰ 'ਰਖ' ਕਹਿੰਦੇ ਹਨ), ਪਾਣੀ ਵਿੱਚ ਘੋਲਕੇ ਮਰੀਜ਼ ਦੇ ਫਲੂਹਿਆਂ ਉਤੇ ਘਾਹ ਦੀਆਂ ਤਿੜ੍ਹਾਂ ਨਾਲ ਕਦੇ ਕਦੇ ਛਿੜਕ ਦਿੰਦੇ ਹਨ । ਇਸ ਤੋਂ ਸਿਵਾ ਕੋਈ ਹੋਰ ਦੁਆਈ ਨਹੀਂ ਦਿੱਤੀ ਜਾਂਦੀ, ਸਗੋਂ ਦਵਾਈ ਦਾ ਨਾਮ ਤੱਕ ਨਹੀਂ ਲਿਆ ਜਾਂਦਾ, ਕਿਉਂਕਿ ਵਹਿਮੀ ਲੋਕਾਂ ਦੇ ਸੋਚਣ ਮੁਤਾਬਿਕ ਉਹ ਮਾਤਾ ਦੀ ਕਰੋਪੀ ਦਾ ਕਾਰਨ ਬਣਦਾ ਹੈ ।

ਜਦੋਂ ਮਰੀਜ਼ ਨੂੰ ਫਲੂਹੇ ਨਿਕਲ ਪੈਂਦੇ ਹਨ, ਤਾਂ ਜ਼ਨਾਨੀਆਂ ਉਸਨੂੰ ਪੂਜਾ ਵਾਸਤੇ ਮਾਤਾ ਦੇ ਮੰਦਰ ਲੈ ਜਾਂਦੀਆਂ ਹਨ । ਰਸਤੇ ਵਿੱਚ ਪ੍ਰਸੰਨਤਾ ਦੇ ਗੀਤ ਗਾਏ ਜਾਂਦੇ ਹਨ । ਮੰਦਰ ਪੁੱਜ ਕੇ ਮਰੀਜ਼ ਤੋਂ ਪਰਦੱਖਣਾ ਕਰਾਈ ਜਾਂਦੀ ਹੈ । ਉਥੇ ਮੌਲੀ, ਮੱਖਣ, ਮਿੱਠੀ ਰੋਟੀ ਆਦਿ ਦੀ ਭੇਟਾ ਚਾੜ੍ਹੀ ਜਾਂਦੀ ਹੈ । ਫਿਰ ਉਥੋਂ 'ਰੱਖ' ਲਿਆਕੇ ਪਾਣੀ ਵਿੱਚ ਘੋਲੀ ਜਾਂਦੀ ਹੈ ਤੇ ਘਾਹ ਦੀਆਂ ਤਿੜ੍ਹਾਂ ਨਾਲ ਮਰੀਜ਼ ਦੇ ਫਲੂਹਿਆਂ ਉਤੇ ਛਿੜਕੀ ਜਾਂਦੀ ਹੈ । ਜੇ ਬੱਦਲ ਗਰਜਨ ਦੀ ਸੰਭਾਵਨਾ ਹੋਵੇ, ਤਾਂ ਪਹਿਲਾਂ ਹੀ ਛੱਜ ਵਿੱਚ ਠੀਕਰੀਆਂ ਰੱਖ ਲਈਆਂ ਜਾਂਦੀਆਂ ਹਨ ਤੇ ਬੱਦਲਾਂ ਦੇ ਗੱਜਣ ਸਮੇਂ ਉਹ ਛੱਜ ਵਿੱਚ ਪਈਆਂ ਠੀਕਰੀਆਂ ਖੜਕਾਈਆਂ ਜਾਂਦੀਆ ਹਨ । ਇਹ ਸਮਝਿਆ ਜਾਂਦਾ ਹੈ ਕਿ ਜੇ ਬੱਦਲਾਂ ਦੇ ਗਰਜਨ ਦੀ ਆਵਾਜ਼ ਮਾਤਾ ਦੇ ਕੰਨੀਂ ਪੈ ਗਈ ਤਾਂ ਉਹ ਨਰਾਜ਼ ਹੋ ਜਾਵੇਗੀ ।

ਅੰਮ੍ਰਿਤਸਰ ਦੇ ਲੋਕਾਂ ਨੂੰ ਜਦੋਂ (ਗੁਰੂ) ਹਰਗੋਬਿੰਦ ਜੀ ਦੇ ਸੀਤਲਾ ਨਿਕਲਣ ਦਾ ਪਤਾ ਲੱਗਾ ਤਾਂ ਸ਼ਹਿਰ ਦੇ ਨਰ-ਨਾਰੀ ਸਿਹਤ ਦਾ ਪਤਾ ਕਰਨ ਆਉਣ ਲਗੇ । ਸਿੱਖਾਂ ਨੂੰ ਤਾਂ ਬਾਲਕ-ਗੁਰੂ ਦੀ ਸਿਹਤ ਦੀ ਚਿੰਤਾ ਸੀ, ਉਹ ਤਾਂ ਦੇਹ ਅਰੋਗਤਾ ਲਈ ਅਰਦਾਸ ਕਰਦੇ ਸਨ । ਗੁਰੂ ਅਰਜੁਨ ਦੇਵ ਜੀ ਦੁਆ-ਦਾਰੂ ਕਰ ਰਹੇ ਸਨ । ਸ਼ਹਿਰ ਵਿੱਚ ਉਹ ਲੋਕ ਵੀ ਵਸਦੇ ਸਨ, ਜਿਹੜੇ ਪੁਰਾਣੇ ਖਿਆਲਾਂ ਵਾਲੇ ਸਨ । ਇਹ ਆਉਂਦੇ ਤੇ ਇਹੀ ਪ੍ਰੇਰਨਾ ਦਿੰਦੇ ਕਿ ਸੀਤਲਾ ਮੰਦਰ ਮੱਥਾ ਟਿਕਾ ਲਿਆਓ ਅਤੇ ਮਾਤਾ ਦੀ ਰੱਖ ਲਿਆ ਕੇ ਸਰੀਰ ਉਤੇ ਛਿੜਕੋ । ਗੁਰੂ ਅਰਜੁਨ ਦੇਵ ਜੀ ਇਨ੍ਹਾਂ ਵਹਿਮੀ ਲੋਕਾਂ ਨੂੰ ਇਹੀ ਸਮਝਾਂਦੇ ਰਹਿੰਦੇ ਕਿ ਸੀਤਲਾ ਕੋਈ ਦੇਵੀ ਨਹੀਂ ਹੈ, ਸਗੋਂ ਬੀਮਾਰੀ ਹੈ। ਇਲਾਜ ਕਰਨ ਨਾਲ ਠੀਕ ਹੋ ਜਾਵੇਗੀ । ਨਾਲ ਇਹ ਵੀ ਆਖਦੇ ਪਰਮਾਤਮਾ ਅੱਗੇ ਅਰਦਾਸ ਕਰੋ, ਉਹ ਹੀ ਰੋਗਾਂ ਤੋਂ ਬਚਾਉਣ ਵਾਲਾ ਹੈ । ਜਦੋਂ ਪ੍ਰਭੂ ਦੀ ਮਿਹਰ ਹੁੰਦੀ ਹੈ ਤਾਂ ਦਵਾਈ ਵੀ ਆਪਣਾ ਅਸਰ ਵਿਖਾਉਂਦੀ ਹੈ ।

ਭਾਵੇਂ ਬੀਮਾਰੀ ਬਹੁਤ ਪਰਚੰਡ ਰੂਪ ਵਿਚ ਰਹੀ, ਪਰ ਸਤਿਗੁਰੂ ਜੀ ਨੇ ਸਭ ਸਕੇ-ਸੰਬੰਧੀਆਂ, ਸੰਗਤਾਂ ਤੇ ਹੋਰ ਸ਼ਹਿਰ ਨਿਵਾਸੀਆਂ ਨੂੰ ਅਡੋਲ ਰਹਿਣ ਦੀ ਅਤੇ ਪ੍ਰਭੂ ਦੇ ਭਾਣੇ ਵਿੱਚ ਰਹਿਣ ਦੀ ਪ੍ਰੇਰਨਾ ਦਿਤੀ । ਸਤਿਗੁਰਾਂ ਨੇ ਇਸ ਸੰਬੰਧ ਵਿਚ ਇਕ ਸ਼ਬਦ ਵੀ ਉਚਾਰਿਆ ਤੇ ਕਈ ਹੋਰ ਸ਼ਬਦਾਂ ਵਿਚ ਵੀ ਸੀਤਲਾ ਆਦਿਕ ਬੀਮਾਰੀਆਂ ਦੇ ਵਹਿਮ ਤੋਂ ਬਚਣ ਦਾ ਉਪਦੇਸ਼ ਦਿਤਾ ।

ਸਤਿਗੁਰੂ ਜੀ ਨੇ ਸੰਗਤਾਂ ਨੂੰ ਸਮਝਾਇਆ ਕਿ ਪ੍ਰਭੂ ਜਿਨ੍ਹਾਂ ਨੂੰ ਗਿਆਨ ਦਾ ਚਾਨਣ ਬਖਸ਼ਦਾ ਹੈ, ਉਨ੍ਹਾਂ ਦੇ ਵਹਿਮ ਭਰਮ ਦੂਰ ਹੋ ਜਾਂਦੇ ਹਨ । ਪ੍ਰਭੂ ਦੇ ਦਰ ਤੇ ਕੀਤੀ ਹੋਈ ਸੇਵਾ ਸਿਰੇ ਚੜ੍ਹ ਜਾਂਦੀ ਹੈ । ਪਾਰਬ੍ਰਹਮ ਨੇ ਹੀ ਕ੍ਰਿਪਾ ਕਰਕੇ ਸੀਤਲਾ ਤੋਂ ਬਚਾਇਆ ਹੈ। ਜਿਹੜਾ ਵੀ ਮਨੁੱਖ ਹੋਰ ਆਸਰੇ ਛੱਡ ਕੇ ਪਰਮਾਤਮਾ ਦਾ ਨਾਮ ਜਪਦਾ ਹੈ, ਉਹ ਆਤਮਕ ਜੀਵਨ ਹਾਸਲ ਕਰ ਲੈਂਦਾ ਹੈ ਤੇ ਸਾਧ-ਸੰਗਤ ਵਿੱਚ ਰਹਿ ਕੇ ਆਤਮਕ ਜੀਵਨ ਦੇਣ ਵਾਲਾ ਹਰਿਨਾਮ ਰਸ ਪੀਂਦਾ ਰਹਿੰਦਾ ਹੈ । ਪੂਰਾ ਸ਼ਬਦ ਇਸ ਪ੍ਰਕਾਰ ਹੈ –

ਨੇਤ੍ਰ ਪਰਗਾਸੁ ਕੀਆ ਗੁਰਦੇਵ ॥
ਭਰਮ ਗਏ, ਪੂਰਨ ਭਈ ਸੇਵ ॥੧॥ ਰਹਾਉ ॥
ਸੀਤਲਾ ਤੇ ਰਖਿਆ ਬਿਹਾਰੀ ॥
ਪਾਰਬ੍ਰਹਮ ਪ੍ਰਭੁ ਕਿਰਪਾ ਧਾਰੀ ॥੧॥
ਨਾਨਕ ਨਾਮ ਜਪੈ ਸੋ ਜੀਵੈ ॥
ਸਾਧ ਸੰਗਿ ਹਰਿ ਅੰਮ੍ਰਿਤੁ ਪੀਵੈ ॥੨॥ (ਗਉੜੀ,ਮਹਲਾ ੫,ਪੰਨਾ-੨੦੦)

# ਆਦਿ ਬੀੜ ਦੀ ਤਿਆਰੀ

ਪ੍ਰਥਮ ਸਤਿਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ, ਜਿਹੜੀ ਬਾਣੀ ਉਚਾਰਦੇ ਸਨ, ਉਹ ਇਕ ਪੋਥੀ ਵਿੱਚ ਲਿਖ ਲੈਂਦੇ ਸਨ । ਇਸੇ ਪੋਥੀ ਵਿੱਚ ਉਨ੍ਹਾਂ ਨੇ ਵੱਖ-ਵੱਖ ਥਾਵਾਂ ਤੋਂ ਇੱਕਤਰ ਕੀਤੀ ਭਗਤਾਂ ਦੀ ਬਾਣੀ ਤੇ ਬਾਬਾ ਫ਼ਰੀਦ ਜੀ ਦੀ ਬਾਣੀ ਵੀ ਲਿਖ ਲਈ ਸੀ । ਇਹ ਪੋਥੀ ਸਤਿਗੁਰੂ ਜੀ ਹਮੇਸ਼ਾ ਆਪਣੇ ਪਾਸ ਰਖਦੇ ਸਨ । ਜਦੋਂ ਆਪ ਮੱਕੇ ਗਏ ਸਨ ਤਾਂ ਹਾਜੀਆਂ ਨੇ ਇਸੇ ਪੋਥੀ ਵਲ ਇਸ਼ਾਰਾ ਕਰਕੇ ਕਿਹਾ ਸੀ ਕਿ ਆਪਣੀ ਕਿਤਾਬ ਨੂੰ ਪੜ੍ਹ ਕੇ ਇਹ ਦਸੋ ਕਿ ਹਿੰਦੂ ਵੱਡਾ ਹੈ ਜਾਂ ਮੁਸਲਮਾਨ । ਸਤਿਗੁਰਾਂ ਨੇ ਜੁਆਬ ਦਿਤਾ ਸੀ ਕਿ ਨੇਕ ਅਮਲਾ (ਕਰਮਾਂ) ਤੋਂ ਬਿਨਾਂ ਦੋਹਾਂ ਨੂੰ ਹੀ ਪ੍ਰਭੂ ਦੀ ਦਰਗਾਹ ਵਿਚ ਪਛਤਾਉਣਾ ਪਵੇਗਾ ।

ਭਾਈ ਗੁਰਦਾਸ ਜੀ ਨੇ ਆਪਣੀ ਪਹਿਲੀ ਵਾਰ ਦੀ ਤੇਤੀਵੀਂ ਪਉੜੀ ਵਿਚ ਉਪਰੋਕਤ ਵਾਰਤਾਲਾਪ ਦਾ ਇੰਝ ਉਲੇਖ ਕੀਤਾ ਹੈ :

**ਪੁਛਨਿ ਫੋਲਿ ਕਿਤਾਬ ਨੋ, ਹਿੰਦੂ ਵਡਾ ਕਿ ਮੁਸਲਮਾਨੋਈ ।।**
**ਬਾਬਾ ਆਖੇ ਹਾਜੀਆਂ, ਸੁਭਿ ਅਮਲਾ ਬਾਝਹੁ ਦੋਨੋ ਰੋਈ ।।**

ਜਦੋਂ ਗੁਰੂ ਨਾਨਕ ਦੇਵ ਜੀ ਨੇ ਭਾਈ ਲਹਿਣਾ ਜੀ ਨੂੰ ਗੁਰਗੱਦੀ ਬਖਸ਼ੀ ਤਾਂ ਬਾਣੀ ਦੀ ਇਹ ਪੋਥੀ ਵੀ ਉਨ੍ਹਾਂ ਨੂੰ ਦੇ ਦਿਤੀ । 'ਪੁਰਾਤਨ ਜਨਮ ਸਾਖੀ' ਵਿਚ ਇਸ ਗੱਲ ਦਾ ਜ਼ਿਕਰ ਇੰਝ ਕੀਤਾ ਗਿਆ ਹੈ:

**ਤਿਤ ਮਹਲ ਜੋ ਸਬਦ ਹੋਆ, ਸੋ ਪੋਥੀ ਗੁਰੂ ਅੰਗਦ ਜੋਗ ਮਿਲੀ ।।**

ਗੁਰਗੱਦੀ ਦੀ ਜ਼ਿੰਮੇਵਾਰੀ ਬਦਲਣ ਸਮੇਂ ਪਹਿਲਾ ਗੁਰੂ ਆਉਣ ਵਾਲੇ ਗੁਰੂ ਨੂੰ ਬਾਣੀ ਦੀ ਉਪਰੋਕਤ ਪੋਥੀ ਦੇ ਦਿੰਦਾ ਸੀ, ਜਿਸ ਵਿੱਚ ਉਸਦੀ ਆਪਣੀ ਬਾਣੀ ਵੀ ਸ਼ਾਮਿਲ ਹੁੰਦੀ ਸੀ । ਇੰਝ ਇਸ ਪੋਥੀ ਦਾ ਆਕਰ ਵਧਦਾ ਗਿਆ ਤੇ ਇਹ ਗੁਰੂ ਅੰਗਦ ਦੇਵ ਜੀ ਤੋਂ ਗੁਰੂ ਅਮਰਦਾਸ ਜੀ ਤੇ ਗੁਰੂ ਰਾਮਦਾਸ ਜੀ ਤੋਂ ਹੋ ਕੇ ਗੁਰੂ ਅਰਜੁਨ ਦੇਵ ਜੀ ਤੱਕ ਪਹੁੰਚੀ । ਗੁਰੂ ਅਰਜੁਨ ਦੇਵ ਜੀ ਨੇ ਵੀ ਬਹੁਤ ਜ਼ਿਆਦਾ ਬਾਣੀ ਉਚਾਰਨ ਕੀਤੀ । ਇਸ ਬਾਣੀ ਵਿੱਚ ਬਾਬਾ ਸੁੰਦਰ ਜੀ ਦੀ 'ਸਦੁ' ਭੱਟਾਂ ਦੇ ਸੱਵਈਏ ਤੇ ਭਾਈ ਬਲਵੰਡ ਤੇ ਸੱਤੇ ਦੀ ਵਾਰ ਦੀਆਂ ਬਾਣੀਆਂ ਵੀ ਸ਼ਾਮਿਲ ਹੋ ਚੁਕੀਆਂ ਸਨ । ਇੰਝ ਗੁਰੂ ਨਾਨਕ ਸਾਹਿਬ ਵੇਲੇ ਦੀ ਬਾਣੀ ਦੀ ਪੋਥੀ ਗੁਰੂ ਅਰਜੁਨ ਸਾਹਿਬ ਵੇਲੇ ਕਿ ਇੱਕ ਵੱਡੇ ਆਕਾਰ ਵਾਲੇ ਗ੍ਰੰਥ ਦਾ ਰੂਪ ਧਾਰਨ ਕਰ ਗਈ । ਇਹ ਬਾਣੀ ਭਾਵੇਂ ਰਾਗਾਂ ਵਿੱਚ ਸੀ ਪਰ ਹਰੇਕ ਗੁਰੂ ਸਾਹਿਬ ਤੇ ਭਗਤ ਜੀ ਦੀ ਬਾਣੀ ਇੱਕਠੀ ਤੇ ਵੱਖਰੀ ਵੱਖਰੀ ਸੀ । ਉਂਝ ਗੁਰੂ ਸਾਹਿਬਾਨ ਨੇ ਬਾਣੀ ਦੇ ਗੁਟਕੇ ਲਿਖਵਾ ਕੇ ਸਿੱਖ ਸੰਗਤਾਂ ਵਿਚ ਪਾਠ ਤੇ ਕੀਰਤਨ ਕਰਨ ਲਈ ਵੰਡੇ ਹੋਏ ਸਨ। ਮੰਜੀਆਂ ਤੇ ਪੀਹੜਿਆਂ ਦੇ ਅਧਿਕਾਰੀ ਗੁਰਸਿੱਖਾਂ ਤੇ ਮਸੰਦਾਂ ਨੇ ਇਹ ਗੁਟਕੇ ਦੂਰ-ਦੂਰ ਤਕ ਸਿੱਖਾਂ ਵਿਚ ਪਹੁੰਚਾ ਦਿਤੇ ਸਨ ।

ਗੁਰੂ ਅਰਜੁਨ ਦੇਵ ਜੀ ਨੇ ਸਾਰੀ ਬਾਣੀ ਨੂੰ ਨਵੇਂ ਸਿਰਿਓਂ ਰਾਗਾਂ ਅਨੁਸਾਰ ਤਰਤੀਬ ਦੇਣ ਦਾ ਫੈਸਲਾ ਕੀਤਾ । ਗੁਰਬਾਣੀ ਦੇ ਸ਼ਬਦ-ਜੋੜ ਇਕਸਾਰ ਕਰਨੇ ਸਨ ਤੇ ਗੁਰਬਾਣੀ ਨੂੰ ਵਿਸ਼ੇਸ਼ ਨਿਯਮਾਂ ਅਨੁਸਾਰ ਲਿਖਣਾ ਸੀ । ਕਵਿਤਾ ਦੇ ਦ੍ਰਿਸ਼ਟੀਕੋਣ ਤੋਂ ਬਾਣੀ

ਕਈ ਕਿਸਮਾਂ ਦੇ ਕਾਵਿ-ਛੰਦਾਂ— ਸ਼ਬਦ, ਅਸ਼ਟਪਦੀਆਂ, ਛੰਤ, ਵਾਰ, ਸਲੋਕ ਆਦਿਕ ਵਿਚ ਲਿਖੀ ਹੋਈ ਸੀ । ਇਨ੍ਹਾਂ ਨੂੰ ਵੀ ਇਕ ਖਾਸ ਤਰਤੀਬ ਵਿਚ ਲਿਖਿਆ ਜਾਣਾ ਸੀ । ਇਹ ਕੰਮ ਬਹੁਤ ਮਿਹਨਤ ਮੰਗਦਾ ਸੀ ਤੇ ਭਾਸ਼ਾ ਅਤੇ ਕਵਿਤਾ ਨੂੰ ਸਮਝਣ ਵਾਲੇ ਵਿਦਵਾਨ ਦੇ ਵੱਸ ਦਾ ਸੀ । ਉਸ ਸਮੇਂ ਭਾਈ ਗੁਰਦਾਸ ਜੀ ਸਿੱਖਾਂ ਵਿਚ ਚੋਟੀ ਦੇ ਉਘੇ ਵਿਦਵਾਨ ਸਨ। ਆਪ ਕਵੀ ਵੀ ਸਨ । ਇਨ੍ਹਾਂ ਪੰਜਾਬੀ ਵਿੱਚ 'ਵਾਰਾਂ' ਅਤੇ ਬ੍ਰਜ-ਭਾਸ਼ਾ ਵਿਚ 'ਕਬਿਤ' ਲਿਖੇ ਸਨ। ਜੋ ਸਿੱਖ ਜਗਤ ਵਿੱਚ ਬੜੇ ਆਦਰ-ਸਤਿਕਾਰ ਨਾਲ ਪੜ੍ਹੇ ਜਾਂਦੇ ਸਨ । ਆਪ ਜੀ ਗੁਰਬਾਣੀ ਦੇ ਪਹਿਲੇ ਵਿਆਖਿਆਕਾਰ ਹੋਣ ਦੇ ਨਾਲ ਇਕ ਤਕੜੇ ਪਰਚਾਰਕ ਵੀ ਸਨ। ਅਜੋਕੇ ਉਤਰ ਪ੍ਰਦੇਸ਼ ਦੇ ਕਈ ਇਲਾਕਿਆਂ ਵਿਚ ਆਪ ਜੀ ਨੇ ਧਰਮ ਪ੍ਰਚਾਰ ਦੀ ਸੇਵਾ ਨਿਭਾਈ ਸੀ । ਗੁਰੂ ਅਰਜੁਨ ਦੇਵ ਜੀ ਨੇ ਇਨ੍ਹਾਂ ਨੂੰ ਸਭ ਤੋਂ ਯੋਗ ਸਮਝ ਕੇ, ਬਾਣੀ ਦਾ ਉਤਾਰਾ ਕਰਨ ਦੀ ਨਵੀਂ ਵਿਉਂਤ ਸਮਝਾ ਦਿਤੀ ਤੇ ਸਾਰੇ ਬਾਣੀ ਦਾ ਉਤਾਰਾ ਕਰਨ ਦੀ ਆਗਿਆ ਕੀਤੀ ।

ਸਾਰੀ ਬਾਣੀ ਨੂੰ ਮੌਜੂਦਾ ਨਵੇਂ ਰੂਪ ਵਿਚ ਲਿਖਣ ਵਾਸਤੇ ਸ਼ਹਿਰੋਂ ਬਾਹਰ ਇਕਾਂਤ ਵਿਚ ਥਾਂ ਚੁਣੀ ਗਈ, ਜਿਥੇ ਹੁਣ ਗੁਰਦੁਆਰਾ ਅਤੇ ਸਰੋਵਰ 'ਰਾਮਸਰ' ਹੈ ।

ਗੁਰਬਾਣੀ ਨੂੰ ਨਵਾਂ ਰੂਪ ਦੇਣ ਵੇਲੇ ਰਾਗਾਂ ਅਨੁਸਾਰ ਕਰਨ ਤੋਂ ਇਲਾਵਾ ਇਕ ਹੋਰ ਤਬਦੀਲੀ ਵੀ ਕੀਤੀ ਗਈ । ਪਹਿਲਾਂ ਹਰੇਕ ਗੁਰੂ ਸਾਹਿਬ ਦੇ ਸਾਰੇ 'ਸਲੋਕਾਂ' ਦਾ ਸੰਗ੍ਰਹਿ ਇਕੋ ਥਾਂ ਸੀ ਅਤੇ 'ਵਾਰਾਂ' ਵਿੱਚ ਕੇਵਲ ਪਉੜੀਆਂ ਹੀ ਸਨ । ਗੁਰੂ ਅਰਜੁਨ ਦੇਵ ਜੀ ਨੇ ਇਹ ਸਲੋਕ ਵਾਰਾਂ ਦੀ ਹਰੇਕ ਪਉੜੀ ਦੇ ਨਾਲ ਘੱਟ ਤੋਂ ਘੱਟ ਦੋ-ਦੋ ਦਰਜ ਕਰ ਦਿਤੇ । ਜਿਹੜੇ ਸਲੋਕ ਬਚ ਗਏ ਉਹ ਗੁਰਬਾਣੀ ਦੇ ਇਸ ਨਵੇਂ ਗ੍ਰੰਥ ਦੇ ਅਖੀਰ ਵਿੱਚ 'ਸਲੋਕ ਵਾਰਾਂ ਤੇ ਵਧੀਕ' ਦੇ ਸਿਰਲੇਖ ਥੱਲੇ ਲਿਖ ਦਿਤੇ ਗਏ। ਇਹ ਸਲੋਕ ਹਰੇਕ ਗੁਰੂ ਸਾਹਿਬ ਦੇ ਵੱਖਰੇ ਵੱਖਰੇ ਕਰ ਕੇ ਲਿਖੇ ਹੋਏ ਹਨ ।

ਸਾਰੀ ਬਾਣੀ ੩੦* ਰਾਗਾਂ ਵਿੱਚ ਲਿਖੀ ਗਈ ਅਤੇ ਹਰੇਕ ਰਾਗ ਵਿੱਚ ਬਾਣੀ ਦੀ ਤਰਤੀਬ ਆਮ ਤੌਰ ਤੇ ਇਸ ਪ੍ਰਕਾਰ ਹੈ : ਸ਼ਬਦ, ਅਸ਼ਟਪਦੀਆਂ, ਛੰਤ, ਵਾਰ, ਭਗਤਾਂ ਦੀ ਬਾਣੀ । ਇਹ ਸ਼ਬਦ, ਅਸ਼ਟਪਦੀਆਂ ਆਦਿਕ ਵੀ ਖਾਸ ਕ੍ਰਮ ਅਨੁਸਾਰ ਦਰਜ ਹਨ- ਪਹਿਲਾਂ ਗੁਰੂ ਨਾਨਕ ਦੇਵ ਜੀ ਦੇ, ਫਿਰ ਗੁਰੂ ਅਮਰਦਾਸ ਜੀ, ਗੁਰੂ ਰਾਮਦਾਸ ਜੀ ਅਤੇ ਅਖੀਰ ਵਿੱਚ ਗੁਰੂ ਅਰਜੁਨ ਦੇਵ ਜੀ ਦੇ o । ਗੁਰੂ ਅੰਗਦ ਦੇਵ ਜੀ ਦੇ 'ਸ਼ਬਦ' ਨਹੀਂ ਸਨ, ਕੇਵਲ ਸਲੋਕ ਸਨ, ਜੋ ਕਈ ਵਾਰਾਂ ਦੀਆਂ ਪਉੜੀਆਂ ਦੇ ਨਾਲ ਦਰਜ ਕਰ ਦਿਤੇ ਗਏ । ਸਾਰੇ ਸ਼ਬਦ ਮੁੱਕ ਜਾਣ ਤੇ ਇਸੇ ਤਰਤੀਬ ਅਨੁਸਾਰ 'ਅਸ਼ਟਪਦੀਆਂ' ਹਨ ਤੇ ਫਿਰ ਛੰਤ ਦਰਜ ਕੀਤੇ ਗਏ ਹਨ ।

ਆਦਿ ਬੀੜ ਵਿੱਚ ਜਿਨ੍ਹਾਂ ੩੦ ਰਾਗਾਂ ਵਿਚ ਬਾਣੀ ਲਿਖੀ ਗਈ ਹੈ, ਉਹ ਹਨ— ਸ੍ਰੀ ਰਾਗ, ਮਾਝ, ਗਉੜੀ, ਆਸਾ, ਗੂਜਰੀ, ਦੇਵਗੰਧਾਰੀ, ਬਿਹਾਗੜਾ, ਵਡਹੰਸ, ਸੋਰਠਿ, ਧਨਾਸਰੀ, ਜੈਤਸਰੀ, ਟੋਡੀ, ਬੈਰਾੜੀ, ਤਿਲੰਗ, ਸੂਹੀ, ਬਿਲਾਵਲੁ, ਗੋਂਡ, ਰਾਮਕਲੀ, ਨਟ

* ਮਗਰੋਂ ਗੁਰੂ ਤੇਗ ਬਹਾਦਰ ਜੀ ਨੇ ਜੈਜਾਵੰਤੀ ਰਾਗ ਵਿੱਚ ਵੀ ਬਾਣੀ ਉਚਾਰੀ ਸੀ ।

o ਗੁਰੂ ਤੇਗ ਬਹਾਦਰ ਜੀ ਦੀ ਬਾਣੀ ਵੱਖ ਵੱਖ ਰਾਗਾਂ ਵਿਚ, ਥਾਂ ਸਿਰ, ਦਸਮ ਪਾਤਸ਼ਾਹ ਨੇ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਕੀਤੀ ਸੀ ।

ਨਰਾਇਣ, ਮਾਲੀ ਗਉੜਾ, ਮਾਰੂ, ਤੁਖਾਰੀ, ਕੇਦਾਰਾ, ਭੈਰਉ, ਬਸੰਤ, ਸਾਰੰਗ, ਮਲਾਰ, ਕਾਨੜਾ, ਕਲਿਆਨ ਅਤੇ ਪ੍ਰਭਾਤੀ ।

ਪ੍ਰੋਫੈਸਰ ਸਾਹਿਬ ਸਿੰਘ ਜੀ ਦੇ ਅਨੁਸਾਰ 'ਆਦਿ ਬੀੜ' ਦੀ ਸਾਰੀ ਬਾਣੀ ਦੀ ਲਿਖਾਈ ਭਾਈ ਗੁਰਦਾਸ ਜੀ ਨੇ ਲਗਭਗ ਡੇਢ ਕੁ ਸਾਲ ਵਿੱਚ ਕਰ ਲਈ ਹੋਵੇਗੀ ।

**ਆਦਿ ਬੀੜ ਦਾ ਪਹਿਲਾ ਪ੍ਰਕਾਸ਼** : ਭਾਈ ਗੁਰਦਾਸ ਜੀ ਨੇ ਸਾਰੀ ਬਾਣੀ ਦਾ ਉਤਾਰਾ ਭਾਦਰੋਂ ਵਦੀ ੧, ਸੰਮਤ ੧੬੬੧ (ਸੰਨ ੧੬੦੪) ਨੂੰ ਖਤਮ ਕਰ ਲਿਆ ਸੀ । ਇਹ ਪੂਰਨਮਾਸ਼ੀ ਤੋਂ ਅਗਲਾ ਦਿਨ ਸੀ । ਇਸ ਦੇ ਮਗਰੋਂ ਗੁਰਬਾਣੀ ਦਾ ਤਤਕਰਾ ਲਿਖਣਾ ਸ਼ੁਰੂ ਕੀਤਾ ਸੀ । ਇਹ ਗੱਲ ਭਾਈ ਸਾਹਿਬ ਨੇ ਤਤਕਰੇ ਦੇ ਆਰੰਭ ਵਿਚ ਇੰਝ ਲਿਖੀ ਹੈ: ਸੂਚੀ-ਪਤ੍ਰ ਪੋਥੀ ਕਾ, ਤਤਕਰਾ ਰਾਗਾਂ ਕਾ, ਸੰਮਤ ੧੬੬੧ ਮਿਤੀ ਭਾਦਉ ਵਦੀ ਏਕਮ ੧, ਪੋਥੀ ਲਿਖਿ ਪਹੁੰਚੇ । ਇਸ ਦਾ ਭਾਵ ਹੈ ਕਿ ਸਾਰੀ 'ਬੀੜ' ਦੀ ਲਿਖਾਈ ਮੁਕਾ ਕੇ ਭਾਈ ਗੁਰਦਾਸ ਜੀ ਸੰਮਤ ੧੬੬੧ ਭਾਦਰੋਂ ਵਦੀ ੧ ਨੂੰ ਤਤਕਰੇ ਤੇ ਪਹੁੰਚੇ ਸਨ ।

ਭਾਈ ਗੁਰਦਾਸ ਜੀ ਦੁਆਰਾ ਲਿਖੀ ਗਈ 'ਬੀੜ' ਦੇ ੯੭੪ ਪੱਤਰੇ (ਵਰਕੇ) ਹਨ। ਤਤਕਰਾ ਲਿਖਣ ਵੇਲੇ ਹਰੇਕ ਸ਼ਬਦ ਦੀ ਪਹਿਲੀ ਤੁਕ ਲਿਖ ਕੇ ਉਸਦੇ ਸਾਹਮਣੇ ਪੱਤਰੇ ਦਾ ਨੰਬਰ ਦਰਜ ਕਰਨਾ ਸੀ । ਇਹ ਸਾਰਾ ਕੰਮ ਕਾਫ਼ੀ ਮਿਹਨਤ ਵਾਲਾ ਸੀ । ਫਿਰ 'ਬੀੜ' ਦੀ ਜਿਲਦ ਵੀ ਬੰਨ੍ਹਵਾਣੀ ਸੀ, ਜਿਸ ਨੂੰ ਸੁਕਣ ਵਿਚ ਇਕ ਦੋ ਦਿਨ ਲਗ ਜਾਣੇ ਸਨ, ਸੋ ਇਹ ਸਾਰਾ ਕੰਮ ਪੰਦਰਾਂ ਕੁ ਦਿਨਾਂ ਵਿਚ, ਭਾਦਰੋਂ ਵਦੀ ੧੫ ਤੋਂ ਪਹਿਲਾਂ ਪੂਰਾ ਹੋ ਗਿਆ। ਅਗਲੇ ਦਿਨ ਭਾਦਰੋਂ ਸੁਦੀ ੧ (ਮੱਸਿਆ ਤੋਂ ਅਗਲਾ ਦਿਨ) ਸੰਮਤ ੧੬੬੧ (ਸੰਨ ੧੬੦੪) ਨੂੰ ਆਦਿ ਬੀੜ ਨੂੰ ਬੜੇ ਸਤਿਕਾਰ ਸਹਿਤ ਰਾਮਸਰ ਵਾਲੀ ਥਾਂ ਤੋਂ ਸ੍ਰੀ ਹਰਿਮੰਦਰ ਸਾਹਿਬ ਲਿਆਂਦਾ ਗਿਆ ।

ਗੁਰੂ ਜੀ ਦੀ ਆਗਿਆ ਅਨੁਸਾਰ ਬਾਬਾ ਬੁੱਢਾ ਜੀ ਨੇ ਬੀੜ ਨੂੰ ਆਪਣੇ ਸੀਸ ਤੇ ਰਖ ਲਿਆ । ਸਤਿਗੁਰੂ ਜੀ ਆਪ ਚੌਰ ਕਰਨ ਲਗ ਪਏ । ਕੀਰਤਨ ਕਰਦੀਆਂ ਹੋਈਆਂ ਸੰਗਤਾਂ ਦਰਬਾਰ ਸਾਹਿਬ ਪੁੱਜੀਆਂ । ਹਰ ਕੋਈ ਓੜਕਾਂ ਦੀ ਖੁਸ਼ੀ ਮਹਿਸੂਸ ਕਰ ਰਿਹਾ ਸੀ ਤੇ ਸ਼ਰਧਾ ਦੀ ਮੂਰਤ ਬਣਿਆ ਦਿਖਾਈ ਦੇ ਰਿਹਾ ਸੀ ।

ਸ੍ਰੀ ਹਰਿਮੰਦਰ ਸਾਹਿਬ ਪੁੱਜ ਕੇ ਬੀੜ ਦਾ ਪ੍ਰਕਾਸ਼ ਕੀਤਾ ਗਿਆ । ਸਤਿਗੁਰੂ ਜੀ ਨੇ ਬਾਬਾ ਬੁੱਢਾ ਜੀ ਨੂੰ ਗ੍ਰੰਥੀ ਥਾਪਿਆ । ਵਾਕ ਲੈਣ ਦੇ ਮਗਰੋਂ ਕੀਰਤਨ ਆਰੰਭ ਕੀਤਾ ਗਿਆ ਜੋ ਸਾਰਾ ਦਿਨ ਹੀ ਹੁੰਦਾ ਰਿਹਾ ਤੇ ਸਿੱਖ ਸੰਗਤਾਂ ਦਰਸ਼ਨ ਕਰਨ ਆਉਂਦੀਆਂ ਰਹੀਆਂ । ਰਾਤ ਹੋਈ ਤਾਂ ਬਾਬਾ ਬੁੱਢਾ ਜੀ ਨੇ ਪੁਛਿਆ ਕਿ (ਗੁਰੂ) ਗ੍ਰੰਥ ਸਾਹਿਬ ਨੂੰ ਰਾਤੀ ਵਿਸ਼ਰਾਮ ਕਿਥੇ ਕਰਾਉਣਾ ਹੈ । ਸਤਿਗੁਰੂ ਜੀ ਨੇ ਕਿਹਾ ਕਿ ਜਿਸ ਕਮਰੇ ਵਿਚ ਅਸੀ ਰਹਿੰਦੇ ਹਾਂ, ਉਥੇ ਸਤਿਕਾਰ ਸਹਿਤ ਲੈ ਚਲੋ । ਇਵੇਂ ਹੀ ਹੋਇਆ । (ਗੁਰੂ) ਗ੍ਰੰਥ ਸਾਹਿਬ ਜੀ (ਆਦਿ ਬੀੜ) ਦਾ ਸੁਖਾਸਨ ਗੁਰੂ ਅਰਜੁਨ ਦੇਵ ਜੀ ਦੇ ਨਿਜ ਅਸਥਾਨ ਤੇ ਕੀਤਾ ਗਿਆ ਤੇ ਗੁਰੂ ਜੀ ਆਪੂੰ ਭੁੰਜੇ ਹੀ ਬਿਸਤਰੇ ਉਤੇ ਸੌਂ ਗਏ। ਆਪ ਉਮਰ ਭਰ ਇਵੇਂ ਹੀ ਬਾਣੀ-ਗੁਰੂ ਦਾ ਸਤਿਕਾਰ ਕਰਦੇ ਰਹੇ ।

**ਭਾਈ ਬੰਨੋ ਜੀ ਵਾਲੀ ਬੀੜ** : ਭਾਈ ਬੰਨੋ ਜੀ ਜ਼ਿਲਾ ਗੁਜਰਾਤ (ਅਜ ਕਲ ਪਾਕਿਸਤਾਨ ਵਿਚ) ਦੀ ਤਹਿਸੀਲ ਫ਼ਾਲੀਆ ਦੇ ਇਕ ਪਿੰਡ ਮਾਂਗਟ ਦੇ ਰਹਿਣ ਵਾਲੇ ਸਨ। ਆਪ ਜੀ ਗੁਰੂ ਅਰਜੁਨ ਦੇਵ ਜੀ ਦੇ ਅਨਿੰਨ ਸਿੱਖ ਸਨ ।

ਗੁਰੂ ਅਰਜੁਨ ਦੇਵ ਜੀ ਇਹ ਚਾਹੁੰਦੇ ਸਨ ਕਿ 'ਆਦਿ-ਬੀੜ' ਦੀ ਤਿਆਰੀ ਦੇ ਨਾਲ ਹੀ ਇਸਦਾ ਇਕ ਉਤਾਰਾ ਤਾਂ ਜ਼ਰੂਰ ਹੋ ਜਾਵੇ, ਕਿਉਂਕਿ ਪਹਿਲੀ ਬੀੜ (ਆਦਿ ਬੀੜ) ਦਾ ਪ੍ਰਕਾਸ਼ ਤਾਂ ਸ੍ਰੀ ਹਰਿਮੰਦਰ ਸਾਹਿਬ ਵਿਖੇ ਹੋ ਜਾਣਾ ਸੀ ਤੇ ਉਸ ਤੋਂ ਉਤਾਰਾ ਹੋਣਾ ਸੰਭਵ ਨਹੀਂ ਸੀ । ਜਦੋਂ ਆਦਿ ਬੀੜ ਦੀ ਥੋੜ੍ਹੀ ਕੁ ਬਾਣੀ ਲਿਖਣੋਂ ਰਹਿ ਗਈ ਤਾਂ ਗੁਰੂ ਅਰਜੁਨ ਸਾਹਿਬ ਨੇ ਦੂਜੇ ਉਤਾਰੇ ਲਈ ਕਈ ਲਿਖਾਰੀ ਲਾ ਦਿਤੇ । ਉਨ੍ਹਾਂ ਦੇ ਕੰਮ ਦੀ ਨਿਗਰਾਨੀ ਵਾਸਤੇ ਭਾਈ ਬੰਨੋ ਜੀ ਦੀ ਸੇਵਾ ਲਗਾਈ ਗਈ । ਸਿੱਖ-ਇਤਿਹਾਸ ਨੇ ਉਨ੍ਹਾਂ ਲਿਖਾਰੀਆਂ ਦੀ ਗਿਣਤੀ ੧੨ ਲਿਖੀ ਹੈ । ਜਿਵੇਂ ਫ਼ਾਰਸੀ ਆਦਿ ਦੀਆਂ ਕਿਤਾਬਾਂ ਲਿਖਣ ਦੇ ਕੰਮ ਨੂੰ ਅਨੇਕਾਂ ਕਾਤਬਾਂ (ਲਿਖਾਰੀਆਂ) ਨੇ ਆਪਣੀ ਆਜੀਵਕਾ ਦਾ ਸਾਧਨ ਬਣਾਇਆ ਹੋਇਆ ਸੀ, ਉਵੇਂ ਹੀ ਬਾਣੀ ਦੇ ਸੁੰਦਰ ਗੁਟਕੇ ਤੇ ਪੋਥੀਆਂ ਲਿਖਣ ਦਾ ਕੰਮ ਵੀ ਕਈ ਕਾਤਬ ਕਰਿਆ ਕਰਦੇ ਸਨ ।

ਭਾਈ ਗੁਰਦਾਸ ਜੀ 'ਆਦਿ ਬੀੜ' ਲਿਖਣ ਸਮੇਂ ਕੋਰੇ ਕਾਗਜਾਂ ਦੀਆਂ ਥੱਬੀਆਂ (ਜੁਜ਼ਾਂ) ਬਣਾ ਲੈਂਦੇ ਸਨ ਤੇ ਹਰੇਕ ਥੱਬੀ ਵਿੱਚ ਇਕ ਰਾਗ ਦੀ ਸੰਪੂਰਨ ਬਾਣੀ ਲਿਖਦੇ ਸਨ । ਕਾਗਜ਼ਾਂ ਦੀ ਜੁਜ਼ ਰਾਗ ਵਿੱਚ ਲਿਖੀ ਬਾਣੀ ਨੂੰ ਵੇਖ ਕੇ ਅੰਦਾਜ਼ੇ ਮੁਤਾਬਿਕ ਬਣਾਉਂਦੇ ਸਨ । ਇਹ ਧਿਆਨ ਜ਼ਰੂਰ ਰਖਦੇ ਸਨ ਕਿ ਵਰਕੇ ਘਟਣ ਨਾ, ਵਧ ਭਾਵੇਂ ਜਾਣ । ਇਹੀ ਕਾਰਣ ਹੈ ਕਿ ਆਦਿ-ਬੀੜ ਵਿੱਚ ਕਿਸੇ ਕਿਸੇ ਰਾਗ ਦੇ ਅੰਤ ਤੇ ਖਾਲੀ ਕਾਗਜ ਪਏ ਹੋਏ ਹਨ । ਭਾਈ ਬੰਨੋ ਦੀ ਨਿਗਰਾਨੀ ਵਿੱਚ ਦੂਜਾ ਉਤਾਰਾ ਕਰਨ ਲਈ ਸਤਿਗੁਰੂ ਜੀ ਨੇ ਉਹ ਥੱਬੀਆਂ ੧੨ ਕਾਤਬਾਂ ਵਿਚ ਵੰਡ ਦਿਤੀਆਂ । ਇਸ ਕਾਰਨ ਦੂਜੀ ਬੀੜ ਕੇਵਲ ਡੇਢ ਕੁ ਮਹੀਨੇ ਵਿਚ ਹੀ ਤਿਆਰ ਹੋ ਗਈ ।

ਭਾਈ ਬੰਨੋ ਜੀ ਉਹ ਬੀੜ ਗੁਰੂ ਜੀ ਤੋਂ ਆਗਿਆ ਲੈ ਕੇ ਆਪਣੇ ਪਿੰਡ ਮਾਂਗਟ ਲੈ ਗਏ ਸਨ । ਪਹਿਲਾਂ ਉਨ੍ਹਾਂ ਦੇ ਪਿੰਡ ਦਾ ਨਾਮ 'ਖਾਰਾ' ਸੀ ਇਸ ਲਈ ਉਥੇ ਦੀ ਸੰਗਤ ਨੂੰ ਖਾਰੇ ਦੀ ਸਗੰਤ ਕਿਹਾ ਜਾਂਦਾ ਸੀ । ਭਾਈ ਬੰਨੋ ਜੀ ਦੀ ਸੰਤਾਨ ਪਾਸ ਗੁਰੂ ਸਾਹਿਬਾਨ ਦੇ ਹੁਕਮ ਨਾਮੇ ਹਨ, ਜਿਨ੍ਹਾਂ ਵਿਚ ਸੰਗਤ ਨੂੰ ਖਾਰੇ ਦੀ ਸੰਗਤ ਕਰਕੇ ਸੰਬੋਧਨ ਕੀਤਾ ਗਿਆ ਹੈ ਸਮਾਂ ਪਾ ਕੇ ਪਿੰਡ ਦਾ ਨਾਮ 'ਖਾਰਾ ਮਾਂਗਟ' ਪੈ ਗਿਆ ਤੇ ਮਗਰੋਂ ਨਿਰਾ ਮਾਂਗਟ ਹੀ ਰਹਿ ਗਿਆ ।

ਖਾਰੇ ਪਿੰਡ ਲੈ ਜਾਣ ਕਰਕੇ ਭਾਈ ਬੰਨੋ ਜੀ ਵਾਲੀ ਬੀੜ ਦਾ ਨਾਮ ਵੀ 'ਖਾਰੇ ਦੀ ਬੀੜ' ਪੈ ਗਿਆ, ਜੋ ਮਗਰੋਂ 'ਖਾਰੀ ਬੀੜ' ਕਰਕੇ ਪ੍ਰਸਿੱਧ ਹੋ ਗਿਆ ।

ਭਾਈ ਸੰਨੋ ਜੀ ਦੇ ਪਿੰਡ ਵਿੱਚ ਵੀ ਬੀੜ ਤੋਂ ਹੋਰ ਕਈ ਉਤਾਰੇ ਕੀਤੇ ਗਏ । ਗੁਰੂ ਅਰਜੁਨ ਦੇਵ ਜੀ ਦੇ ਜੀਵਨ ਕਾਲ ਵਿਚ ਹੀ ਕੁਝ ਉਤਾਰੇ ਹੋ ਗਏ ਸਨ । ਜ਼ਿਲਾ ਗੁਜ਼ਰਾਤ ਦੇ ਪਿੰਡਾਂ ਬੇਹਤ (ਤਹਿਸੀਲ ਫਾਲੀਆ), ਪਿੰਡੀ ਲਾਲਾ ਅਤੇ ਵਾਸੂ ਆਦਿ ਵਿੱਚ ਪਹਿਲੇ ਉਤਾਰੇ ਰਖੇ ਗਏ ।

ਭਾਈ ਬੰਨੋ ਜੀ ਵਾਲੀ ਬੀੜ ਤੇ ਕੁਝ ਹੋਰ ਬੀੜਾਂ ਵਿੱਚ ਕੁਝ ਨਕਲੀ ਜਾਂ ਵਾਧੂ ਬਾਣੀਆਂ ਵੀ ਮਿਲਦੀਆਂ ਹਨ, ਜੋ ਆਦਿ ਬੀੜ ਵਿੱਚ ਨਹੀਂ ਹਨ। ਇਨ੍ਹਾਂ ਦਾ 'ਮਹਾਨ ਕੋਸ਼' ਵਿੱਚ ਵੇਰਵਾ ਇਸ ਪ੍ਰਕਾਰ ਦਿਤਾ ਗਿਆ ਹੈ :-

(ੳ) ਰਾਗ ਸੋਰਠਿ ਵਿੱਚ — 'ਅਉਧੂ ਸੋ ਜੋਗੀ ਗੁਰੁ ਮੇਰਾ । ਇਸ ਪਦ ਕਾ ਜੋ ਕਰੇ ਨਿਬੇਰਾ ।' ਸ਼ਬਦ ਹੈ। (ਇਹ ਸ਼ਬਦ ਕੇਵਲ ਭਾਈ ਬੰਨੋ ਦੀ ਬੀੜ ਵਿੱਚ ਹੀ ਹੈ, ਉਸ ਦੇ ਉਤਾਰਿਆਂ ਵਿੱਚ ਨਹੀਂ ।)

(ਅ) ਰਾਮਕਲੀ ਵਿੱਚ ਮ: ੫ — 'ਰੁਣ ਝੁੰਝਨੜਾ' — ਸ਼ਬਦ ਦੀਆਂ ਦੋ ਤੁਕਾਂ ਦੀ ਥਾਂ, ਪੂਰੇ ਚਾਰ ਪਦ ਹਨ ।

(ੲ) ਮਾਰੂ ਰਾਗ ਵਿੱਚ ਮੀਰਾਂ ਬਾਈ ਦਾ ਸ਼ਬਦ ਹੈ ।

(ਸ) ਸਾਰੰਗ ਰਾਗ ਵਿੱਚ — ਸੂਰਦਾਸ ਜੀ ਦੀ ਇੱਕ ਤੁਕ "ਛਾਡਿ ਮਨ, ਹਰਿ ਬਿਮੁਖਨ ਕੋ ਸੰਗ" — ਦੀ ਥਾਂ ਤੇ ਪੂਰਾ ਸ਼ਬਦ ਲਿਖਿਆ ਹੋਇਆ ਹੈ ।

(ਹ) ਅੰਤ ਵਿਚ -'ਜਿਤ ਦਰੁ ਲਖ ਮਹੰਮਦਾ'- 'ਇਸੁ ਕਲੀਓਂ ਪੰਜ ਭੀਤੀਓਂ ' — ਤੇ 'ਦਿਸਟਿ ਨ ਰਹੀਆ ਨਾਨਕਾ' — ਸਲੋਕ ਮ: ੧ ਦੇ ਸਿਰਲੇਖ ਹੇਠ ਤਿੰਨ ਸਲੋਕ ਹਨ ।

(ਕ) 'ਬਾਇ ਆਤਸ ਆਬਿ' —ਮਹਲਾ ੧ ਦਾ ਸੋਲਾਂ ਪਦਾਂ ਦਾ ਸ਼ਬਦ ਹੈ ।

(ਖ) 'ਆਸਨ ਸਾਧ ਨਿਰਾਲਮ ਰਹੈ'— ਤੋਂ ਆਰੰਭ ਹੋ ਕੇ 'ਨਾਨਕ ਕਹੈ ਬੈਰਾਗੀ ਸੋਈ' — ੨੫ ਪਦਾਂ ਦੀ 'ਰਤਨਮਾਲਾ' ਨਾਮਕ ਬਾਣੀ ਹੈ ।

(ਗ) ਹਕੀਕਤ ਰਾਹ ਮੁਕਾਮ ਸ਼ਿਵਨਾਭਿ ਰਾਜੇ ਕੀ- ਵਾਰਤਕ ਪਾਠ ਹੈ ।

(ਘ) ਅੰਤ ਵਿਚ - 'ਸਿਆਹੀ ਦੀ ਬਿਧਿ' ਲਿਖੀ ਹੈ ।

ਜੇ ਰਾਮਕਲੀ ਅਤੇ ਸਾਰੰਗ ਦਾ ਨੰਬਰ ਛੱਡ ਦੇਈਏ ਤਦ ਕੇਵਲ ਸੱਤ ਨੰਬਰ ਦਾ ਵਾਧਾ ਹੈ ।

**ਗੁਰੂ ਅਰਜੁਨ ਦੇਵ ਜੀ ਦਾ ਐਲਾਨ** : ਆਦਿ ਬੀੜ ਦੇ ਸੰਪੂਰਨ ਹੋਣ ਤੇ ਅੰਤ ਵਿੱਚ ਗੁਰੂ ਜੀ ਨੇ ਅਕਾਲਪੁਰਖ ਦੇ ਸ਼ੁਕਰਾਨੇ ਵਜੋਂ ਇਕ ਸ਼ਬਦ ਉਚਾਰਨ ਕੀਤਾ ਹੈ, ਜਿਸਦੀ ਪਹਿਲੀ ਤੁਕ ਹੈ 'ਤੇਰਾ ਕੀਤਾ ਜਾਤੋ ਨਾਹੀ, ਮੈਨੋ ਜੋਗੁ ਕੀਤੋਈ ।।' ਇਸ ਸ਼ਬਦ ਤੋਂ ਪਹਿਲਾਂ 'ਮੁੰਦਾਵਣੀ' ਦੇ ਸਿਰਲੇਖ ਹੇਠ ਇਹ ਸਬਦ ਹੈ:

**ਥਾਲ ਵਿਚਿ ਤਿਨਿ ਵਸਤੂ ਪਈਓ, ਸਤੁ ਸੰਤੋਖੁ ਵੀਚਾਰੋ ।।**
**ਅੰਮ੍ਰਿਤ ਨਾਮੁ ਠਾਕੁਰ ਕਾ ਪਇਓ, ਜਿਸ ਕਾ ਸਭਸੁ ਅਧਾਰੋ ।।**
**ਜੇ ਕੋ ਖਾਵੈ, ਜੇ ਕੋ ਭੁੰਚੈ, ਤਿਸ ਕਾ ਹੋਇ ਉਧਾਰੋ ।।**
**ਏਹ ਵਸਤੁ ਤਜੀ ਨਹ ਜਾਈ, ਨਿਤ ਨਿਤ ਰਖੁ ਉਰਿਧਾਰੋ ।।**
**ਤਮ ਸੰਸਾਰੁ, ਚਰਨ ਲਗਿ ਤਰੀਐ, ਸਭੁ ਨਾਨਕ ਬ੍ਰਹਮ ਪਸਾਰੋ ।। ੧ ।।**

(ਮੁੰਦਾਵਣੀ, ਮ: ੫, ਪੰਨਾ-੧੪੨੯)

ਇਸ ਸ਼ਬਦ ਵਿੱਚ ਗੁਰੂ ਜੀ ਨੇ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਬਾਰੇ ਇਹ ਐਲਾਨ ਕੀਤਾ ਹੈ ਕਿ ਗੁਰੂ ਗ੍ਰੰਥ ਸਾਹਿਬ ਰੂਪੀ ਥਾਲ ਵਿਚ ਉਚਾ ਆਚਰਨ, ਸੰਤੋਖ ਅਤੇ

ਆਤਮਕ ਜੀਵਨ ਦੀ ਸੂਝ-ਇਹ ਤਿੰਨ ਵਸਤੂਆਂ ਪਈਆ ਹੋਈਆਂ ਹਨ । ਇਸ ਥਾਲ ਵਿਚ ਆਤਮਕ ਜੀਵਨ ਦੇਣ ਵਾਲਾ ਪਰਮਾਤਮਾ ਦਾ ਨਾਮ ਵੀ ਪਾਇਆ ਗਿਆ ਹੈ, ਜਿਸਦਾਂ ਆਸਰਾ ਹਰੇਕ ਜੀਵ ਲਈ ਜ਼ਰੂਰੀ ਹੈ । ਜਿਹੜਾ ਵੀ ਮਨੁੱਖ ਇਸ ਆਤਮਕ ਭੋਜਨ ਨੂੰ ਖਾਵੇਗਾ, ਮਾਣੇਗਾ, ਉਹ ਵਿਕਾਰਾਂ ਤੋਂ ਬਚ ਜਾਵੇਗਾ ਅਥਵਾ ਉਹ ਸੰਸਾਰ ਸਾਗਰ ਨੂੰ ਤਰ ਜਾਵੇਗਾ । ਇਹ ਨਾਮ-ਭੋਜਨ ਤਿਆਗਿਆ ਨਹੀਂ ਜਾ ਸਕਦਾ, ਇਸ ਲਈ ਇਸਨੂੰ ਹਿਰਦੇ ਵਿੱਚ ਸਾਂਭ ਕੇ ਰਖੋ । ਪ੍ਰਭੂ ਦੀ ਚਰਨੀ ਲਗ ਕੇ ਅਗਿਆਨਤਾ ਦਾ ਘੁੱਪ ਹਨੇਰਾ (ਸੰਸਾਰ-ਸਮੁੰਦਰ) ਤਰਿਆ ਜਾ ਸਕਦਾ ਹੈ ਅਤੇ ਹਰ ਥਾਂ ਪਰਮਾਤਮਾ ਦਾ ਪ੍ਰਕਾਸ਼ ਦਿਸਣ ਲਗ ਪੈਂਦਾ ਹੈ।

**ਕਾਹਨਾ, ਪੀਲੋ ਆਦਿਕ ਭਗਤਾਂ ਦੀਆਂ ਰਚਨਾਵਾਂ :** ਜਦੋਂ ਗੁਰੂ ਅਰਜੁਨ ਦੇਵ ਜੀ ਭਾਈ ਗੁਰਦਾਸ ਜੀ ਪਾਸੋਂ ਆਦਿ ਬੀੜ ਲਿਖਵਾ ਰਹੇ ਸਨ, ਤਾਂ ਇਹ ਗੱਲ ਵੀ ਫੈਲ ਗਈ ਸੀ ਕਿ ਜੋ ਗ੍ਰੰਥ ਰਚਿਆ ਜਾ ਰਿਹਾ ਹੈ, ਉਸ ਵਿੱਚ ਗੁਰੂ ਸਾਹਿਬਾਨ ਤੋਂ ਇਲਾਵਾ ਭਗਤਾਂ ਦੀ ਬਾਣੀ ਵੀ ਸ਼ਾਮਿਲ ਕੀਤੀ ਗਈ ਹੈ । ਇਸ ਗੱਲ ਦਾ ਪਤਾ ਲੱਗਣ ਤੇ ਕਾਹਨਾ, ਛੱਜੂ, ਪੀਲੋ ਤੇ ਸ਼ਾਹ ਹੁਸੈਨ ਵੀ ਆਪਣੀਆਂ ਰਚਨਾਵਾਂ ਲੈ ਕੇ ਆਏ ਅਤੇ ਸਤਿਗੁਰਾਂ ਨੂੰ ਬੇਨਤੀ ਕੀਤੀ ਕਿ ਉਨ੍ਹਾਂ ਨੂੰ ਵੀ ਨਵੇਂ ਲਿਖੇ ਜਾ ਰਹੇ ਗ੍ਰੰਥ ਵਿਚ ਸ਼ਾਮਿਲ ਕੀਤਾ ਜਾਵੇ ।

ਗੁਰੂ ਸਾਹਿਬ ਨੂੰ ਇਹ ਭਲੀ ਭਾਂਤ ਪਤਾ ਸੀ ਕਿ ਇਹ ਅਖੌਤੀ ਭਗਤ ਨਿਰੇ ਕਵੀ ਹਨ, ਜੋ ਤੁਕਬੰਦੀ ਕਰਨਾ ਜਾਣਦੇ ਹਨ ਪਰ ਇਹ ਪ੍ਰਭੂ ਭਗਤੀ ਤੋਂ ਸੱਖਣੇ ਹਨ । ਇਨ੍ਹਾਂ ਨੇ ਪ੍ਰਭੂ ਨਾਲ ਕੋਈ ਸਾਂਝ ਨਹੀਂ ਪਾਈ ਹੋਈ । ਇਸ ਲਈ ਉਹਨਾਂ ਦੀਆਂ ਰਚਨਾਵਾਂ ਗੁਰਬਾਣੀ ਦੇ ਭੰਡਾਰ ਵਿਚ ਸ਼ਾਮਿਲ ਹੋਣ ਦੇ ਯੋਗ ਨਹੀਂ ਹਨ । ਇਸ ਤੋਂ ਪਹਿਲਾਂ ਜਿਨ੍ਹਾਂ ਭਗਤਾਂ ਦੀ ਬਾਣੀ ਗੁਰੂ ਨਾਨਕ ਦੇਵ ਜੀ ਨੇ ਆਪੂੰ ਇੱਕਤਰ ਕੀਤੀ ਸੀ, ਉਹ ਭਗਤ ਕਹਿਣੀ ਤੇ ਕਥਨੀ ਦੋਹਾਂ ਦੇ ਸੂਰੇ ਸਨ । ਉਨ੍ਹਾਂ ਨੇ ਪ੍ਰਭੂ ਨਾਲ ਸਾਂਝ ਪਾਈ ਹੋਈ ਸੀ ਅਤੇ ਉਨ੍ਹਾਂ ਦੀ ਬਾਣੀ ਵਿਚਲੇ ਵਿਚਾਰ ਗੁਰੂ ਸਾਹਿਬ ਦੀ ਆਪਣੀ ਬਾਣੀ ਨਾਲ ਮਿਲਦੇ ਸਨ ।

ਗੁਰੂ ਅਰਜੁਨ ਦੇਵ ਜੀ ਨੇ ਉਪਰੋਕਤ ਚਾਰ 'ਭਗਤਾਂ' ਦੀ ਤੱਸਲੀ ਕਰਵਾਉਣ ਲਈ ਕਿਹਾ ਕਿ ਉਹ ਆਪਣੀਆਂ ਰਚਨਾਵਾਂ ਚੋਂ ਕੁਝ ਹਿੱਸੇ ਪੜ੍ਹ ਕੇ ਸੁਣਾਉਣ । ਸਭ ਤੋਂ ਪਹਿਲਾਂ ਕਾਹਨੇ ਨੇ ਆਪਣੀ ਰਚਨਾਂ ਸੁਣਾਉਣੀ ਆਰੰਭ ਕੀਤੀ:

**'ਓਹੀ ਰੇ ਮੈਂ ਓਹੀ ਰੇ । ਜਾ ਕਉ ਵੇਦ ਪੁਰਾਨ ਜਸ ਗਾਵੇ**
**ਖੋਜ ਦੇਖਉ ਮਤ ਕੋਈ ਰੇ ।**

ਇਨ੍ਹਾਂ ਸਤਰਾਂ ਵਿੱਚ ਵੇਦਾਂਤ ਦਾ ਪ੍ਰਭਾਵ ਸਾਫ਼ ਨਜ਼ਰ ਆਉਂਦਾ ਸੀ, ਜੋ ਗੁਰਬਾਣੀ ਧਾਰਾ ਨਾਲ ਮੇਲ ਨਹੀਂ ਸੀ ਖਾਂਦਾ । ਗੁਰਬਾਣੀ ਵਿੱਚ ਤਾਂ ਗੁਰੂ ਸਾਹਿਬ ਆਪਣੇ ਆਪ ਨੂੰ ਪ੍ਰਭੂ ਦਾ ਜਨ, ਦਾਸ, ਦਾਸਨ-ਦਾਸ, ਕੀਟ, ਨੀਚ ਆਦਿ ਆਖ ਕੇ ਨਿਮ੍ਰਤਾ ਭਾਵ ਦਾ ਪ੍ਰਗਟਾਵਾ ਕਰਦੇ ਸਨ । ਪਰ ਕਾਹਨਾ ਆਪਣੇ ਆਪ ਨੂੰ ਹੀ ਪ੍ਰਭੂ ਜਾਂ ਬ੍ਰਹਮ ਆਖ ਰਿਹਾ ਸੀ । ਸੋ ਗੁਰੂ ਜੀ ਨੇ ਉਸ ਦੀ ਰਚਨਾ ਨੂੰ ਅਪ੍ਰਵਾਨ ਕਰ ਦਿਤਾ ।

ਛੱਜੂ ਦੀ ਵਾਰੀ ਆਈ ਤਾਂ ਉਹ ਬੋਲ ਉਠਿਆ : **ਕਾਗਦ ਸੰਦੀ ਪੂਤਰੀ ਤਉ ਨ ਤ੍ਰਿਆ ਨਿਹਾਰ ।** ਭਾਵ ਕਿ ਜੇ ਕਾਗਜ਼ ਦੀ ਪੁਤਲੀ ਵੀ ਹੋਵੇ, ਤਾਂ ਵੀ ਇਸਤਰੀ ਨੂੰ ਵੇਖਣਾ ਨਹੀਂ ਚਾਹੀਦਾ । ਇਸਤਰੀ ਦੇ ਦਰਸਨ ਮਾਤਰ ਤੋਂ ਘਬਰਾਉਣ ਵਾਲੇ 'ਭਗਤ' ਦੀ

ਰਚਨਾ ਨੂੰ **ਸੋ ਕਿਉ ਮੰਦਾ ਆਖੀਐ, ਜਿਤੁ ਜੰਮਹਿ ਰਾਜਾਨ ।।** ਦੇ ਤੁੱਲ ਕਿਵੇਂ ਸਮਝਿਆ ਜਾ ਸਕਦਾ ਸੀ ? ਸੋ ਛੱਜੂ ਦੀ ਰਚਨਾ ਵੀ ਰੱਦ ਕਰ ਦਿਤੀ ਗਈ ।

ਇਸ ਦੇ ਮਗਰੋਂ ਪੀਲੋ 'ਭਗਤ' ਦੀ ਵਾਰੀ ਆਈ । ਉਸਦੀਆਂ ਤੁਕਾਂ ਨਿਰਾਸ਼ਤਾ ਅਤੇ ਆਤਮਹੀਣਤਾ ਦਾ ਸੁੰਦਰ ਨਮੂਨਾ ਪੇਸ਼ ਕਰਦੀਆਂ ਹਨ । ਉਹ ਆਖਣ ਲੱਗਾ –

**ਅਸਾਂ ਨਾਲੋਂ ਸੇ ਭਲੇ, ਜੰਮਦਿਆਂ ਮਰ ਗਏ ।**
**ਚਿਕੜ ਪੈਰ ਨ ਬੋੜਿਆ, ਨ ਆਲੂਦ ਭਏ ।**

ਗੁਰੂ ਜੀ ਨੇ ਪੀਲੋ ਨੂੰ ਸਮਝਾਇਆ ਕਿ ਗੁਰਮਤਿ ਦਾ ਮਾਰਗ ਤਾਂ ਚੜ੍ਹਦੀ ਕਲਾ ਦਾ ਮਾਰਗ ਹੈ । ਇਸ ਵਿੱਚ ਨਿਰਾਸਤਾ ਦੀ ਕੋਈ ਥਾਂ ਨਹੀਂ । ਦੁਖ, ਬੁਰਾਈ, ਹਾਰ ਅਫਸੋਸ ਅਤੇ ਘਾਟਾ ਆਦਿਕ ਸ਼ਬਦ ਗੁਰਮਤਿ ਦੇ ਕੋਸ਼ ਵਿੱਚ ਹੀ ਨਹੀਂ ਹਨ । ਗੁਰਮਤਿ ਦਾ ਉਪਦੇਸ਼ ਤਾਂ ਕੁਝ ਇਸ ਤਰ੍ਹਾਂ ਦਾ ਹੈ :-

**ਦੂਖੁ ਨਾਹੀ ਸਭੁ ਸੁਖੁ ਹੀ ਹੈ ਰੇ, ਏਕੈ ਏਕੀ ਨੇਤੈ ।।**
**ਬੁਰਾ ਨਹੀ ਸਭੁ ਭਲਾ ਹੀ ਹੈ ਰੇ, ਹਾਰ ਨਹੀ ਸਭ ਜੇਤੈ ।। ੧ ।।**
**ਸੋਗੁ ਨਾਹੀ, ਸਦਾ ਹਰਖੀ ਹੈ ਰੇ, ਛੋਡਿ ਨਾਹੀ ਕਿਛੁ ਲੇਤੈ ।**
**ਕਹੁ ਨਾਨਕ ਜਨੁ ਹਰਿ ਹਰਿ ਹਰਿ ਹੈ, ਕਤ ਆਵੈ, ਕਤ ਰਮਤੈ ।।੨।।**

(ਕਾਨੜਾ,ਮ: ੫ ਪੰਨਾ-੧੩੦੨)

ਜਦ ਪੀਲੋ ਦੀ ਗਲ ਵੀ ਨਾ ਬਣੀ, ਤਾਂ ਸ਼ਾਹ ਹੁਸੈਨ ਨੂੰ ਆਪਣੀ ਰਚਨਾ ਦਾ ਨਮੂਨਾ ਪੇਸ਼ ਕਰਨ ਦੀ ਹਿੰਮਤ ਹੀ ਨਾ ਪਈ । ਉਹ ਇਹ ਆਖਦਿਆਂ ਵਾਪਿਸ ਤੁਰ ਪਿਆ ਕਿ –

**'ਚੁਪ ਵੇ ਅੜਿਆ, ਚੁਪ ਵੇ ਅੜਿਆ**
**ਬੋਲਣ ਦੀ ਨਹੀਂ ਜਾ ਵੇ ਅੜਿਆ ।"**

ਇਹ ਚਾਰੇ ਜਾਣੇ ਉਥੋਂ ਚਲੇ ਤਾਂ ਗਏ, ਪਰ ਉਨ੍ਹਾਂ ਨੇ ਇਸ ਗੱਲ ਵਿੱਚ ਆਪਣੀ ਹੇਠੀ ਸਮਝੀ ਕਿ ਗੁਰੂ ਅਰਜੁਨ ਦੇਵ ਜੀ ਨੇ ਕਿਸੇ ਇੱਕ ਦੀ 'ਰਚਨਾ' ਵੀ ਸਵੀਕਾਰ ਨਹੀ ਕੀਤੀ । ਕਾਹਨਾ ਚੰਦੂ ਸ਼ਾਹ ਦਾ ਰਿਸਤੇਦਾਰ ਸੀ । ਉਹ ਰਿਸ਼ਤੇਦਾਰੀ ਦੇ ਮਾਣ ਉਤੇ ਕੁਝ ਵੱਧ-ਘੱਟ ਵੀ ਬੋਲਿਆ ਤੇ ਜਾਂਦਾ ਕੁਝ ਧਮਕੀਆਂ ਵੀ ਦੇ ਗਿਆ। ਇਸ ਤੋਂ ਪਹਿਲਾਂ ਕਿ ਉਹ ਕੋਈ ਚਾਲ ਚਲਦਾ, ਉਸਨੂੰ ਮੌਤ ਨੇ ਆ ਘੇਰਿਆ ਤੇ ਉਹ ਰਾਹ ਵਿੱਚ ਹੀ ਪ੍ਰਭੂ ਨੂੰ ਪਿਆਰਾ ਹੋ ਗਿਆ ।

ਬਾਕੀ ਤਿੰਨ 'ਭਗਤਾਂ' ਨੇ ਵੀ ਆਪਣੇ ਮਨ ਦੇ ਅਰਮਾਨ ਪੂਰੇ ਕਰਨੇ ਸਨ ਇਹ ਸਿੱਧੇ ਤੌਰ ਤੇ ਤਾਂ ਗੁਰੂ ਸਾਹਿਬ ਨਾਲ ਟੱਕਰ ਲੈ ਨਹੀ ਸਨ ਸਕਦੇ । ਸੋ, ਇਨ੍ਹਾਂ ਕੋਲੋਂ ਜਿੰਨੀ ਕੁ ਵਿਰੋਧਤਾ ਹੋ ਸਕਦੀ ਸੀ, ਉਹ ਇਨ੍ਹਾਂ ਨੇ ਕੀਤੀ । ਆਪਣੇ ਸ਼ਰਧਾਲੂਆਂ ਵਿੱਚ, ਜਿਨ੍ਹਾਂ ਦੀ ਗਿਣਤੀ ਵੀ ਕੋਈ ਜ਼ਿਆਦਾ ਨਹੀਂ ਸੀ, ਇਨ੍ਹਾਂ ਨੇ ਗੁਰੂ ਅਰਜੁਨ ਦੇਵ ਜੀ ਤੇ ਗੁਰੂ ਨਾਨਕ ਪਾਤਸ਼ਾਹ ਦੀ ਗੱਦੀ ਵਿਰੁਧ ਪ੍ਰਚਾਰ ਕੀਤਾ । ਆਪਣੇ ਸ਼ਰਧਾਲੂਆਂ ਰਾਹੀਂ ਅਸਰ ਰਸੂਖ ਵਾਲੇ ਹਾਕਮਾਂ ਅਥਵਾ ਬਾਦਸ਼ਾਹ ਦੇ ਦਰਬਾਰੀਆਂ ਤਕ ਚੁਗਲੀਆਂ ਕੀਤੀਆਂ । ਇਸ ਤੋਂ ਵੱਧ ਕੁਝ ਕਰਨਾ ਇਨ੍ਹਾਂ ਵਿਚਾਰਿਆਂ ਦੇ ਵੱਸ ਦੀ ਗੱਲ ਨਹੀਂ ਸੀ ।

# ਗੁਰੂ ਗ੍ਰੰਥ ਸਾਹਿਬ ਜੀ ਦੀ ਵਿਸ਼ੇਸ਼ਤਾ

ਜਦੋਂ (ਗੁਰੂ) ਗ੍ਰੰਥ ਸਾਹਿਬ ਜੀ (ਆਦਿ ਬੀੜ) ਦਾ ਸ੍ਰੀ ਹਰਿਮੰਦਰ ਸਾਹਿਬ ਵਿਖੇ ਪ੍ਰਕਾਸ਼ ਕਰ ਦਿਤਾ ਗਿਆ, ਤਾਂ ਆਪ ਦਾ ਸਤਿਕਾਰ ਵੀ 'ਗੁਰੂ' ਦੀ ਤਰ੍ਹਾਂ ਹੋਣਾ ਸ਼ੁਰੂ ਹੋ ਗਿਆ । ਗੁਰੂ ਅਰਜੁਨ ਦੇਵ ਜੀ ਦੁਆਰਾ ਆਪਣਾ ਆਸਣ (ਗੁਰੂ) ਗ੍ਰੰਥ ਸਾਹਿਬ ਜੀ ਤੋਂ ਨੀਵਾਂ ਰੱਖਣਾ ਤੇ ਰਾਤ ਨੂੰ (ਗੁਰੂ) ਗ੍ਰੰਥ ਸਾਹਿਬ ਜੀ ਦਾ ਸੁਖਆਸਨ ਉੱਚੀ ਥਾਂ ਤੇ ਕਰਕੇ ਸਤਿਗੁਰਾਂ ਦਾ ਜ਼ਮੀਨ ਉਤੇ ਬਿਸਤਰ ਵਿਛਾ ਕੇ ਸਉਣਾ - ਐਸੀਆਂ ਗੱਲਾਂ ਸਨ ਜਿਨ੍ਹਾਂ ਨੇ ਸਿੱਖਾਂ ਨੂੰ (ਗੁਰੂ) ਗ੍ਰੰਥ ਸਾਹਿਬ ਜੀ ਦਾ ਸਤਿਕਾਰ 'ਗੁਰੂ' ਵਜੋਂ ਕਰਨ ਦੀ ਅਮਲੀ ਪ੍ਰੇਰਨਾ ਦਿੱਤੀ । ਉਂਝ ਸਿੱਖਾਂ ਵਿੱਚ ਇਸ ਗੱਲ ਦਾ ਪ੍ਰਚਾਰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਮੇਂ ਤੋਂ ਹੀ ਹੋਣਾ ਸ਼ੁਰੂ ਹੋ ਗਿਆ ਸੀ ਕਿ 'ਬਾਣੀ' ਜਾਂ 'ਸ਼ਬਦ' ਹੀ ਗੁਰੂ ਹੈ । ਪਹਿਲੇ ਸਤਿਗੁਰਾਂ ਦੇ ਫੁਰਮਾਨ ਇਸ ਤਰ੍ਹਾਂ ਦੇ ਸਨ :

**(ੳ) ਗੁਰੂ ਨਾਨਕ ਦੇਵ ਜੀ :**

**— ਪਵਨ ਅਰੰਭੁ ਸਤਿਗੁਰ ਮਤਿ ਵੇਲਾ ॥**
**ਸਬਦੁ ਗੁਰੂ ਸੁਰਤਿ ਧੁਨਿ ਚੇਲਾ ॥** (ਪੰਨਾ-੯੪੩)
**— ਸਬਦੁ ਗੁਰ ਪੀਰਾ, ਗਹਿਰ ਗੰਭੀਰਾ,**
**ਬਿਨੁ ਸਬਦੈ ਜਗੁ ਬਉਰਾਨੰ ॥** (ਪੰਨਾ-੬੩੫)

**(ਅ) ਗੁਰੂ ਅਮਰਦਾਸ ਜੀ :**

**— ਜਿਨ ਸਬਦਿ ਗੁਰੂ ਸੁਣਿ ਮੰਨਿਆ,**
**ਤਿਨ ਮਨਿ ਧਿਆਇਆ ਹਰਿ ਸੋਇ ॥** (ਪੰਨਾ-੨੭)
**— ਸਤਿਗੁਰ ਨੋ ਸਭੁ ਕੋ ਵੇਖਦਾ, ਜੇਤਾ ਜਗਤੁ ਸੰਸਾਰੁ ।**
**ਡਿਠੈ ਮੁਕਤਿ ਨ ਹੋਵਈ, ਜਿਚਰੁ ਸਬਦਿ ਨ ਕਰੇ ਵੀਚਾਰੁ ॥** (ਪੰਨਾ-੫੯੪)

**(ੲ) ਗੁਰੂ ਰਾਮਦਾਸ ਜੀ :**

**ਬਾਣੀ ਗੁਰੂ, ਗੁਰੂ ਹੈ ਬਾਣੀ, ਵਿਚਿ ਬਾਣੀ ਅੰਮ੍ਰਿਤੁ ਸਾਰੇ ।**
**ਗੁਰੁ ਬਾਣੀ ਕਹੈ, ਸੇਵਕੁ ਜਨੁ ਮਾਨੈ, ਪਰਤਖਿ ਗੁਰੂ ਨਿਸਤਾਰੇ ॥**
(ਪੰਨਾ-੯੮੨)

੧. ਗੁਰੂ ਗੋਬਿੰਦ ਸਿੰਘ ਜੀ ਨੇ ਜੋਤੀ ਜੋਤਿ ਸਮਾਉਣ ਤੋਂ ਪਹਿਲਾਂ ਗੁਰੂ ਗ੍ਰੰਥ ਸਾਹਿਬ ਜੀ ਨੂੰ ਰਸਮੀ ਤੌਰ ਤੇ ਵੀ ਗੁਰਿਆਈ ਦੇ ਦਿਤੀ ਤੇ ਸ਼ਖ਼ਸੀ ਗੁਰੂ ਦੀ ਪਰੰਪਰਾ ਨੂੰ ਖ਼ਤਮ ਕਰ ਦਿਤਾ । ਇੰਝ ਗੁਰੂ ਗ੍ਰੰਥ ਸਾਹਿਬ ਜੀ ਜੁਗੋ-ਜੁਗ ਅਟੱਲ ਸਤਿਗੁਰੂ ਬਣ ਗਏ। ਹੋਰ ਕਿਸੇ ਵੀ ਧਰਮ ਦੇ ਗ੍ਰੰਥ ਨੂੰ 'ਗੁਰੂ' ਨਹੀ ਮੰਨਿਆ ਗਿਆ । ਸੋ, ਇਹ ਗੁਰੂ ਗ੍ਰੰਥ ਸਾਹਿਬ ਜੀ ਪਹਿਲੀ ਵਿਸ਼ੇਸ਼ਤਾ ਹੈ ।

੨ ਗੁਰੂ ਗ੍ਰੰਥ ਸਾਹਿਬ ਜੀ ਦੂਜੀ ਵਿਸ਼ੇਸ਼ਤਾ ਇਹ ਹੈ ਕਿ 'ਬਾਣੀ' ਸਤਿਗੁਰਾਂ ਨੇ ਆਪ ਉਚਾਰੀ ਤੇ ਲਿਖੀ ਅਤੇ ਸਾਂਭ ਕੇ ਰੱਖੀ । ਇਸ ਬਾਣੀ ਨੂੰ ਗ੍ਰੰਥ ਦਾ ਰੂਪ ਵੀ ਗੁਰੂ ਅਰਜੁਨ ਦੇਵ ਜੀ ਨੇ ਆਪ ਦਿਤਾ । ਇਸਦੇ ਮੁਕਾਬਲੇ ਹੋਰਨਾਂ ਧਰਮਾਂ ਦੇ ਗ੍ਰੰਥ ਉਨ੍ਹਾਂ ਦੇ

ਧਰਮ-ਗੁਰੂਆਂ ਤੋਂ ਬਾਅਦ ਲਿਖੇ ਗਏ, ਜਾਂ ਉਨ੍ਹਾਂ ਦੇ ਸੇਵਕਾਂ ਨੇ ਲਿਖੇ, ਜਿਵੇਂ ਬਾਈਬਲ, ਗੀਤਾ, ਕੁਰਾਨ ਆਦਿ ।

੩. ਇਹ ਪਹਿਲਾ ਧਰਮ-ਗ੍ਰੰਥ ਹੈ ਜਿਸ ਵਿੱਚ ਸਿੱਖ ਗੁਰੂਆਂ ਤੋਂ ਸਿਵਾ ਉਨ੍ਹਾਂ ਹੋਰ ਮਹਾਨ ਪੁਰਖਾਂ ਦੀ ਬਾਣੀ ਵੀ ਦਰਜ ਕੀਤੀ ਗਈ ਹੈ, ਜਿਨ੍ਹਾਂ ਦੀ ਵਿਚਾਰਧਾਰਾ ਗੁਰੂ ਸਾਹਿਬ ਦੀ ਵਿਚਾਰਧਾਰਾ ਨਾਲ ਮਿਲਦੀ ਸੀ ਅਤੇ ਜੋ ਪ੍ਰਭੂ ਨਾਲ ਜੁੜੇ ਹੋਏ ਸਨ । ਇਨ੍ਹਾਂ ਮਹਾਂਪੁਰਖਾਂ ਵਿੱਚ ਹੋਰਨਾਂ ਧਰਮਾਂ ਵਿੱਚ ਜਨਮ ਲੈਣ ਵਾਲੇ ਪੁਰਖ, ਅਖੌਤੀ, ਨੀਵੀਆਂ ਜਾਤਾਂ ਦੇ ਭਗਤ ਸਾਹਿਬਾਨ ਤੇ ਗੁਰੂ ਕੇ ਸਿੱਖ ਵੀ ਸ਼ਾਮਿਲ ਸਨ । ਗੁਰੂ ਸਾਹਿਬਾਨ ਨੂੰ ਮਿਲਾਕੇ ਕੁਲ ੩੫ ਮਹਾਨ ਪੁਰਖਾਂ ਦੀ ਬਾਣੀ ਦਾ ਗ੍ਰੰਥ ਹੋਣ ਦੇ ਬਾਵਜੂਦ ਵੀ ਵਿਚਾਰਧਾਰਾ ਵਿੱਚ ਕੋਈ ਭਿੰਨਤਾ ਨਹੀਂ ਹੈ ।

੪. ਬਾਣੀ ਪ੍ਰਭੂ ਨਾਲ ਇਕ ਸੁਰ ਹੋਣ ਮਗਰੋਂ, ਪ੍ਰਭੂ ਤੋਂ ਪ੍ਰਾਪਤ ਕੀਤਾ ਗਿਆਨ ਸੀ:

**ਜੈਸੀ ਮੈ ਆਵੈ ਖਸਮ ਕੀ ਬਾਣੀ, ਤੈਸੜਾ ਕਰੀ ਗਿਆਨੁ ਵੇ ਲਾਲੋ ॥**

(ਤਿਲੰਗ,ਮ: ੧, ਪੰਨਾ-੭੨੨)

**ਸਤਿਗੁਰ ਕੀ ਬਾਣੀ ਸਤਿ ਸਤਿ ਕਰਿ ਜਾਣਹੁ ਗੁਰਸਿਖਹੁ ।**
**ਹਰਿ ਕਰਤਾ ਆਪਿ ਮੁਹਹੁ ਕਢਾਏ ॥**

(ਗਉੜੀ ਕੀ ਵਾਰ,ਮ: ੪, ਪੰਨਾ-੩੦੮)

**ਹਉ ਆਪਹੁ ਬੋਲਿ ਨ ਜਾਣਦਾ,**
**ਮੈ ਕਹਿਆ ਸਭੁ ਹੁਕਮਾਉ ਜੀਉ ॥** (ਸੂਹੀ,ਮ: ੫ ਪੰਨਾ-੭੬੩)

੫ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਮਨੁੱਖ ਨੂੰ ਸਰਬ ਪੱਖੀ ਅਗਵਾਈ ਜਾਂ ਸੇਧ ਦਿੰਦੀ ਹੈ । ਬਾਣੀ ਦੇ ਗੰਭੀਰ ਅਧਿਐਨ ਤੋਂ ਇਹ ਪਤਾ ਲਗਦਾ ਹੈ ਕਿ ਸਿੱਖ ਨੂੰ ਇਹ ਗੱਲ ਸਮਝਾਈ ਗਈ ਹੈ ਉਸਨੇ ਅਧਿਆਤਮਕ, ਸਮਾਜਕ, ਆਰਥਕ ਅਤੇ ਰਾਜਨੀਤਿਕ ਖੇਤਰਾਂ ਵਿੱਚ ਕਿਵੇਂ ਵਿਚਰਨਾ ਹੈ । ਗੁਰੂ ਸਾਹਿਬਾਨ ਦੇ ਜੀਵਨ-ਇਤਿਹਾਸ ਤੋਂ ਵੀ ਇਹ ਗੱਲ ਪ੍ਰਤੱਖ ਹੋ ਜਾਂਦੀ ਹੈ ਕਿ ਉਨ੍ਹਾਂ ਨੇ ਸਿੱਖਾਂ ਨੂੰ ਸਰਬ-ਪੱਖੀ ਅਗਵਾਈ ਦਿਤੀ ਹੈ ।

( **ਨੋਟ:** ਵਧੇਰੇ ਜਾਣਕਾਰੀ ਲਈ 'ਸਿੱਖ ਮਿਸ਼ਨਰੀ ਕਾਲਜ' ਦੀ ਪੁਸਤਕ 'ਸਿੱਖੀ ਨਵੇਂ ਯੁੱਗ ਦਾ ਧਰਮ' ਪੜ੍ਹੋ। )

੬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਲੋਕ ਬੋਲੀ **ਪੰਜਾਬੀ** ਵਿੱਚ ਲਿਖੀ ਗਈ ਹੈ । ਇਸ ਲਈ ਆਮ ਲੋਕੀਂ ਇਸ ਤੋਂ ਅਗਵਾਈ ਲੈ ਸਕਦੇ ਹਨ । ਗੁਰੂ ਸਾਹਿਬ ਨੇ ਕਿਸੇ ਖ਼ਾਸ ਬੋਲੀ ਨੂੰ 'ਦੇਵ-ਭਾਸ਼ਾ' ਸਮਝਣ ਦੇ ਵਿਚਾਰ ਨੂੰ ਰੱਦ ਕਰ ਦਿਤਾ ਸੀ । ਭਾਵੇਂ ਬਾਣੀ ਵਿੱਚ ਪੰਜਾਬੀ ਤੋਂ ਛੁਟ ਹੋਰ ਭਾਰਤੀ ਭਾਸ਼ਾਵਾਂ ਦੇ ਸ਼ਬਦ ਵੀ ਹਨ, ਪਰ ਉਹ ਬਾਣੀ ਦੇ ਅਰਥ-ਭਾਵਾਂ ਨੂੰ ਸਮਝਣ ਵਿੱਚ ਰੁਕਾਵਟ ਨਹੀਂ ਬਣਦੇ ।

੭. ਉਪਰੋਕਤ ਵਿਸ਼ੇਸ਼ਤਾਵਾਂ ਤੋਂ ਛੁਟ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਉੱਚੇ ਸਾਹਿਤਿਕ ਮਿਆਰਾਂ ਵਾਲੀ ਬਾਣੀ ਹੈ । ਇਹ ਠੀਕ ਹੈ ਕਿ ਬਾਣੀ ਕੋਈ 'ਗੀਤ' ਨਹੀਂ ਹੈ, ਸਗੋਂ 'ਬ੍ਰਹਮ ਵੀਚਾਰ' ਹੈ, ਪਰ ਬਾਣੀ ਸਾਰੇ ਸਾਹਿਤਿਕ ਗੁਣਾਂ ਨਾਲ ਭਰਪੂਰ ਹੋਣ ਕਾਰਨ, ਉਚੇ ਮਿਆਰਾਂ ਵਾਲਾ ਸਾਹਿਤ ਹੋ ਨਿਬੜੀ ਹੈ । ਹੇਠਾਂ ਡਾਕਟਰ ਗੋਪਾਲ ਸਿੰਘ ਜੀ ਦੇ ਵਿਚਾਰ ਦਿਤੇ ਜਾਂਦੇ ਹਨ, ਜਿਨ੍ਹਾਂ ਤੋਂ ਗੁਰਬਾਣੀ ਦੇ ਸਾਹਿਤਿਕ ਗੁਣਾ ਦਾ ਪਤਾ ਲਗਦਾ ਹੈ :-

(ੳ) ਗੁਰੂ ਗ੍ਰੰਥ ਸਾਹਿਬ ਦੀ ਬਾਣੀ ਨਾ ਕੇਵਲ ਰੂਹ ਨੂੰ ਜੀਵਨ-ਸੁਨੇਹੜੇ ਦੇਂਦੀ ਹੈ, ਸਗੋਂ ਇਹ ਸੁਨੇਹੇ ਅਜਿਹੀ ਬੋਲੀ, ਅਲੰਕਾਰਾਂ, ਮਿਥਿਹਾਸਕ ਪ੍ਰਮਾਣਾਂ ਤੇ ਰਾਗਮਈ ਰਚਨਾ ਰਾਹੀਂ ਦਿਤੇ ਹਨ ਕਿ ਉਨ੍ਹਾਂ ਤੇ ਸਾਹਿਤ ਦੇ ਤੌਰ ਤੇ ਵਿਚਾਰ ਕਰਨੀ ਓਡੀ ਹੀ ਜ਼ਰੂਰੀ ਹੈ, ਜਿੰਨੀ ਕਿ ਉਨ੍ਹਾਂ ਦੇ ਫ਼ਲਸਫ਼ੇ ਉਤੇ ।

(ਅ) ਗੁਰੂ ਗ੍ਰੰਥ ਸਾਹਿਬ ਦਾ ਸਾਹਿਤ ਰਹੱਸਵਾਦੀ ਹੈ । ਪਰ ਇਹ ਸਾਹਿਤ ਰਹੱਸ ਰਸ ਵਿੱਚ ਘੋਲ ਕੇ ਵਿਸਤ੍ਰਿਤ ਕਰਦਾ ਹੈ । ਉਸ ਨੂੰ ਕਵਿਤਾ ਦੇ ਕਪੜੇ ਪੁਆਂਦਾ ਹੈ, ਉਸਨੂੰ ਕਲਪਨਾ ਦੇ ਭੂਖਣਾ ਨਾਲ ਸ਼ਿੰਗਾਰਦਾ ਹੈ, ਸੰਵਾਰਦਾ ਹੈ, ਸੱਜਰੇ, ਨਿਜ ਪਰਖੇ, ਮਨੁੱਖ ਦੇ ਨਿੱਤ ਦੇ ਤਜ਼ਰਬੇ ਵਿੱਚ ਆਉਂਦੇ ਅਲੰਕਾਰ ਵਰਤਦਾ ਹੈ, ਵੰਨਗੋ-ਵੰਨਗੀਆਂ ਦੇ ਛੰਦਾਂ ਵਿੱਚ ਉਸਨੂੰ ਬੰਨ੍ਹਦਾ ਹੈ, ਸ਼ਬਦਾਂ ਨੂੰ ਭੰਨ-ਘੜਦਾ ਹੈ ਛਿੱਲਦਾ, ਤ੍ਰਾਸ਼ਦਾ, ਲੰਮਿਆਂਦਾ, ਛੁਟਿਆਂਦਾ ਹੈ, ਤਾਂ ਜੋ ਵਿਸ਼ੇ-ਵਸਤੂ ਨਾਲ ਉਸ ਦੀ ਬਣਤਰ ਮੇਲ ਖਾਵੇ ।

(ੲ) ਗੁਰੂ ਗ੍ਰੰਥ ਸਾਹਿਬ ਜੀ ਦਾ ਸਾਹਿਤ (ਬਾਣੀ) ਆਤਮਕ ਰਮਜ਼ ਨੂੰ ਭਾਵੁਕਤਾ ਤੇ ਸੁਝਾਊ ਭਾਵਾਂ ਨਾਲ ਭਰੇ ਹੋਇ ਕਾਵਿਕ ਚਿਨ੍ਹਾਂ ਰਾਹੀਂ ਖੋਲ੍ਹਦਾ ਹੈ । ਕੁਦਰਤੀ ਦ੍ਰਿਸ਼ਾਂ, ਵਟਦੀਆਂ ਰੁੱਤਾਂ, ਦਿਨ-ਰੈਣ, ਚੰਨ-ਸੂਰਜ ਬਨਸਪਤੀ ਤੇ ਪਸ਼ੂ-ਸੁਭਾਵਾਂ ਆਦਿਕ ਨਾਲ ਆਤਮਕ ਦੁਖ-ਸੁਖ ਨੂੰ ਇਵੇਂ ਜੋੜਿਆ ਹੈ, ਜਿਵੇਂ ਸਾਡਾ ਅੰਦਰ ਤੇ ਬਾਹਰ ਦਾ ਪਸਾਰਾ ਇਕ ਦੂਜੇ ਦੇ ਚੰਗੇ-ਮੰਦੇ ਭਾਈਵਾਲ ਹੋਣ ।

(ਸ) ਗੁਰੂ ਗ੍ਰੰਥ ਸਾਹਿਬ ਵਿਚ ਹਰ ਤਰ੍ਹਾਂ ਦੇ-ਛੰਦ (ਜੋ ਹਿੰਦੀ ਕਾਵਿ-ਸ਼ਾਸਤ੍ਰ ਨੇ ਉਦੋਂ ਤੀਕ ਲਭੇ ਸਨ) ਵਿੱਚ ਰਚਨਾ ਕੀਤੀ ਹੋਈ ਹੈ , ਜਿਵੇਂ ਝੂਲਨਾ, ਤਾਟੰਕ, ਦਵੈਯਾ, ਸਵੈਯਾ, ਦੋਹਿਰਾ, ਪਉੜੀ, ਰਾਧਿਕਾ, ਨਿਸ਼ਾਨੀ, ਰਡ, ਹੰਸਗਤਿ, ਕੱਜਲ, ਗੀਤਾ, ਚਿਤ੍ਰਕਲਾ, ਘਨਾਛਰੀ, ਚੌਪਈ, ਛਪੈ, ਸਿਰਖੰਡੀ, ਅੰਮ੍ਰਿਤਘਟ, ਸੋਰਠਾ ਤੇ ਹਾਕਲ ਛੰਦ ।

(ਹ) ਗੁਰਬਾਣੀ ਵਿੱਚ ਉਹ ਸਾਰੇ 'ਰਸ' ਮਿਲ ਜਾਂਦੇ ਹਨ ਜੋ ਹਿੰਦੀ ਕਵਿਤਾ ਦੇ ਪਾਰਖੂਆਂ ਨੇ ਮੰਨੇ ਹਨ । ਰਸ ਇਕ ਤਰ੍ਹਾਂ ਨਾਲ ਵਿਚਾਰ ਨੂੰ ਜਜ਼ਬੇ ਦੇ ਕਪੜੇ ਪੁਆਂਦਾ ਹੈ। ਸ਼ਬਦਾਂ, ਅਲੰਕਾਰਾਂ, ਵਾਕੰਸ਼ਾਂ ਦੀ ਪ੍ਰਭਾਵਸ਼ਾਲੀ ਤੇ ਰਾਗਾਤਮਿਕ ਚੋਣ ਤੇ ਜੜਤ ਨਾਲ ਕਵਿਤਾ ਦੇ ਦੁਆਲੇ ਇੱਕ ਅਕਹਿ ਜਿਹਾ ਪ੍ਰਭਾਉ ਖਿਲਾਰ ਦਿਤਾ ਜਾਂਦਾ ਹੈ ।

(ਕ) ਕਵਿਤਾ ਵਿਚ ਵਰਤੀਦੇ ਹਰ ਤਰ੍ਹਾਂ ਦੇ-ਭੇਦ ਗੁਰਬਾਣੀ ਵਿੱਚ ਮਿਲਦੇ ਹਨ, ਜਿਵੇਂ, ਬਾਰਹਮਾਹ , ਆਰਤੀ, ਘੋੜੀਆਂ, ਸੱਦ, ਰੁਤੀ, ਥਿਤੀ, ਪਹਰੇ, ਪੱਟੀ, ਵਾਰ, ਗੋਸਟ, ਅਲਾਹੁਣੀ, ਛਕੇ, ਪੰਚ ਪਦੇ, ਤਿਤੁਕੇ, ਦੁਤੁਕੇ, ਤਿਪਦੇ, ਕਾਫ਼ੀ, ਛੁਨਹੇ, ਗਾਥਾ, ਅਸ਼ਟਪਦੀ, ਚੌਬੋਲਾ, ਦੁਪਦੇ . . . . ਆਦਿ ।

(ਖ) ਸਭ ਤੋਂ ਵੱਧ ਚਮਤਕਾਰ ਜੋ ਇਸ ਬਾਣੀ ਵਿਚ ਹੈ, ਉਹ ਹੈ ਕਵਿਤਾ ਦੀ ਸਰੋਦੀ ਹੂਕ, ਜੋ ਮਾਤ੍ਰਾਂ ਦੀ ਗਿਣਤੀ-ਮਿਣਤੀ ਤੇ ਲਘੂ-ਗੁਰੂ ਦੀਆਂ ਬੰਦਸ਼ਾਂ ਤੋਂ ਆਜ਼ਾਦ ਹੈ ਤੇ ਕੁਝ ਇਸ ਤਰ੍ਹਾਂ ਦਾ ਅਲੋਕਾਰ ਵਾਯੂਮੰਡਲ ਕਵਿਤਾ ਦੇ ਦੁਆਲੇ ਸਿਰਜਿਆ ਜਾਂਦਾ ਹੈ, ਜਿਸ ਨਾਲ ਦਲੀਲ ਜਜ਼ਬੇ ਵਿੱਚ ਵਟ ਕੇ ਸਾਨੂੰ ਆਪਣੇ ਉਤੇ ਬਲਿਹਾਰ ਹੋਣ ਦੀ ਪ੍ਰੇਰਨਾ ਦਿੰਦੀ ਹੈ। ਇਹ ਅਤੀ ਉੱਚੀ ਕਵਿਤਾ ਦੀ ਨਿਸ਼ਾਨੀ ਹੈ ਜਿਹੜੀ ਜਜ਼ਬੇ ਦੇ ਹੜ੍ਹ ਉਤੋਂ ਪਿੰਗਲ ਦੀਆਂ ਹੱਦ-ਬੰਦੀਆਂ ਕੁਰਬਾਨ ਕਰ ਦਿੰਦੀ ਹੈ ।

ਆਪਣੀ ਵਿੱਲਖਣ ਵਿਚਾਰਧਾਰਾ ਅਤੇ ਹੋਰ ਅਨੇਕਾਂ ਵਿਸ਼ੇਸ਼ਤਾਵਾਂ ਕਾਰਨ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਆਮ ਮਨੁਖਾਂ ਤੋਂ ਲੈ ਕੇ ਅੰਤਰ-ਰਾਸ਼ਟਰੀ ਪੱਧਰ ਦੇ ਚਿੰਤਕਾਂ ਤੇ ਵਿਦਵਾਨਾ ਦਾ ਧਿਆਨ ਆਪਣੇ ਵਲਾਂ ਖਿਚਦੀ ਹੈ । ਕੁਝ ਕੁ ਦੇ ਵਿਚਾਰ ਹੇਠਾਂ ਦਿੱਤੇ ਜਾਂਦੇ ਹਨ :

(ੳ) ਨੋਬਲ ਇਨਾਮ ਜੇਤੂ ਮਿੱਸ ਪਰਲ ਐੱਸ ਬੱਕ :

ਮੈਂ ਹੋਰ ਵੀ ਧਰਮਾਂ ਦੇ ਗ੍ਰੰਥ ਪੜ੍ਹੇ ਹਨ, ਪਰ ਮੈਨੂੰ ਹੋਰ ਕਿਧਰੇ ਵੀ ਮਨ ਤੇ ਦਿਲ ਨੂੰ ਟੁੰਬਣ ਵਾਲੀ ਉਹ ਸ਼ਕਤੀ ਨਹੀਂ ਮਿਲੀ, ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚੋਂ ਪ੍ਰਾਪਤ ਹੋਈ ਹੈ । ਆਕਾਰ ਵੱਡਾ ਹੋਣ ਦੇ ਬਾਵਜੂਦ ਵੀ ਇਹ ਗ੍ਰੰਥ ਇਕ ਬਝੱਵਾਂ ਪ੍ਰਭਾਵ ਪਾਉਂਦਾ ਹੈ । ਇਸ ਵਿੱਚ ਮਨੁੱਖੀ ਮਨ ਦੀ ਅਥਾਹ ਪਕੜ ਵਾਲੀਆਂ ਗਲੱਾਂ ਦਾ ਭੇਦ ਉਜਾਗਰ ਕੀਤਾ ਹੋਇਆ ਹੈ । ਪਰਮਾਤਮਾ ਦੇ ਪਵਿੱਤਰ ਵਿਚਾਰ ਤੋਂ ਲੈ ਕੇ ਮਨੁੱਖੀ ਸਰੀਰ ਜਿਨ੍ਹਾਂ ਆਮ ਚੀਜ਼ਾਂ ਨੂੰ ਮੰਨਦਾ ਅਤੇ ਹੱਲ ਕਰਦਾ ਹੈ, ਉਨ੍ਹਾਂ ਸਭਨਾਂ ਦਾ ਵਰਣਨ ਅਤੇ ਪ੍ਰਗਟਾਅ ਇਸ ਵਿੱਚ ਹਤਾ। ਇਸ ਗ੍ਰੰਥ ਵਿੱਚ ਇਕ ਅਸਚਰਜ ਆਧੁਨਿਕਤਾ ਹੈ ।

ਕੋਈ ਮਨੁੱਖ ਭਾਵੇ ਉਹ ਕਿਸੇ ਵੀ ਧਰਮ ਨਾਲ ਸੰਬੰਧਤ ਹੋਵੇ, ਜਾਂ ਨਾਸਤਕ ਹੀ ਕਿਉਂ ਨਾ ਹੋਵੇ, ਇਹ ਬਾਣੀ ਸਭ ਨੂੰ ਇਕੋ ਤਰ੍ਹਾਂ ਸੰਬੋਧਨ ਕਰਦੀ ਹੈ, ਕਿਉਂਕਿ ਇਸ ਦੀ ਆਵਾਜ਼ ਮਨੁੱਖੀ ਦਿਲ ਤੇ ਕੁਝ ਲਭ ਰਹੇ ਮਨਾਂ ਲਈ ਹੈ ।

(ਅ) ਆਰਨਲਡ ਟਾਇਨਬੀ :

ਮਨੁੱਖਤਾ ਦਾ ਧਾਰਮਿਕ ਭਵਿਖ ਪਿਆ ਧੁੰਧਲਾ ਹੋਵੇ, ਇਕ ਚੀਜ਼ ਘਟੋ ਘੱਟ ਦੇਖੀ ਜਾ ਸਕਦੀ ਹੈ । ਉਹ ਇਹ ਕਿ ਵਡੇ ਜੀਵਤ ਧਰਮ ਇਕ ਦੂਜੇ ਉਤੇ ਪਹਿਲਾਂ ਨਾਲੋਂ ਵੀ ਵਧੇਰੇ ਅਸਰ ਪਾਉਣਗੇ, ਕਿਉਂਕਿ ਧਰਤੀ ਦੇ ਵੱਖ ਵੱਖ ਇਲਾਕਿਆਂ ਅਤੇ ਮਨੁੱਖੀ ਨਸਲ ਦੀਆਂ ਵੱਖ ਵੱਖ ਸ਼ਾਖਾਵਾਂ ਵਿਚਕਾਰ ਸੰਬੰਧ ਵਧ ਰਹੇ ਹਨ । ਇਸ ਹੋਣ ਵਾਲੇ ਵਾਦ-ਵਿਵਾਦ ਵਿੱਚ ਸਿੱਖਾਂ ਦੀ ਧਾਰਮਿਕ ਪੁਸਤਕ 'ਆਦਿ ਗ੍ਰੰਥ' ਕੋਲ ਸੰਸਾਰ ਦੇ ਧਰਮਾਂ ਨੂੰ ਕਹਿਣ ਲਈ ਜੋ ਕੁਝ ਹੈ, ਉਸਦੀ ਖਾਸ ਮਹੱਤਤਾ ਅਤੇ ਕੀਮਤ ਹੈ ।

(ੲ) ਭਾਰਤ ਤੇ ਭੂਤਪੂਰਵ ਰਾਸ਼ਟਰਪਤੀ ਤੇ ਸੰਸਾਰ-ਪ੍ਰਸਿੱਧ ਫਿਲਾਸਫਰ ਡਾਕਟਰ ਐਸ. ਰਾਧਾਕ੍ਰਿਸ਼ਨ :

ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਅੱਟਲ ਸਚਾਈਆਂ ਅਤੇ ਅਤੁੱਟ ਭਗਤੀ ਦੇ ਸਾਹਮਣੇ ਸਮੁੰਦਰਾਂ ਅਤੇ ਪਹਾੜਾਂ ਦੇ ਸਾਰੇ ਹੱਦ-ਬੰਨੇ, ਜੋ ਇਕ ਦੇਸ਼ ਨੂੰ ਦੂਜੇ ਨਾਲੋਂ ਵੱਖ ਕਰਦੇ ਹਨ, ਹਟ ਜਾਣਗੇ ।

(ਸ) ਸਾਧੂ ਟੀ: ਐਲ ਵਾਸਵਾਨੀ :

ਜਪ ਜੀ ਸਾਹਿਬ ਤੇ ਹੋਰ ਬਾਣੀ ਸੋਨੇ, ਹੀਰੇ ਤੇ ਪੰਨਿਆਂ ਤੋਂ ਵੀ ਵਧੇਰੇ ਕੀਮਤੀ ਹੈ। ਗੁਰਦੇਵ ਕੇਵਲ ਆਤਮਵਾਦੀ ਜਾਂ ਫਿਲਾਸਫ਼ਰ ਹੀ ਨਹੀਂ ਸਨ, ਮੈਂ ਉਨ੍ਹਾਂ ਨੂੰ ਆਤਮਕ ਪ੍ਰਕਾਸ਼ ਨਾਲ ਜਗਮਗ ਕਰਦੀ ਇਕ ਮਹਾਂ ਪਵਿਤਰ ਹਸਤੀ ਮੰਨਦਾ ਹਾਂ । ਆਪਨੇ ਅਤੀ ਡੂੰਘੇ ਤੇ ਗੁੰਝਲਦਾਰ ਖਿਆਲ ਵੀ ਬੜੇ ਗੁੰਝਲਹੀਨ ਢੰਗ ਨਾਲ ਪੇਸ਼ ਕੀਤੇ ਹਨ । ਗੁੰਝਲਾਂ ਨੂੰ ਬੜੀ ਸਿਆਣਪ ਨਾਲ ਮਿਸਾਲਾਂ ਦੇ ਕੇ ਸੱਪਸ਼ਟ ਕੀਤਾ ਹੈ ।

(ਹ) ਆਦਿ-ਬੀੜ ਦੇ ਲਿਖਾਰੀ ਭਾਈ ਗੁਰਦਾਸ ਜੀ :

ਜੈਸੇ ਤੋ ਸਕਲ ਨਿਧਿ ਪੂਰਨ ਸਮੁਦ੍ਰ ਬਿਖੇ,
ਹੰਸ ਮਰਜੀਵ ਨਿਹਚੈ ਪ੍ਰਸਾਦਿ ਪਾਵਈ ।
ਤੈਸੇ ਗੁਰਬਾਨੀ ਬਿਖੈ ਸਕਲ ਪਦਾਰਥ ਹੈਂ,
ਜੋਈ ਜੋਈ ਖੋਜੈ, ਸੋਈ ਸੋਈ ਨਿਪਜਾਵਈ ।

# ਸਿੱਖ ਲਹਿਰ ਦਾ ਵਿਕਾਸ

ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਸ੍ਰੀ ਗੁਰੂ ਰਾਮਦਾਸ ਜੀ ਤੱਕ, ਗੁਰਮਤਿ ਦੇ ਪਰਚਾਰ ਸਦਕਾ ਸਿੱਖ ਇੱਕ ਵੱਖਰੇ ਭਾਈਚਾਰੇ ਦੇ ਤੌਰ ਤੇ ਜਾਣੇ ਜਾਣ ਲਗ ਪਏ ਸਨ। ਜਾਤ-ਅਭਿਮਾਨੀਆਂ ਅਤੇ ਰਾਜ-ਅਭਿਮਾਨੀਆਂ ਦੀਆਂ ਨਿੰਦਣਯੋਗ ਸਰਗਰਮੀਆਂ ਕਾਰਨ ਸਿੱਖਾਂ ਅੰਦਰ ਭਾਈਚਾਰਕ ਏਕਤਾ ਸਗੋਂ ਹੋਰ ਪਕੇਰੀ ਹੋ ਗਈ ਸੀ । ਸ੍ਰੀ ਗੁਰੂ ਅਰਜੁਨ ਦੇਵ ਜੀ ਦੇ ਸਮੇਂ ਕੁਝ ਐਸੇ ਮਹੱਤਵਪੂਰਨ ਕਾਰਜ ਹੋਏ, ਜਿਨ੍ਹਾਂ ਕਾਰਨ ਸਿੱਖਾਂ ਦੀ ਗਿਣਤੀ ਵਿੱਚ ਵਰਣਨ ਯੋਗ ਵਾਧਾ ਹੋਇਆ, ਉਨ੍ਹਾਂ ਵਿਚ ਵਿਚਾਰਧਾਰਾ ਦੇ ਪੱਖੋਂ ਮਜ਼ਬੂਤੀ ਆਈ ਅਤੇ ਉਹ ਇਕ ਮਜ਼ਬੂਤ ਕੌਮ ਦੇ ਰੂਪ ਵਿੱਚ ਬਦਲ ਗਏ । ਇਸ ਦਾ ਕਾਰਨ ਹੇਠ ਲਿਖੇ ਕਾਰਜ ਸਨ :

**੧. ਕੇਂਦਰੀ ਧਰਮ ਅਸਥਾਨ ਤੇ ਸ਼ਹਿਰ :**

ਗੁਰੂ ਅਰਜਨ ਦੇਵ ਜੀ ਤੋਂ ਪਹਿਲਾਂ ਕਰਤਾਰ ਪੁਰ (ਰਾਵੀ), ਗੋਇੰਦਵਾਲ ਆਦਿਕ ਨਗਰ ਵਸਾਏ ਗਏ ਸਨ, ਜਿਨ੍ਹਾਂ ਨੇ ਧਰਮ-ਪ੍ਰਚਾਰ ਵਿੱਚ ਅਹਿਮ ਰੋਲ ਨਿਭਾਇਆ, ਪ੍ਰੰਤੂ ਅਜੇ ਸਮੁੱਚੀ ਕੌਮ ਦਾ ਕੇਂਦਰੀ ਧਰਮ ਅਸਥਾਨ (ਜਿਵੇਂ ਕਿ ਮੁਸਲਮਾਨਾ ਦਾ ਮੱਕਾ ਹੈ) ਹੋਂਦ ਵਿਚ ਨਹੀਂ ਸੀ ਆਇਆ । ਗੁਰੂ ਰਾਮ ਦਾਸ ਜੀ ਨੇ 'ਗੁਰੂ ਕਾ ਚੱਕ' (ਹੁਣ ਅੰਮ੍ਰਿਤਸਰ) ਵਸਾਇਆ, ਜੋ ਮਗਰੋਂ ਜਾ ਕੇ ਸਿੱਖਾਂ ਦੀ ਧਾਰਮਿਕ ਰਾਜਧਾਨੀ ਬਣ ਗਿਆ । ਇਸੇ ਹੀ ਸ਼ਹਿਰ ਵਿੱਚ ਗੁਰੂ ਅਰਜੁਨ ਦੇਵ ਜੀ ਨੇ ਸ੍ਰੀ ਦਰਬਾਰ ਸਾਹਿਬ (ਸ੍ਰੀ ਹਰਿਮੰਦਰ ਸਾਹਿਬ) ਦੀ ਸਥਾਪਨਾ ਕੀਤੀ ਤੇ ਇੰਝ ਸਿੱਖ ਸਮਾਜ ਨੂੰ 'ਕੇਂਦਰੀ ਧਰਮ ਅਸਥਾਨ' ਮਿਲ ਗਿਆ ।

**੨. ਵਿਚਾਰਧਾਰਕ ਏਕਤਾ ਲਈ ਧਾਰਮਿਕ ਗ੍ਰੰਥ :**

ਸ੍ਰੀ ਗੁਰੂ ਅਰਜੁਨ ਦੇਵ ਜੀ ਨੇ 'ਆਦਿ ਬੀੜ' ਲਿਖਵਾਈ ਤੇ ਉਸਦਾ ਸ੍ਰੀ ਹਰਿਮੰਦਰ ਸਾਹਿਬ ਵਿੱਚ ਪ੍ਰਕਾਸ਼ ਕਰ ਦਿਤਾ । ਗੁਰੂ ਸਾਹਿਬ ਦੇ ਸਮੇਂ ਤੋਂ ਹੀ ਇਸ ਦੇ ਹੋਰ ਉਤਾਰੇ (ਕਾਪੀਆਂ/ਨਕਲਾਂ) ਕੀਤੀਆਂ ਗਈਆਂ। ਗੁਰਬਾਣੀ ਦੇ ਹਥ-ਲਿਖਤ ਗੁਟਕੇ ਤਾਂ ਪਹਿਲਾਂ ਹੀ ਸੰਗਤਾਂ ਵਿੱਚ ਮੌਜੂਦ ਸਨ । ਇਨ੍ਹਾਂ ਯਤਨਾਂ ਨਾਲ ਸਿੱਖ ਗੁਰਬਾਣੀ ਨਾਲ ਡੂੰਘੀ ਸਾਂਝ ਪਾਉਣ ਲਗ ਪਏ ਅਤੇ ਉਨ੍ਹਾਂ ਅੰਦਰ ਵਿਚਾਰਧਾਰਕ ਪਕਿਆਈ ਆਉਣ ਲਗ ਪਈ । (ਗੁਰੂ) ਗ੍ਰੰਥ ਸਾਹਿਬ (ਆਦਿ ਬੀੜ) ਦੀ ਤਿਆਰੀ ਤੇ ਸਥਾਪਨਾ ਨਾਲ ਸਿੱਖਾਂ ਨੂੰ ਕੌਮੀ ਧਾਰਮਿਕ ਗ੍ਰੰਥ ਵੀ ਮਿਲ ਗਿਆ ।

ਗੁਰੂ ਹਰਿਗੋਬਿੰਦ ਸਾਹਿਬ ਦਾ ਸਮਕਾਲੀ ਲੇਖਕ ਮੁਹਿਸਨ ਫਾਨੀ, ਸਿੱਖਾਂ ਵਿਚ ਆਏ ਵਿਚਾਰਧਾਰਕ ਨਿਖਾਰ ਦਾ ਆਪਣੀ ਪੁਸਤਕ 'ਦਾਬਿਸਤਾਨ-ਇ-ਮਜ਼ਾਹਿਬ' ਵਿੱਚ ਇੰਝ ਜ਼ਿਕਰ ਕਰਦਾ ਹੈ :

'ਗੁਰੂ ਨਾਨਕ ਦੇਵ ਜੀ ਦੇ ਸਿੱਖਾਂ ਨੇ ਮੂਰਤੀ ਪੂਜਾ ਦਾ ਖੰਡਨ ਕੀਤਾ । ਉਨ੍ਹਾਂ ਦਾ ਵਿਸ਼ਵਾਸ ਸੀ ਕਿ ਸਾਰੇ ਗੁਰੂ ਹੀ 'ਗੁਰੂ ਨਾਨਕ' ਹਨ । ਉਹ ਹਿੰਦੂਆਂ ਦੇ ਮੰਤਰ ਨਹੀਂ ਸਨ ਪੜ੍ਹਦੇ । ਉਹ ਹਿੰਦੂਆਂ ਦੇ ਮੰਦਰਾਂ ਤੇ ਮੰਤਰਾਂ ਦਾ ਸਤਿਕਾਰ ਨਹੀਂ ਸਨ ਕਰਦੇ ਤੇ ਨਾ ਹੀ ਹਿੰਦੂਆਂ ਦੁਆਰਾ ਕਹੀ ਜਾਣ ਵਾਲੀ 'ਦੇਵਤਿਆਂ ਦੀ ਭਾਸ਼ਾ' ਦਾ ਸਤਿਕਾਰ ਕਰਦੇ ਸਨ ।'

### ੩. ਆਰਥਕ ਸੁਧਾਰ :

ਗੁਰੂ ਰਾਮਦਾਸ ਜੀ ਨੇ 'ਗੁਰੂ ਕੇ ਚੱਕ' ਵਿੱਚ ੫੨ ਕਿਸਮਾਂ ਦੇ ਵੱਖ-ਵੱਖ ਕੰਮ-ਧੰਦੇ ਕਰਨ ਵਾਲੇ ਲੋਕਾਂ ਨੂੰ ਵਸਾਇਆ ਸੀ । ਇਹ ਸ਼ਹਿਰ ਨੂੰ 'ਉਦਯੋਗਿਕ ਨਗਰ' ਬਣਾਉਣ ਵਲ ਪਹਿਲਾ ਕਦਮ ਸੀ । ਆਪ ਜੀ ਨੇ ਗੁਰੂ ਦੀ ਮੰਡੀ, ਜਿਸਨੂੰ ਗੁਰੂ ਦਾ ਬਾਜ਼ਾਰ ਕਿਹਾ ਜਾਂਦਾ ਸੀ, ਵਿੱਚ ਸਿੱਖਾਂ ਨੂੰ ਕਾਰੋਬਾਰ ਖੋਹਲਣ ਦਾ ਹੁਕਮ ਕੀਤਾ ਸੀ ।

ਗੁਰੂ ਅਰਜੁਨ ਦੇਵ ਜੀ ਨੇ ਸਿੱਖਾਂ ਨੂੰ ਘੋੜਿਆਂ ਦਾ ਕਾਰੋਬਾਰ ਕਰਨ ਦੀ ਪ੍ਰੇਰਨਾ ਦਿਤੀ । ਸਿੱਖ ਕਾਬਲ ਤੇ ਤੁਰਕਿਸਤਾਨ ਤੱਕ ਜਾ ਕੇ ਘੋੜਿਆਂ ਦਾ ਵਪਾਰ ਕਰਨ ਲਗੇ, ਜੋ ਕਿ ਬਹਾਦਰੀ ਅਤੇ ਹਿੰਮਤ ਵਾਲਾ ਕੰਮ ਸੀ । ਸਿੱਖ ਵਪਾਰੀ ਆਪਣੇ ਧਰਮ ਦਾ ਵਿਦੇਸ਼ਾਂ ਵਿੱਚ ਪ੍ਰਚਾਰ ਵੀ ਕਰਨ ਲਗ ਪਏ ।

ਗੁਰੂ ਅਰਜੁਨ ਦੇਵ ਜੀ ਨੇ ਸਿੱਖਾਂ ਨੂੰ ਹੁਕਮ ਕੀਤਾ ਕਿ ਹਰੇਕ ਪਰਿਵਾਰ ਆਪਣੀ ਆਮਦਨ ਦਾ ਦਸਵਾਂ ਹਿੱਸਾ ਕੌਮੀ ਖਜ਼ਾਨੇ ਵਿੱਚ ਜਮਾਂ ਕਰਵਾਏ । ਇਸ ਮਾਇਆ ਨੂੰ ਇੱਕਤਰ ਕਰਨ ਲਈ ਭਰੋਸੇਯੋਗ ਮਸੰਦਾਂ ਦੀ ਡੀਊਟੀ ਲਗਾਈ ਗਈ, ਜੋ ਹਰ ਦੀਵਾਲੀ ਤੇ ਵਿਸਾਖੀ ਨੂੰ , ਜਾਂ ਜਦੋਂ ਵੀ ਸੰਭਵ ਹੁੰਦਾ ਗੁਰੂ ਦਰਬਾਰ ਵਿੱਚ ਪੁੱਜ ਕੇ ਮਾਇਆ(ਦਸਵੰਧ) ਜਮਾਂ ਕਰਵਾਉਂਦੇ ਸਨ ਤੇ ਸਾਰਾ ਹਿਸਾਬ ਵੀ ਲਿਖਤੀ ਤੌਰ ਤੇ ਦਿੰਦੇ ਸਨ । ਗੁਰੂ ਜੀ ਨੇ ਨਵੇਂ ਵਸਾਏ ਨਗਰਾਂ, ਤਰਨਤਾਰਨ ਅਤੇ ਕਰਤਾਰਪੁਰ (ਜਲੰਧਰ) ਨੂੰ ਵੀ ਵਪਾਰ ਦੇ ਕੇਂਦਰਾਂ ਵਜੋਂ ਵਿਕਸਿਤ ਕੀਤਾ ।

ਗੁਰੂ ਜੀ ਦੇ ਇਨ੍ਹਾਂ ਯਤਨਾਂ ਸਦਕਾ ਕੌਮੀ ਖਜ਼ਾਨੇ ਵਿੱਚ ਚੰਗੀ ਤਕੜੀ ਮਾਇਆ ਇੱਕਤਰ ਹੋ ਗਈ, ਜਿਸ ਨਾਲ ਨਵੇਂ ਨਗਰ ਵਸਾਏ ਗਏ ਅਤੇ ਕਾਲਪੀੜਤਾਂ ਦੀ ਸਹਾਇਤਾ ਕੀਤੀ ਗਈ ਅਤੇ ਲੋਕ ਭਲਾਈ ਦੇ ਅਨੇਕਾਂ ਕਾਰਜ ਕੀਤੇ ਗਏ ।

### ੪. ਧਰਮ ਪਰਚਾਰ ਲਈ ਯਤਨ :

ਗੁਰੂ ਅਰਜੁਨ ਦੇਵ ਜੀ ਨੇ ਧਰਮ ਪ੍ਰਚਾਰ ਲਈ ਵੀ ਵਿਸ਼ੇਸ਼ ਯਤਨ ਕੀਤੇ । ਉਨ੍ਹਾਂ ਨੇ ਆਪ ਲਗਪਗ ੧੦ ਸਾਲ ਲਗਾਤਾਰ ਮਾਝੇ ਅਤੇ ਦੁਆਬੇ ਦੇ ਪ੍ਰਚਾਰ ਸਫ਼ਰ ਕੀਤੇ । ਜਿਨ੍ਹਾਂ ਵਿੱਚ ਲੋਕਾਂ ਨੂੰ ਵਹਿਮਾਂ, ਭਰਮਾਂ, ਪਖੰਡਾਂ ਵਿਚੋਂ ਕੱਢਿਆ ਤੇ ਗੁਰਮਤਿ ਗਾਡੀ ਰਾਹ ਤੇ ਤੁਰਨ ਦੀ ਪ੍ਰੇਰਨਾ ਦਿਤੀ ।

ਮਸੰਦਾਂ ਨੂੰ ਵੀ ਧਰਮ-ਪ੍ਰਚਾਰ ਦੀ ਡਿਊਟੀ ਨਿਭਾਉਣ ਦਾ ਹੁਕਮ ਦਿਤਾ ਗਿਆ, ਜਿਸ ਨਾਲ ਗੁਰਮਤਿ ਦਾ ਸੰਦੇਸ਼ ਦੇਸ਼ ਦੇ ਕੋਨੇ-ਕੋਨੇ ਵਿਚ ਪਹੁੰਚ ਗਿਆ । ਇਸ ਦਾ ਜ਼ਿਕਰ ਕਰਦਾ ਹੋਇਆ ਮੋਹਸਿਨ ਫ਼ਾਨੀ ਲਿਖਦਾ ਹੈ :

" ਇਨ੍ਹਾਂ ਮਸੰਦਾਂ ਰਾਹੀਂ ਲੋਕੀ ਸਿੱਖ ਬਣ ਗਏ । ਵੱਡੇ ਮਸੰਦਾਂ ਰਾਹੀਂ ਬਹੁਤ ਸਾਰੀ ਦੁਨੀਆਂ ਸਿੱਖ ਬਣੀ । ਫਿਰ ਉਨ੍ਹਾਂ ਮਸੰਦਾਂ ਨੇ ਆਪਣੇ ਹੋਰ ਨਾਇਬ ਹਰ ਜ਼ਿਲੇ ਤੇ ਹਰ ਥਾਂ ਨਿਯੁਕਤ ਕੀਤੇ ਤੇ ਉਨ੍ਹਾਂ ਰਾਹੀਂ ਫਿਰ ਹੋਰ ਲੋਕੀ ਸਿੱਖ ਬਣੇ ।"

### ੫. ਲੋਕ-ਭਲਾਈ ਦੇ ਕੰਮ :

ਧਰਮ ਪ੍ਰਚਾਰਕ ਸਫ਼ਰਾਂ ਦੇ ਦੌਰਾਨ ਗੁਰੂ ਜੀ ਨੇ ਲੋਕਾਂ ਦੀਆਂ ਮੁਸ਼ਕਿਲਾਂ ਅਤੇ ਮੁਸੀਬਤਾਂ ਵਲ ਵੀ ਧਿਆਨ ਦਿਤਾ । ਨਵੇਂ ਬਣਾਏ ਨਗਰਾਂ ਵਿੱਚ ਦਸਤਕਾਰੀ ਤੇ ਵਿਉਪਾਰ

ਦੇ ਵਾਧੇ ਨਾਲ ਲੋਕਾਂ ਨੂੰ ਰੁਜ਼ਗਾਰ ਮੁਹੱਈਆ ਕੀਤਾ । ਔੜ ਸਮੇਂ ਥਾਂ-ਥਾਂ ਖੂਹ ਲਗਵਾਏ; ਭੋਜਨ, ਕਪੜਿਆਂ, ਤੇ ਦਵਾਈਆਂ ਦਾ ਪ੍ਰਬੰਧ ਕੀਤਾ । ਲਾਹੌਰ ਵਿੱਚ ਜਾ ਕੇ ਕਾਲ ਪੀੜਤਾਂ ਦੀ ਸਹਾਇਤਾ ਕੀਤੀ । ਰੋਗੀਆਂ ਹੀ ਹੱਥੀਂ ਸੇਵਾ ਕੀਤੀ । ਮੁਰਦਿਆਂ ਨੂੰ ਚੁੱਕ-ਚੁੱਕ ਕੇ ਸ਼ਹਿਰ ਤੋਂ ਬਾਹਰ ਭਿਜਵਾਇਆ । ਗੁਰੂ ਰਾਮਦਾਸ ਜੀ ਦੇ ਜਨਮ ਅਸਥਾਨ ਦੀ ਇਮਾਰਤ ਅਤੇ ਡੱਬੀ ਬਾਜ਼ਾਰ ਦੀ ਉਸਾਰੀ ਕਰਵਾਕੇ ਬੇਰੁਜ਼ਗਾਰਾਂ ਨੂੰ ਰੁਜ਼ਗਾਰ ਦਿੱਤਾ ।

ਗੁਰੂ ਜੀ ਦੇ ਉਪਰੋਕਤ ਯਤਨਾਂ ਕਰਕੇ ਸਿੱਖੀ ਦੂਰ-ਦੂਰ ਤਕ ਫੈਲ ਗਈ । ਇਸ ਬਾਰੇ ਮੁਹਸਿਨ ਫ਼ਾਨੀ ਆਖਦਾ ਹੈ —

' ਹਰੇਕ ਗੁਰੂ ਵਿਅਕਤੀ ਦੇ ਸਮੇਂ ਸਿੱਖਾਂ ਦੀ ਗਿਣਤੀ ਵਿੱਚ ਵਾਧਾ ਹੋਇਆ ਤੇ ਗੁਰੂ ਅਰਜੁਨ ਮੱਲ ਦੇ ਸਮੇਂ ਸਿਖ ਭਾਰੀ ਗਿਣਤੀ ਵਿਚ ਹੋ ਗਏ । ਕੋਈ ਅਜਿਹਾ ਵੱਡਾ ਸ਼ਹਿਰ ਦੇਸ਼ ਵਿੱਚ ਨਹੀਂ ਸੀ, ਜਿਥੇ ਕੁਝ ਨਾ ਕੁਝ ਸਿੱਖ ਨਾ ਵਸਦੇ ਹੋਣ ।'

ਭਾਈ ਗੁਰਦਾਸ ਜੀ ਨੇ ਵੀ ਆਪਣੀ ੨੪ ਵੀ ਵਾਰ ਵਿੱਚ ਸਿੱਖਾਂ ਦੀ ਵਧ ਰਹੀ ਗਿਣਤੀ ਦਾ ਜ਼ਿਕਰ ਕੀਤਾ ਹੈ :-

**ਚਾਰੇ ਚਕ ਨਿਵਾਇਓਨ, ਸਿਖ ਸੰਗਤ ਆਵੈ ਅਣਗੱਤਾ ।।**
**ਲੰਗਰ ਚਲੈ ਸ਼ਬਦ ਗੁਰ, ਪੂਰੇ ਪੂਰੀ ਬਣੀ ਬਣੱਤਾ ।।**

ਸਿੱਖਾਂ ਦੀ ਗਿਣਤੀ ਵਿੱਚ ਹੋਏ ਵਾਧੇ ਨੂੰ ਤਾਂ ਜਹਾਂਗੀਰ ਵੀ ਮੰਨਦਾ ਹੈ, ਇਹ ਵੱਖਰੀ ਗੱਲ ਹੈ ਕਿ ਇਸ ਵਾਧੇ ਤੋਂ ਉਹ ਪ੍ਰੇਸ਼ਾਨ ਹੈ ਤੇ ਈਰਖਾ ਵੱਸ ਤੁਜ਼ਕਿ-ਜਹਾਂਗੀਰੀ ਵਿੱਚ ਲਿਖਦਾ ਹੈ :

' ਉਸ (ਗੁਰੂ ਅਰਜੁਨ ਦੇਵ) ਦੇ ਤੌਰ ਤ੍ਰੀਕਿਆਂ ਅਤੇ ਸਿਖਿਆਵਾਂ ਨਾਲ ਕਈ ਸਿਧੇ ਸਾਦੇ ਹਿੰਦੂ ਅਤੇ ਮੂਰਖ ਤੇ ਬੇਸਮਝ ਮੁਸਲਮਾਨ ਉਸ ਦੀ ਰਹੁ-ਰੀਤੀ ਦੇ ਜਾਲ ਵਿੱਚ ਫਸ ਚੁਕੇ ਸਨ । ਉਸ ਨੇ ਆਪਣੇ ਪੀਰ ਅਤੇ-ਵਲੀ ਹੋਣ ਦਾ ਉੱਚਾ ਡੰਕਾ ਵਜਾਇਆ ਹੋਇਆ ਸੀ । ਲੋਕ ਉਸਨੂੰ ਗੁਰੂ ਕਹਿੰਦੇ ਸਨ । ਸਭ ਪਾਸਿਆਂ ਤੋਂ ਭੋਲੇ ਭਾਲੇ ਅਤੇ ਅਣਜਾਣ ਲੋਕ ਉਸ ਪਾਸ ਆ ਕੇ ਉਸ ਪ੍ਰਤਿ ਪੂਰਨ ਸ਼ਰਧਾ ਪ੍ਰਗਟ ਕਰਦੇ ਸਨ ।'

ਗੁਰੂ ਅਰਜੁਨ ਦੇਵ ਜੀ ਦੇ ਸਮੇਂ ਹੋਏ ਮਹਾਨ ਕਾਰਜਾਂ ਸਦਕਾ ਸਿੱਖ ਇਕ ਮਜ਼ਬੂਤ ਕੌਮ ਦਾ ਰੂਪ ਧਾਰਨ ਕਰ ਗਏ । ਜਿਸ ਕਾਰਨ ਜਾਤਿ-ਅਭਿਮਾਨੀਆਂ ਅਤੇ ਰਾਜ-ਅਭਿਮਾਨੀਆਂ ਨੂੰ ਬਹੁਤ ਨਿਰਾਸਤਾ ਹੋਈ । ਇਹ ਲੋਕ ਸਿੱਖ ਲਹਿਰ ਨੂੰ ਦਬਾਉਣ ਲਈ ਜਿਤਨੇ ਹੀਲੇ ਕਰ ਰਹੇ ਸਨ, ਸਿੱਖ ਲਹਿਰ ਉੱਨੀ ਹੀ ਮਜ਼ਬੂਤ ਹੋਈ ਜਾ ਰਹੀ ਸੀ । ਜਾਤਿ-ਅਭਿਮਾਨੀ ਬ੍ਰਾਹਮਣਾਂ ਦਾ ਤਾਂ ਕੋਈ ਜ਼ੋਰ ਨਹੀਂ ਸੀ ਚਲਦਾ, ਪਰ ਰਾਜ-ਅਭਿਮਾਨੀ ਹਾਰ ਮੰਨਣ ਵਾਲੇ ਨਹੀਂ ਸਨ । ਉਨ੍ਹਾਂ ਨੇ ਆਪਣੇ ਯਤਨ ਹੋਰ ਤੇਜ਼ ਕਰ ਦਿਤੇ, ਜਿਸ ਦਾ ਸਿੱਟਾ ਗੁਰੂ ਸਾਹਿਬ ਦੀ ਸ਼ਹੀਦੀ ਦੇ ਰੂਪ ਵਿੱਚ ਨਿਕਲਿਆ ।

# ਵਿਰੋਧੀ ਤੇ ਵਿਰੋਧੀਆਂ ਦੀ ਸਾਜ਼ਿਸ਼

ਸ੍ਰੀ ਗੁਰੂ ਅਰਜੁਨ ਦੇਵ ਜੀ ਦੇ ਗੁਰਿਆਈ-ਕਾਲ ਸਮੇਂ ਸਿੱਖ ਲਹਿਰ ਆਪਣੇ ਜੋਬਨ ਤੇ ਆ ਗਈ । ਇਹ ਗੱਲ ਕੱਟੜ ਫਿਰਕਾਪ੍ਰਸਤਾਂ, ਜਿਨ੍ਹਾਂ ਵਿੱਚ ਹਿੰਦੂ ਤੇ ਮੁਸਲਮਾਨ ਦੋਹਾਂ ਹੀ ਫਿਰਕਿਆਂ ਵਿਚੋਂ ਸਨ, ਲਈ ਸਹਾਰਨੀ ਬਹੁਤ ਮੁਸ਼ਕਿਲ ਹੋ ਗਈ । ਗੁਰੂ ਜੀ ਨੂੰ ਫਸਾਉਣ ਲਈ ਇਕ ਚਾਲ ਚਲੀ ਗਈ । ਐਸੀਆਂ ਸਰਗਰਮੀਆਂ ਤੋਂ ਗੁਰੂ ਜੀ ਦੇ ਨਿਜੀ ਦੁਸ਼ਮਣਾ, ਚੰਦੂ ਸ਼ਾਹ ਤੇ ਪ੍ਰਿਥੀ ਚੰਦ ਆਦਿ ਨੇ ਵੀ ਫਾਇਦਾ ਉਠਾਇਆ । ਸਿੱਖੀ ਅਤੇ ਗੁਰੂ-ਘਰ ਦੇ ਇਨ੍ਹਾਂ ਵਿਰੋਧੀਆਂ ਬਾਰੇ ਸੰਖੇਪ ਜਾਣਕਾਰੀ ਹੇਠਾਂ ਦਿਤੀ ਜਾ ਰਹੀ ਹੈ :-

**(ੳ) ਜਾਤਿ-ਅਭਿਮਾਨੀ ਬ੍ਰਾਹਮਣ ਅਤੇ ਬੀਰਬਲ :**

ਜਾਤਿ-ਅਭਿਮਾਨੀ ਬ੍ਰਾਹਮਣ ਤੇ ਉਨ੍ਹਾਂ ਦੇ ਪਿਛਲੱਗ ਗੁਰੂ ਨਾਨਕ ਸਾਹਿਬ ਦੇ ਸਮੇਂ ਤੋਂ ਹੀ ਸਿੱਖੀ ਦੇ ਵਿਰੋਧੀ ਬਣ ਗਏ ਸਨ । ਸਿੱਖੀ ਵਿਰੁਧ ਇਨ੍ਹਾਂ ਦੀਆਂ ਸਰਗਰਮੀਆਂ ਦਾ ਜ਼ਿਕਰ ਪੁਸਤਕ ਦੇ ਪਹਿਲੇ ਅਧਿਆਵਾਂ ਵਿਚ ਆ ਚੁਕਾ ਹੈ ।

**(ਅ) ਨਕਸ਼ਬੰਦੀ ਲਹਿਰ ਦਾ ਆਗੂ ਸ਼ੇਖ ਅਹਿਮਦ ਸਰਹੰਦੀ :**

ਅਕਬਰ ਦੇ ਰਾਜ ਸਮੇਂ ਹਿੰਦੁਸਤਾਨ ਵਿੱਚ ਸੂਫ਼ੀਆਂ ਦੇ ਚੌਦਾਂ ਡੇਰੇ ਅਥਵਾ ਅਖਾੜੇ ਸਨ, ਜਿਹੜੇ ਇਸਲਾਮ ਦੇ ਪ੍ਰਚਾਰ ਵਿੱਚ ਲੱਗੇ ਹੋਏ ਸਨ । ਇਨ੍ਹਾਂ ਨੂੰ 'ਸਿਲਸਿਲਹ' ਕਿਹਾ ਜਾਂਦਾ ਸੀ । ਇਨ੍ਹਾਂ ਵਿਚੋਂ ਬਹੁਤੇ ਤਾਂ ਇਸਲਾਮ ਨੂੰ ਪਿਆਰ ਅਤੇ ਦਲੀਲ ਨਾਲ ਪ੍ਰਚਾਰਨ ਦੇ ਹੱਕ ਵਿੱਚ ਸਨ, ਜਿਵੇਂ ਕਿ ਚਿਸ਼ਤੀ ਅਤੇ ਸੁਹਰਾਵਰਦੀ ਸਿਲਸਿਲਹ । ਇਨ੍ਹਾਂ ਵਿੱਚ ਇੱਕ ਨਕਸ਼ਬੰਦੀ ਨਾਮ ਦਾ ਸਿਲਸਿਲਹ ਸੀ, ਜੋ ਰਾਜਨੀਤਕ ਤਾਕਤ ਦੁਆਰਾ ਧਰਮ ਨੂੰ ਪ੍ਰਚਾਰਨ ਅਤੇ ਗੈਰ-ਮੁਸਲਮਾਨਾਂ ਦਾ ਵਿਨਾਸ਼ ਕਰਨ ਵਿਚ ਯਕੀਨ ਕਰਦਾ ਸੀ । ਇਹ ਤੂਰਾਨ ਵਿੱਚ ਪੈਦਾ ਹੋਇਆ ਸੀ ਅਤੇ ਅਕਬਰ ਦੇ ਅੰਤਲੇ ਦਿਨਾਂ ਵਿੱਚ ਖ਼ਵਾਜਾ ਮੁਹੰਮਦ ਬਾਕੀ ਬਿੱਲਾ ਇਸ ਨੂੰ ਭਾਰਤ ਵਿੱਚ ਲੈ ਕੇ ਆਇਆ ਸੀ । ਉਹ ਪੰਜ-ਛੇ ਸਾਲ ਇਥੇ ਪਰਚਾਰ ਕਰਨ ਮਗਰੋਂ ਸੰਨ ੧੬੦੩ ਵਿੱਚ ਚੜ੍ਹਾਈ ਕਰ ਗਿਆ । ਫਿਰ ਇਹ ਕੰਮ ਸਰਹੰਦ ਵਿੱਚ ਪੈਦਾ ਹੋਏ, ਸ਼ੇਖ ਅਹਿਮਦ ਸਰਹੰਦੀ, ਮੁੱਜਦਦ ਆਲਿਫਥਾਨੀ (੧੫੬੧-੧੬੨੪) ਨੇ ਆਪਣੇ ਹੱਥਾਂ ਵਿੱਚ ਲੈ ਲਿਆ । ਇਸ ਨੇ ਇਸਲਾਮ ਵਿੱਚ ਇਸ ਹੱਦ ਤੱਕ ਕੱਟੜਤਾ ਵਾੜ ਦਿੱਤੀ ਕਿ ਸਿੱਖ ਮੱਤ ਦੇ ਵਾਧੇ ਦੀ ਸਿੱਧੀ ਟੱਕਰ ਇਸਲਾਮ ਅਤੇ ਇਸਦੀ ਰਾਜ ਸ਼ਕਤੀ ਨਾਲ ਆਰੰਭ ਹੋ ਗਈ ।

ਸ਼ੇਖ ਅਹਿਮਦ ਸਰਹੰਦੀ ਸੰਨ ੧੫੯੯ ਵਿੱਚ ਹੱਜ ਤੇ ਜਾਣ ਸਮੇਂ ਦਿੱਲੀ ਵਿੱਚ ਖ਼ਵਾਜਾ ਬਾਕੀਬਿੱਲਾ ਨੂੰ ਮਿਲਿਆ ਸੀ ਤੇ ਉਦੋਂ ਹੀ ਉਸ ਦਾ ਪੱਕਾ ਮੁਰੀਦ ਬਣ ਗਿਆ ਸੀ। ਉਹ ਸਰਹੰਦ ਵਿਖੇ ਇਸਲਾਮ ਦਾ ਪਰਚਾਰ ਕੇਂਦਰ ਬਣਾ ਕੇ 'ਧਰਮ ਪਰਚਾਰ' ਕਰਨ ਲਗ ਪਿਆ । ਉਦੋਂ ਅਕਬਰ ਦੇ ਦਰਬਾਰ ਵਿੱਚ ਸ਼ੇਖ ਫਰੀਦ ਬੁਖਾਰੀ ਇਕ ਪ੍ਰਭਾਵਸ਼ਾਲੀ ਦਰਬਾਰੀ ਦੀ ਸ਼ਕਲ ਅਖਤਿਆਰ ਕਰ ਚੁਕਾ ਸੀ । ਉਹ ਬਾਕੀਬਿੱਲਾ ਦਾ ਸ਼ਰਧਾਲੂ ਸੀ, ਇਸ ਲਈ ਸ਼ੇਖ ਅਹਿਮਦ ਸਰਹੰਦੀ ਦਾ ਵੀ ਸ਼ਰਧਾਲੂ ਬਣ ਗਿਆ । ਇਸ ਦੇ ਰਾਹੀਂ ਸ਼ੇਖ ਅਹਿਮਦ ਸਰਹੰਦੀ ਨੇ ਰਾਜ-ਦਰਬਾਰ ਵਿੱਚ ਆਪਣੇ ਕਈ ਹਮਾਇਤੀ ਬਣਾ ਲਏ । ਇਸ

ਕੰਮ ਵਿੱਚ ਉਸਨੂੰ ਕੋਈ ਮੁਸ਼ਕਿਲ ਪੇਸ਼ ਨਹੀਂ ਆਈ, ਕਿਉਂਕਿ ਰਾਜ-ਦਰਬਾਰ ਵਿੱਚ ਅਨੇਕਾਂ ਕੱਟੜ ਦਰਬਾਰੀ ਅਕਬਰ ਦੀ ਧਰਮ-ਨਿਰਪੱਖਤਾ ਦੀ ਨੀਤੀ ਤੋਂ ਦੁਖੀ ਸਨ । ਸ਼ੇਖ ਦੀ ਇਹ ਕੋਸ਼ਿਸ਼ ਸੀ ਕਿ ਅਕਬਰ ਦੇ ਮਗਰੋਂ ਕੋਈ ਅਜਿਹਾ ਬਾਦਸ਼ਾਹ ਗੱਦੀ ਤੇ ਬੈਠੇ ਜਿਸਦੀ ਸਹਾਇਤਾ ਨਾਲ ਗੈਰ-ਇਸਲਾਮੀ ਤਾਕਤਾਂ ਦਾ ਸਿਰ ਫਿਹ ਦਿੱਤਾ ਜਾਵੇ ਅਤੇ ਹਿੰਦੋਸਤਾਨ ਵਿੱਚ ਇਕ ਸਿਰੇ ਤੋਂ ਦੂਜੇ ਸਿਰੇ ਤੱਕ ਇਸਲਾਮ ਦਾ ਹੀ ਬੋਲਬਾਲਾ ਹੋਵੇ ।

**(ਦ) ਸਖੀ ਸਰਵਰੀਏ :**

ਜਿਵੇਂ ਕਿ ਪਹਿਲਾਂ ਦਸਿਆ ਜਾ ਚੁਕਾ ਹੈ ਕਿ ਗੁਰੂ ਅਰਜੁਨ ਦੇਵ ਜੀ ਦੇ ਪ੍ਰਚਾਰ ਨਾਲ ਸਖੀ ਸਰਵਰੀਆਂ ਨੂੰ ਭਾਰੀ ਠੇਸ ਪੁੱਜੀ ਸੀ । ਸੰਨ ੧੫੯੦ ਵਿੱਚ ਤਰਨਤਾਰਨ ਵਿਖੇ ਸਿੱਖੀ ਦਾ ਕੇਂਦਰ ਸਥਾਪਿਤ ਹੋ ਜਾਣ ਨਾਲ ਤਾਂ ਇਨ੍ਹਾਂ ਦੀਆਂ ਜੜ੍ਹਾਂ ਹੀ ਖੋਖਲੀਆਂ ਹੋ ਗਈਆਂ ਸਨ । ਅਨੇਕਾਂ ਲੋਕ ਸਖੀ ਸਰਵਰ ਦੇ ਮੱਤ ਨੂੰ ਤਿਆਗ ਕੇ ਸਿੱਖ ਸਜ ਗਏ ਸਨ। ਇਸ ਤੋਂ ਵੀ ਪਹਿਲਾਂ ਹੁਸ਼ਿਆਰਪੁਰ ਜ਼ਿਲੇ ਦਾ ਭਾਈ ਮੰਝ ਅਤੇ ਮਾਲਵੇ ਦਾ ਭਾਈ ਬਹਿਲੋ ਸਰਵਰੀਆਂ ਦਾ ਮੱਤ ਤਿਆਗ ਕੇ ਸਿੱਖੀ ਦੇ ਪਰਚਾਰ ਵਿੱਚ ਜੁਟੇ ਹੋਏ ਸਨ ।

ਸਰਵਰੀਏ ਖੁਲ੍ਹ ਕੇ ਤਾਂ ਸਿੱਖੀ ਦਾ ਵਿਰੋਧ ਨਹੀਂ ਸਨ ਕਰ ਸਕਦੇ, ਲੁਕ ਛਿਪ ਕੇ ਹੋਰਨਾਂ ਹਮਾਇਤੀਆਂ ਦੀ ਰਾਹੀਂ ਸਿੱਖੀ ਨੂੰ ਨੁਕਸਾਨ ਪਹੁੰਚਾਉਣ ਦੀ ਤਾੜ ਵਿੱਚ ਰਹਿੰਦੇ ਸਨ । ਇਨ੍ਹਾਂ ਨੇ ਆਪਣੇ ਸ਼ਰਧਾਲੂਆਂ, ਖਾਸ ਕਰਕੇ ਹਿੰਦੂ ਜੱਟਾਂ ਵਿੱਚ ਸਿੱਖੀ ਦੇ ਵਿਰੁਧ ਜ਼ਹਿਰੀਲਾ ਪ੍ਰਚਾਰ ਕਰਨਾ ਆਰੰਭਿਆ ਹੋਇਆ ਸੀ । ਇਨ੍ਹਾਂ ਦੀ ਚੁੱਕਣਾ ਦੇ ਉਤੇ ਹੀ ਇਲਾਕੇ ਦੇ ਹਾਕਮ ਨੂਰਦੀਨ ਦੇ ਪੁੱਤਰ ਅਮੀਰ ਦੀਨ ਨੇ ਗੁਰੂ ਅੰਗਦ ਦੇਵ ਜੀ ਦੀ ਸੰਗਤ ਵਲੋਂ ਪਕਾਏ ਗਏ ਇਟਾਂ ਦੇ ਆਵਿਆਂ ਤੋਂ ਚੋਰੀ ਇਟਾਂ ਚੁੱਕ ਲਈਆਂ ਸਨ ।

ਸੋ ਸਰਵਰੀਏ ਵੀ ਗੁਰੂ ਅਰਜੁਨ ਦੇਵ ਜੀ ਦੇ ਵਿਰੋਧੀਆਂ ਦੇ ਸਹਾਇਕ ਸਨ। ਆਪ ਨਾ ਸਹੀ, ਹੋਰਨਾਂ ਨੂੰ ਪ੍ਰੇਰ ਕੇ ਸਿੱਖੀ ਨੂੰ ਨੁਕਸਾਨ ਪਹੁੰਚਾਉਣ ਲਈ ਤਤਪਰ ਰਹਿੰਦੇ ਸਨ ।

**(ਸ) ਕਾਹਨਾ, ਪੀਲੋ ਆਦਿ ਭਗਤ :**

ਕਾਨ੍ਹਾ, ਛੱਜੂ, ਪੀਲੋ ਅਤੇ ਸ਼ਾਹ ਹੁਸੈਨ, ਇਨ੍ਹਾਂ ਚਾਰ ਭਗਤਾਂ ਦੀ ਬਾਣੀ ਗੁਰੂ ਅਰਜੁਨ ਦੇਵ ਜੀ ਨੇ ਆਦਿ-ਬੀੜ ਵਿਚ ਚਾੜ੍ਹਨੋ ਨਾਂਹ ਕਰ ਦਿਤੀ ਸੀ, ਕਿਉਂਕਿ ਇਹਨਾਂ ਦੀਆਂ ਰਚਨਾਵਾਂ ਘਟੀਆ ਕਿਸਮ ਦੀ ਤੁਕ-ਬੰਦੀ ਤੋਂ ਵੱਧ ਕੁਝ ਵੀ ਨਹੀਂ ਸਨ। ਇਹ ਵੀ ਗੁਰੂ ਜੀ ਨਾਲ ਈਰਖਾ ਕਰਨ ਲਗ ਪਏ ਸਨ । ਕਾਹਨਾ ਤਾਂ ਭਾਵੇ ਵਾਪਸ ਜਾਂਦਿਆ ਹੀ ਰਾਹ ਵਿੱਚ ਚੜ੍ਹਾਈ ਕਰ ਗਿਆ ਸੀ, ਪਰ ਬਾਕੀ ਤਿੰਨੋ ਭਗਤ ਗੁਰੂ ਜੀ ਅਤੇ ਸਿੱਖ-ਮੱਤ ਦੇ ਵਿਰੁਧ ਆਪਣੇ ਸ਼ਰਧਾਲੂਆਂ ਵਿੱਚ ਪਰਚਾਰ ਕਰਨ ਲਗ ਪਏ ਸਨ । ਇਹ ਵੀ ਚਾਹੁੰਦੇ ਸਨ ਕਿ ਕੋਈ ਹੋਰ ਤਾਕਤ ਸਿੱਖੀ ਦਾ ਵਿਰੋਧ ਕਰੇ, ਤੇ ਇਹ ਉਸ ਦੀ ਸਹਾਇਤਾ ਕਰ ਸਕਣ।

**(ਹ) ਚੰਦੂ ਸ਼ਾਹ :**

ਚੰਦੂ ਸ਼ਾਹ ਲਾਹੌਰ ਦਰਬਾਰ ਵਿੱਚ ਕੋਈ ਛੋਟਾ-ਮੋਟਾ ਅਧਿਕਾਰੀ ਸੀ । ਇਸ ਕੋਲ ਕੋਈ ਵਿਸ਼ੇਸ਼ ਅਹਿਮੀਅਤ ਵਾਲਾ ਅਹੁਦਾ ਨਹੀਂ ਸੀ । ਜੇ ਹੁੰਦਾ, ਤਾਂ ਇਸਦਾ ਨਾਮ 'ਤੁਜ਼ਕਿ-ਜਹਾਂਗੀਰੀ' ਵਿਚ ਜ਼ਰੂਰ ਹੁੰਦਾ । ਡਾਕਟਰ ਗੰਡਾ ਸਿੰਘ ਦੇ ਅਨੁਸਾਰ, ਫਾਰਸੀ ਦੀਆਂ ਲਿਖਤਾਂ ਤੇ ਸਰਕਾਰੀ ਰਿਕਾਰਡ ਵਿੱਚ ਚੰਦੂ ਦਾ ਕੋਈ ਜ਼ਿਕਰ ਨਹੀਂ ਹੈ । ਇਸ ਤੋਂ ਪਤਾ

ਚਲਦਾ ਹੈ ਕਿ ਕਨਿੰਘਮ ਦੀ 'ਹਿਸਟਰੀ ਆਫ ਦਿ ਸਿਖਜ਼', ਮੈਕਾਲਿਫ ਦੇ 'ਸਿਖ ਰਿਲਿਜਨ', ਤੇ ਫਾਰੈਸਟਰ ਦੇ 'ਟਰੈਵਲਜ਼' ਵਿੱਚ ਜੋ ਚੰਦੂ ਨੂੰ ਖਜ਼ਾਨਾ ਮੰਤਰੀ ਜਾਂ ਦੀਵਾਨ ਲਿਖਿਆ ਗਿਆ ਹੈ, ਉਹ ਸੁਣੀਆਂ ਗੱਲਾਂ ਦੇ ਆਧਾਰ ਤੇ ਹੀ ਲਿਖਿਆ ਗਿਆ ਹੈ, ਖੋਜ ਪੜਤਾਲ ਕਰਕੇ ਨਹੀਂ । ਚੰਦੂ ਨੂੰ ਕੋਈ ਛੋਟਾ-ਮੋਟਾ ਅਹਿਲਕਾਰ ਹੀ ਮਿਥਿਆ ਜਾ ਸਕਦਾ ਹੈ ।

ਪ੍ਰਿੰਸੀਪਲ ਸਾਹਿਬ ਸਿੰਘ ਜੀ ਦੇ ਅਨੁਸਾਰ ਚੰਦੂ ਗੁਰਦਾਸਪੁਰ ਦੇ ਪਿੰਡ ਰੁਹੇਲੇ ਦਾ ਰਹਿਣ ਵਾਲਾ ਖੱਤਰੀ ਸੀ । ਇਹ ਸਹਜੇ ਸਹਜੇ ਸਰਕਾਰੀ ਮੁਲਾਜ਼ਮਤ ਵਿਚ ਜਾ ਅਪੜਿਆ ਸੀ । ਇਸ ਤਰ੍ਹਾਂ ਹੋਰ ਵੀ ਬਹੁਤ ਸਾਰੇ ਖਤਰੀ ਆਪਣਾ 'ਕਸ਼ੱਤਰੀਪੁਣਾ' ਤਿਆਗ ਕੇ ਮੁਗਲਾਂ ਦੀ ਚਾਕਰੀ ਕਰਨ ਲੱਗ ਪਏ ਸਨ । ਇਸ ਤਰ੍ਹਾਂ ਦੇ ਬੰਦਿਆ ਬਾਰੇ ਹੀ ਤਾਂ ਗੁਰੂ ਨਾਨਕ ਦੇਵ ਜੀ ਨੇ ਫੁਰਮਾਇਆ ਸੀ :

**ਖਤ੍ਰੀਆ ਤ ਧਰਮੁ ਛੋਡਿਆ, ਮਲੇਛ ਭਾਖਿਆ ਗਹੀ ।**
**ਸ੍ਰਿਸਟਿ ਸਭ ਇਕ ਵਰਨ ਹੋਈ, ਧਰਮ ਕੀ ਗਤਿ ਰਹੀ ।**

(ਧਨਾਸਰੀ,ਮ: ੧, ਪੰਨਾ-੬੬੩)

ਅਤੇ

**ਗਊ ਬਿਰਾਹਮਣ ਕਉ ਕਰੁ ਲਾਵਹੁ, ਗੋਬਰਿ ਤਰਣੁ ਨ ਜਾਈ ।**
**ਧੋਤੀ ਟਿਕਾ ਤੈ ਜਪਮਾਲੀ, ਧਾਨੁ ਮਲੇਛਾਂ ਖਾਈ ।।**
**ਅੰਤਰਿ ਪੂਜਾ ਪੜਹਿ ਕਤੇਬਾ, ਸੰਜਮੁ ਤੁਰਕਾ ਭਾਈ ।।**

(ਆਸਾ ਕੀ ਵਾਰ, ਸਲੋਕ,ਮ: ੧, ਪੰਨਾ-੪੭੧)

ਪਹਿਲੇ ਸਮਿਆਂ ਵਿੱਚ ਹਿੰਦੂਆਂ ਦੀਆਂ ਧੀਆਂ ਦਾ ਸਾਕ (ਰਿਸ਼ਤਾ) ਨਾਈਆਂ ਜਾਂ ਲਾਗੀਆਂ ਰਾਹੀਂ ਹੀ ਕੀਤਾ ਜਾਂਦਾ ਸੀ । ਲਾਗੀ ਲੜਕਾ ਦੇਖ ਆਉਂਦੇ ਤੇ ਲੜਕੀ ਦੇ ਮਾਪਿਆਂ ਨਾਲ ਸਲਾਹ ਕਰਕੇ ਰਿਸ਼ਤਾ ਪੱਕਾ ਕਰ ਆਉਂਦੇ ਸਨ । ਚੰਦੂ ਨੇ ਭੀ ਆਪਣੀ ਧੀ, ਸਦਾ ਕੌਰ ਦਾ ਸਾਕ ਲੱਭਣ ਲਈ ਲਾਗੀ ਭੇਜੇ, ਜੋ ਅੰਮ੍ਰਿਤਸਰ ਆਏ ਤੇ ਗੁਰੂ ਅਰਜੁਨ ਦੇਵ ਜੀ ਦੇ ਸਾਹਿਬਜ਼ਾਦੇ (ਗੁਰੂ) ਹਰਗੋਬਿੰਦ ਸਾਹਿਬ ਨੂੰ ਯੋਗ ਵਰ ਜਾਣ ਕੇ ਪਸੰਦ ਗਏ। ਚੰਦੂ ਅੰਦਰੋਂ ਤਾਂ ਇਸ ਰਿਸ਼ਤੇ ਤੋਂ ਖੁਸ਼ ਸੀ, ਪਰ ਆਕੜ ਵਿਖਾਉਣ ਦੀ ਖਾਤਰ ਲਾਗੀਆਂ ਨੂੰ ਆਖਣ ਲੱਗਾ, 'ਇਹ ਤੁਸੀਂ ਚੰਗਾ ਨਹੀਂ ਕੀਤਾ । ਚੁਬਾਰੇ ਦੀ ਇਟੱ ਮੋਰੀ ਨੂੰ ਲਾ ਆਏ ਹੋ ।' ਜਦੋਂ ਸਿੱਖ ਸੰਗਤਾਂ ਨੂੰ ਇਸ ਗਲ ਦਾ ਪਤਾ ਲੱਗਾ ਕਿ ਹੰਕਾਰੀ ਚੰਦੂ ਨੇ ਆਪਣੇ ਆਪ ਨੂੰ ਚੁਬਾਰਾ ਅਤੇ ਗੁਰੂ ਨਾਨਕ ਦੇ ਘਰ ਨੂੰ ਮੋਰੀ ਆਖਿਆ ਹੈ, ਤਾਂ ਉਨ੍ਹਾਂ ਨੇ ਬਹੁਤ ਬੁਰਾ ਮਨਾਇਆ ਅਤੇ ਗੁਰੂ ਜੀ ਨੂੰ ਬੇਨਤੀ ਲਿਖ ਭੇਜੀ ਕਿ ਚੰਦੂ ਦੀ ਲੜਕੀ ਦਾ ਰਿਸ਼ਤਾ ਪ੍ਰਵਾਨ ਨਹੀਂ ਕਰਨਾ । ਗੁਰੂ ਸਾਹਿਬ ਨੇ ਇਵੇਂ ਹੀ ਕੀਤਾ । ਹੰਕਾਰੀ ਚੰਦੂ ਦੇ ਮਨ ਉਤੇ ਇਹ ਇਕ ਬਹੁਤ ਵੱਡੀ ਸਟੱ ਸੀ ਪਰ ਉਹ ਆਪ ਤਾਂ ਕੁਝ ਕਰ ਨਹੀਂ ਸੀ ਸਕਦਾ । ਹਾਂ, ਉਸਨੇ ਰਾਜ-ਦਰਬਾਰੀਆਂ ਤੇ ਅਮੀਰਾਂ ਵਜ਼ੀਰਾਂ ਤੱਕ ਗੁਰੂ ਜੀ ਵਿਰੁਧ ਚੁਗਲੀਆਂ ਕੀਤੀਆਂ ਤੇ ਮਨ ਘੜਤ ਕਹਾਣੀਆਂ ਸੁਣਾ ਕੇ ਉਨ੍ਹਾਂ ਨੂੰ ਗੁਰੂ ਜੀ ਵਿਰੁਧ ਭੜਕਾਉਣ ਦਾ ਯਤਨ ਕੀਤਾ। ਉਸਨੇ ਗੁਰੂ-ਘਰ ਦੇ ਵਿਰੋਧੀਆਂ ਨਾਲ ਸਾਂਝ ਪੈਦਾ ਕੀਤੀ ਅਤੇ ਉਸ ਦਿਨ ਦੀ ਉਡੀਕ ਕਰਨ ਲੱਗਾ ਜਦੋਂ ਗੁਰੂ ਜੀ ਤੋਂ ਬਦਲਾ ਲਿਆ ਜਾ ਸਕੇ ।

**ਸ਼ਹਜ਼ਾਦਾ ਸਲੀਮ (ਜਹਾਂਗੀਰ) ਦੇ ਰਾਜ-ਪ੍ਰਾਪਤੀ ਲਈ ਯਤਨ :**

ਜਿਉਂ ਜਿਉਂ ਅਕਬਰ ਦੇ ਅੰਤਲੇ ਦਿਨ ਨਜ਼ਦੀਕ ਆ ਰਹੇ ਸਨ, ਉਸਦੇ ਮਨ ਵਿੱਚ ਆਪਣੇ ਉਤਰਾਧਿਕਾਰੀ ਬਾਰੇ ਚਿੰਤਾ ਵਧਦੀ ਜਾ ਰਹੀ ਸੀ ਕਿਉਂਕਿ ਉਸ ਦਾ ਆਪਣਾ ਪੁੱਤਰ ਸਲੀਮ (ਜਹਾਂਗੀਰ) ਰਾਜ-ਗੱਦੀ ਦੇ ਲਾਇਕ ਨਹੀਂ ਸੀ । ਉਹ ਪਰਲੇ ਦਰਜ਼ੇ ਦਾ ਸ਼ਰਾਬੀ ਤੇ ਅੱਯਾਸ਼ ਬੰਦਾ ਸੀ । ਅਕਬਰ ਆਪਣੇ ਪੋਤਰੇ ਖੁਸਰੋ ਨੂੰ ਰਾਜ-ਗੱਦੀ ਦੇਣ ਬਾਰੇ ਸੋਚ ਰਿਹਾ ਸੀ । ਇਹ ਗੱਲ ਕੁਝ ਦਰਬਾਰੀਆਂ ਤੱਕ ਵੀ ਪੁੱਜ ਗਈ ਸੀ । ਆਪਣੇ ਪਿਓ ਦੇ ਵਿਚਾਰਾਂ ਦੀ ਭਿਣਕ ਪੈਣ ਤੇ ਸਲੀਮ ਨੇ ਰਾਜਗੱਦੀ ਪ੍ਰਾਪਤ ਕਰਨ ਲਈ ਕੋਈ ਅਮਲੀ ਕਦਮ ਪੁਟਣ ਦਾ ਫੈਸਲਾ ਕੀਤਾ । ਉਸਨੇ ਸੰਨ ੧੬੦੧ ਵਿੱਚ ਬਗਾਵਤ ਵੀ ਕਰ ਦਿਤੀ, ਪਰ ਮੂੰਹ ਦੀ ਖਾਣੀ ਪਈ । ਲਾਚਾਰੀ ਵਿਚ ਇਹੋ ਹੀ ਰਸਤਾ ਸੀ ਕਿ ਮਿੱਠਾ ਬਣਕੇ ਰਾਜ ਗੱਦੀ ਪ੍ਰਾਪਤ ਕੀਤੀ ਜਾਵੇ । ਸੰ. ੧੬੦੪ ਵਿੱਚ ਉਸਨੇ ਅਕਬਰ ਨਾਲ ਓਪਰੀ ਓਪਰੀ ਸੁਲਾਹ ਵੀ ਕਰ ਲਈ । ਕੁਝ ਇਤਿਹਾਸਕਾਰਾਂ ਦਾ ਖਿਆਲ ਹੈ ਕਿ ਤਖਤ ਦੀ ਖਾਤਰ ਸਲੀਮ ਨੇ ਅਕਬਰ ਨੂੰ ਜ਼ਹਿਰ ਵੀ ਦਿਤਾ ਸੀ, ਜਿਸ ਨਾਲ ਅਕਬਰ ਨੂੰ ਕੁਝ ਦਿਨ ਸੂਲ ਪਿਆ ਰਿਹਾ, ਪਰ ਉਹ ਬਚ ਗਿਆ।

ਸਲੀਮ ਦਾ ਇਕੋ ਇਕ ਨਿਸ਼ਾਨਾ ਸੀ ਰਾਜ ਪ੍ਰਾਪਤ ਕਰਨਾ । ਇਸ ਲਈ ਉਸਨੇ ਹਰੇਕ ਐਸੇ ਇਨਸਾਨ ਜਾ ਸੰਸਥਾ ਦੀ ਹਮਾਇਤ ਪ੍ਰਾਪਤ ਕਰਨ ਦੀ ਪੂਰੀ ਪੂਰੀ ਕੋਸ਼ਿਸ਼ ਕੀਤੀ, ਜੋ ਉਸਨੂੰ ਰਾਜ ਪ੍ਰਾਪਤੀ ਵਿੱਚ ਸਹਾਇਤਾ ਕਰੇ ।

ਉਧਰ ਸ਼ੇਖ ਅਹਿਮਦ ਸਰਹੰਦੀ ਦਾ ਪੂਰਾ ਯਤਨ ਸੀ ਕਿ ਖੁਸਰੋ ਬਾਦਸ਼ਾਹ ਨਾ ਬਣੇ, ਕਿਉਂਕਿ ਉਹ ਆਪਣੇ ਦਾਦੇ ਅਕਬਰ ਦੀ ਨੀਤੀ ਤੇ ਚਲਣ ਵਾਲਾ ਸੀ । ਸ਼ੇਖ ਨੇ ਫ਼ਰੀਦ ਬੁਖਾਰੀ ਰਾਹੀਂ ਸਲੀਮ ਨਾਲ ਸੰਪਰਕ ਪੈਦਾ ਕੀਤਾ । ਉਸਨੇ ਸਲੀਮ ਨੂੰ ਕਿਹਾ ਕਿ ਉਹ ਤੇ ਉਸ ਦੀ ਸੰਸਥਾ ਤੇ ਰਾਜ-ਦਰਬਾਰ ਵਿਚ ਉਸਦੇ ਮਿੱਤਰ ਤਖਤ ਹਾਸਲ ਕਰਨ ਵਿਚ ਉਸਦੀ ਪੂਰੀ ਪੂਰੀ ਮਦਦ ਕਰਨਗੇ, ਪਰ ਇਕ ਸ਼ਰਤ ਹੋਵੇਗੀ ਕਿ ਤਖਤ ਉਤੇ ਬੈਠ ਕੇ ਉਹ ਆਪਣੇ ਪਿਤਾ ਦੀ ਧਰਮ-ਨਿਰਪਖਤਾ ਦੀ ਨੀਤੀ ਇਕ ਦਮ ਤਿਆਗ ਦੇਵੇਗਾ, ਤੇ ਇਸਲਾਮ ਦੀ ਰਾਖੀ ਤੇ ਵਾਧੇ ਲਈ ਰਾਜ-ਸ਼ਕਤੀ ਦੇ ਹਰ ਸਾਧਨ ਨੂੰ ਵਰਤੇਗਾ ਤੇ ਇਸਲਾਮ ਵਿਰੋਧੀ ਸਭ ਲੋਕਾਂ ਨੂੰ ਕੁਚਲਣ ਤੇ ਖਤਮ ਕਰਨ ਵਿੱਚ ਕੋਈ ਕਸਰ ਬਾਕੀ ਨਹੀਂ ਛਡੇਗਾ। ਸ਼ਹਿਜ਼ਾਦਾ ਸਲੀਮ ਨੇ ਇਹ ਸ਼ਰਤ ਮੰਨ ਕੇ ਸ਼ੇਖ ਅਹਿਮਦ ਸਰਹੰਦੀ ਨਾਲ ਸਮਝੌਤਾ ਕਰ ਲਿਆ । ਪਰ ਇਸ ਨਾਲ ਉਹ ਚੁਪ ਕਰਕੇ ਨਹੀਂ ਬੈਠ ਗਿਆ । ਉਸਨੇ ਈਸਾਈ ਪਾਦਰੀਆਂ ਨਾਲ ਵੀ ਸੰਪਰਕ ਪੈਦਾ ਕੀਤਾ ਜੋ ਉਦੋਂ (ਸੰਨ ੧੬੦੩) ਵਿੱਚ ਗੋਆ ਤੋਂ ਆਏ ਸਨ ਤੇ ਅਕਬਰ ਕੋਲੋਂ ਹਿੰਦੋਸਤਾਨ ਵਿੱਚ ਵਪਾਰ ਕਰਨ ਦੀ ਇਜ਼ਾਜ਼ਤ ਮੰਗ ਰਹੇ ਸਨ । ਇਹ ਇੰਗਲੈਂਡ ਦੀ ਮਲਿਕਾ ਅਲਿਜ਼ਬੈਥ ਦੇ ਕਹਿਣ ਤੇ ਆਏ ਸਨ । ਇਨ੍ਹਾਂ ਤੋਂ ਚਾਰ-ਪੰਜ ਸਾਲ ਪਹਿਲਾਂ ਪੁਰਤਗਾਲ ਤੋਂ ਵੀ ਈਸਾਈ ਪਾਦਰੀ ਲਾਹੌਰ ਪੁਜੇ ਸਨ ਅਤੇ ਉਨ੍ਹਾਂ ਨੇ ਕਾਲਪੀੜਤਾਂ ਦੀ ਸਹਾਇਤਾ ਕੀਤੀ ਸੀ ।

ਸ਼ਾਹਜ਼ਾਦਾ ਸਲੀਮ ਨੇ ਗੋਆ ਦੇ ਪਾਦਰੀਆਂ ਨਾਲ ਕਈ ਸੱਚੇ ਝੂਠੇ ਇਕਰਾਰ ਕਰਕੇ ਉਨ੍ਹਾਂ ਨੂੰ ਆਪਣੇ ਵਲ ਕਰ ਲਿਆ । ਉਨ੍ਹਾਂ ਨੂੰ ਆਖਿਆ ਕਿ ਮੈਨੂੰ ਈਸਾਈ ਧਰਮ ਬਹੁਤ ਪਿਆਰਾ ਲਗਦਾ ਹੈ । ਅਕਬਰ ਨੂੰ ਕਹਿ ਕੇ ਉਨ੍ਹਾਂ ਨੂੰ ਵਪਾਰ ਕਰਨ ਦੀ ਇਜ਼ਾਜ਼ਤ ਵੀ

ਲੈ ਦਿਤੀ । ਇਹ ਈਸਾਈ ਪਾਦਰੀ ਇੰਨੇ ਪ੍ਰਭਾਵਿਤ ਹੋਏ ਕਿ ਇਹ ਯਕੀਨ ਕਰਨ ਲਗ ਪਏ ਸਨ ਕਿ ਸ਼ਾਹਜ਼ਾਦਾ ਸਲੀਮ ਰਾਜਾ ਬਣਨ ਮਗਰੋਂ ਈਸਾਈ ਧਰਮ ਅਪਣਾਅ ਲਵੇਗਾ।

੧੭ ਅਕਤੂਬਰ, ਸੰਨ ੧੬੦੫ ਨੂੰ ਅਕਬਰ ਦੀ ਆਗਰੇ ਵਿੱਚ ਮੌਤ ਹੋ ਗਈ ਤੇ ਉਸ ਦੀ ਥਾਂ ਸਲੀਮ ਤਖਤ ਤੇ ਬੈਠਾ, ਜੋ ਜਹਾਂਗੀਰ ਦੇ ਨਾਮ ਨਾਲ ਪ੍ਰਸਿੱਧ ਹੋਇਆ । ਜਿਨ੍ਹਾਂ ਨਾਲ ਉਸਨੇ ਕੌਲ-ਇਕਰਾਰ ਕੀਤੇ ਸਨ, ਉਹ ਤਖਤ ਪ੍ਰਾਪਤੀ ਵਿਚ ਉਸਦੇ ਸਹਾਈ ਹੋਏ।

ਜਹਾਂਗੀਰ ਦੇ ਤਖਤ ਤੇ ਬੈਠਣ ਸਮੇਂ ਉਸ ਦੇ ਪੁੱਤਰ ਖੁਸਰੋ ਨੂੰ ਆਗਰੇ ਵਿਚ ਨਜ਼ਰਬੰਦ ਜਿਹਾ ਕਰ ਦਿਤਾ ਗਿਆ ਸੀ । ਉਹ ਸਭ ਕੁਝ ਸਮਝਦਾ ਸੀ ਤੇ ਉਸਨੇ ਬਗਾਵਤ ਕਰ ਦਿਤੀ । ਉਹ ੬ ਅਪ੍ਰੈਲ ਸੰਨ ੧੬੦੬ ਨੂੰ ਮੌਕਾ ਪਾ ਕੇ ਪੰਜਾਬ ਵੱਲ ਭਜ ਪਿਆ । ਸਾਢੇ ਤਿੰਨ ਸੌ ਅਸਵਾਰ ਉਸਦੇ ਨਾਲ ਸਨ । ਮਥੁਰਾ ਵਿਚੋਂ ਉਸਨੂੰ ਹੋਰ ਸਾਥੀ ਮਿਲ ਗਏ ਤੇ ਦਿਲੀ ਪੁੱਜਣ ਤਕ ਉਸ ਨਾਲ ਬਾਰਾਂ ਹਜ਼ਾਰ ਸਿਪਾਹੀ ਹੋ ਗਏ ਸਨ । ਉਹ ਪੰਜਾਬ ਦੀ ਰਾਜਧਾਨੀ ਉਤੇ ਕਬਜ਼ਾ ਕਰਨ ਲਈ ਲਾਹੌਰ ਪੁੱਜਾ, ਪਰ ਉਸ ਦੀ ਬਦਕਿਸਮਤੀ ਨੂੰ ਉਸਦੇ ਪੁੱਜਣ ਤੋਂ ਦੋ ਦਿਨ ਪਹਿਲਾਂ ਹੀ ਲਾਹੌਰ ਦੇ ਕਿਲ੍ਹੇ ਉਤੇ ਜਹਾਂਗੀਰ ਦੇ ਇਕ ਵਫ਼ਾਦਾਰ ਸਿਪਾਹੀ ਨੇ ਕਬਜ਼ਾ ਕਰ ਲਿਆ ਸੀ । ਖੁਸਰੋ ਨੇ ਨੌਂ ਦਿਨ ਘੇਰਾ ਪਾਈ ਰਖਿਆ, ਪਰ ਕੁਝ ਨਾ ਬਣਿਆ । ਉਧਰੋਂ ਮੁਰਤਜ਼ਾ ਖਾਨ ਵੀ ਫ਼ੌਜ ਲੈ ਕੇ ਆ ਪੁੱਜਾ ਉਸਦੇ ਪਿਛੇ ਪਿਛੇ ਜਹਾਂਗੀਰ ਆਪ ਆ ਰਿਹਾ ਸੀ । ਖੁਸਰੋ ਉਥੋਂ ਭੱਜ ਨਿਕਲਿਆ ਪਰ ਦਰਿਆ ਝਨਾਂ ਉਤੇ ਸੋਧਰੇ ਦੇ ਪਾਸ ਕੁਝ ਸਾਥੀਆਂ ਸਮੇਤ ੨੭ ਅਪ੍ਰੈਲ ੧੬੦੬ ਨੂੰ ਫੜਿਆ ਗਿਆ ਅਤੇ ੧ ਮਈ ੧੬੦੬ ਨੂੰ ਕੈਦੀ ਦੀ ਹਾਲਤ ਵਿੱਚ ਲਾਹੌਰ ਲਿਆਂਦਾ ਗਿਆ ।

ਖੁਸਰੋ ਦੀ ਬਗਾਵਤ ਕਾਰਨ ਜਹਾਂਗੀਰ ਦੇ ਮਨ ਵਿੱਚ ਗੁਸੇ ਦਾ ਭਾਂਬੜ ਮਚ ਪਿਆ। ਉਹ ਬੜੀ ਤੇਜ਼ੀ ਨਾਲ ਪੰਜਾਬ ਵਲ ਆ ਰਿਹਾ ਸੀ । ਕਰਨਾਲ ਪੁੱਜਣ ਤੇ ਉਸ ਨੂੰ ਖੁਸਰੋ ਦਾ ਹਿਮਾਇਤੀ ਥਾਨੇਸਰ ਦਾ ਸ਼ੇਖ ਨਿਜ਼ਾਮ ਮਿਲਿਆ, ਜਿਸਨੇ ਖੁਸਰੋ ਦੀ ਭਲਾਈ ਲਈ ਅਰਦਾਸ ਕੀਤੀ ਸੀ । ਜਹਾਂਗੀਰ ਨੂੰ ਗੁੱਸਾ ਤਾਂ ਬਹੁਤ ਸੀ, ਪਰ ਉਸਨੇ ਸ਼ੇਖ ਨੂੰ ਕੋਈ ਸਰੀਰਕ ਦੰਡ ਨਾ ਦਿਤਾ, ਪਰ ਸਰਕਾਰੀ ਖਰਚੇ ਤੇ ਮੱਕੇ ਭੇਜ ਦਿਤਾ ।

ਜਹਾਂਗੀਰ ਨੇ ੨੬ ਅਪ੍ਰੈਲ ੧੬੦੬ ਨੂੰ ਗੋਇੰਦਵਾਲ ਦੇ ਪੱਤਣ ਤੋਂ ਬਿਆਸਾ ਪਾਰ ਕੀਤਾ ਤੇ ੨੮ ਅਪ੍ਰੈਲ ਨੂੰ ਉਹ ਲਾਹੌਰ ਪੁੱਜ ਗਿਆ । ਉਸਨੇ ਖੁਸਰੋ ਦੇ ਹਿਮਾਇਤੀਆਂ ਨੂੰ ਸਖਤ ਤਸੀਹੇ ਦਿਤੇ । ਖੁਸਰੋ ਦੇ ਸਾਥੀਆਂ ਹੁਸੈਨ ਬੇਗ ਅਤੇ ਅਬਦੁਲ ਰਹਿਮਾਨ ਨੂੰ ਖੋਤੇ ਅਤੇ ਗਾਂ ਦੇ ਕਚੇ ਚਮੜੇ ਵਿੱਚ ਮੜ੍ਹ ਕੇ ਖਤਮ ਕੀਤਾ ਗਿਆ । ਕਈ ਹਿਮਾਇਤੀਆਂ ਨੂੰ ਤਸੀਹੇ ਦੇ ਕੇ, ਮਾਰ ਕੇ, ਸ਼ਹਿਰ ਦੇ ਮੁਖੀ ਦਰਵਾਜ਼ਿਆਂ ਦੇ ਸਾਹਮਣੇ ਸੂਲੀਆਂ ਉਤੇ ਟੰਗਵਾ ਦਿਤਾ । ਖੁਸਰੋ ਦੀ ਬਗਾਵਤ ਤੋਂ ਲਾਭ ਉਠਾਉਂਦਿਆਂ ਲਾਹੌਰ ਦੇ ਰਾਜੂ ਅਤੇ ਅੰਬਾ ਨੇ ਸ਼ਹਿਰ ਵਿੱਚ ਬਹੁਤ ਲੁੱਟ ਮਾਰ ਮਚਾਈ ਸੀ । ਇਸ ਮੌਕੇ ਰਾਜੂ ਲਈ ਫਾਂਸੀ ਦਾ ਹੁਕਮ ਦਿਤਾ ਗਿਆ ਅਤੇ ਅੰਬਾ ਨੂੰ ਇੱਕ ਲੱਖ ਪੰਦਰਾਂ ਹਜ਼ਾਰ ਰੁਪਏ ਜੁਰਮਾਨਾ ਕੀਤਾ ਗਿਆ ।

ਜਿਨ੍ਹਾਂ ਸਰਦਾਰਾਂ ਤੇ ਚੌਧਰੀਆਂ ਨੇ ਜਹਾਂਗੀਰ ਦਾ ਸਾਥ ਦਿਤਾ ਸੀ ਉਨ੍ਹਾਂ ਨੂੰ ਵਿਸ਼ੇਸ਼ ਇਨਾਮ ਦਿਤੇ ਗਏ । ਸ਼ੇਖ ਅਹਿਮਦ ਸਰਹੰਦੀ ਦੇ ਵਿਸ਼ਵਾਸ ਪਾਤਰ ਸ਼ੇਖ ਫ਼ਰੀਦ ਬੁਖਾਰੀ ਨੇ ਲਾਹੌਰ ਦਾ ਕਿਲ੍ਹਾ ਖੁਸਰੋ ਦੇ ਹਵਾਲੇ ਨਹੀਂ ਸੀ ਕੀਤਾ, ਉਸ ਨੂੰ ਮੁਰਤਜ਼ਾ ਖਾਂ ਦਾ ਖਿਤਾਬ ਦਿਤਾ ਗਿਆ ।

**ਵਿਰੋਧੀਆਂ ਦੀ ਸਾਜਿਸ਼ :**

ਸ਼ੇਖ ਅਹਿਮਦ ਸਰਹੰਦੀ ਕਿੰਨਾ ਮੁਤੱਅਸਬੀ ਸੀ ਤੇ ਗੈਰ-ਇਸਲਾਮੀ ਲੋਕਾਂ ਪ੍ਰਤਿ ਕਿੰਨੀ ਮੰਦ-ਭਾਵਨਾ ਰੱਖਦਾ ਸੀ, ਇਹ ਗਲ ਉਸਦੀਆਂ ਚਿਠੀਆਂ ਤੋਂ ਸਪੱਸ਼ਟ ਹੋ ਜਾਂਦੀ ਹੈ। ਉਸਦੀਆਂ ਚਿਠੀਆਂ ਦੇ ਸੰਗ੍ਰਹਿ ਨੂੰ 'ਮਕਤੂਬਾਤਿ-ਇਮਾਮਿ ਰੱਬਾਨੀ' ਨਾਮ ਥਲੇ ਪ੍ਰਕਾਸ਼ਿਤ ਕੀਤਾ ਗਿਆ ਹੈ । ਉਹ ਆਪਣੀ ਇੱਕ ਚਿੱਠੀ ਵਿੱਚ ਲਿਖਦਾ ਹੈ: 'ਇਸਲਾਮ ਦੀ ਸ਼ੋਭਾ ਅਤੇ ਇੱਜ਼ਤ ਇਸੇ ਵਿੱਚ ਹੈ ਕਿ ਕਾਫ਼ਰਾਂ ਨੂੰ ਖੁਆਰ ਕੀਤਾ ਜਾਵੇ । ਜੋ ਵੀ ਕੁਫ਼ਰ ਨਾਲ ਭਰੱਪਣ ਦੀ ਭਾਵਨਾ ਰੱਖਦਾ ਹੈ, ਉਹ ਇਸਲਾਮ ਦੇ ਵਾਧੇ ਵਿੱਚ ਵਿਘਨ ਪਾਉਂਦਾ ਹੈ । ਕਾਫ਼ਰਾਂ ਨਾਲ ਪਿਆਰ ਕਰਨ ਜਾਂ ਭਰੱਪਣ ਦੀ ਭਾਵਨਾ ਰੱਖਣ ਦੀ ਮੁਰਾਦ ਕੇਵਲ ਇਨ੍ਹਾਂ ਦੇ ਸਤਿਕਾਰ ਕਰਨ ਅਥਵਾ ਇੱਜ਼ਤ ਦੇਣ ਤੋਂ ਹੀ ਨਹੀਂ ਹੈ, ਸਗੋਂ ਕਾਫ਼ਰਾਂ ਨੂੰ ਆਪਣੀ ਸਭਾ ਸੁਸਾਇਟੀ ਵਿੱਚ ਸ਼ਾਮਿਲ ਕਰਨਾ, ਆਪਣੇ ਨਾਲ ਬਿਠਾਉਣਾ ਅਤੇ ਇਨ੍ਹਾਂ ਨਾਲ ਗਲਬਾਤ ਕਰਨਾ ਵੀ, ਇੱਕ ਤਰ੍ਹਾਂ ਇਨ੍ਹਾਂ ਦੀ ਇੱਜ਼ਤ ਕਰਨ ਤੁੱਲ ਹੈ, ਜੋ ਨਹੀਂ ਹੋਣੀ ਚਾਹੀਦੀ । ਸੱਚ ਤਾਂ ਇਹ ਹੈ ਕਿ ਇਨ੍ਹਾਂ ਹਿੰਦੂਆਂ ਨੂੰ ਕੁੱਤਿਆਂ ਦੀ ਤਰ੍ਹਾਂ ਦੂਰੇ ਦੂਰੇ ਕਰਨੀ ਚਾਹੀਦੀ ਹੈ ।'

ਇਕ ਹੋਰ ਚਿਠੀ ਵਿਚ ਅੰਕਿਤ ਹੈ, 'ਹਿੰਦੋਸਤਾਨ ਵਿੱਚ ਗਊ-ਹੱਤਿਆ ਨਾਲੋਂ ਹੋਰ ਕੋਈ ਉਚੇਰਾ ਇਸਲਾਮੀ ਫ਼ਰਜ਼, ਸੇਵਾ ਤੇ ਪੁੰਨ ਦਾ ਕੰਮ ਨਹੀਂ, ਕਿਉਂਕਿ ਇਸ ਹਰਕਤ ਨਾਲ ਹਿੰਦੂਆਂ ਨੂੰ ਜ਼ਲੀਲ ਤੇ ਉਤਸ਼ਾਹ ਹੀਣ ਬਣਾਇਆ ਜਾ ਸਕਦਾ ਹੈ ।'

ਸ਼ੇਖ ਫ਼ਰੀਦ ਬੁਖਾਰੀ ਨੂੰ ਕਾਂਗੜੇ ਉਤੇ ਹਮਲਾ ਕਰਨ ਦੀ ਤਿਆਰੀ ਸਮੇਂ ਇੱਕ ਪੱਤਰ ਸ਼ੇਖ ਅਹਿਮਦ ਸਰਹੰਦੀ ਨੇ ਲਿਖਿਆ, ਜਿਸ ਵਿੱਚ ਉਸਨੇ ਆਪਣੀ ਮੁਤੱਅਸਬੀ ਨੀਤੀ ਦਾ ਪ੍ਰਗਟਾਵਾ ਕੀਤਾ ਹੈ । ਉਹ ਲਿਖਦਾ ਹੈ, 'ਕਾਂਗੜੇ ਦੇ ਮੰਦਰਾਂ ਦੀਆਂ ਮੂਰਤੀਆਂ, ਜੋ ਬਿਨਾ ਮਤਲਬ ਖੁਦਾ ਬਣੀਆਂ ਪਈਆਂ ਹਨ, ਦੀ ਵੱਧ ਤੋਂ ਵੱਧ ਨਿਰਾਦਰੀ ਅਤੇ ਭਰਿਸ਼ਟਤਾ ਕਰਨੀ ਚਾਹੀਦੀ ਹੈ । ਇਨ੍ਹਾਂ ਝੂਠੇ ਖੁਦਾਵਾਂ ਨੂੰ ਮੰਨਣ ਵਾਲੇ ਹਿੰਦੂਆਂ ਨੂੰ ਪੂਰੀ ਤਰ੍ਹਾਂ ਬਰਬਾਦ ਕਰਨਾ ਚਾਹੀਦਾ ਹੈ । ਸਰੀਰਕ ਕਮਜ਼ੋਰੀ ਅਤੇ ਸਰਦੀ ਰੁਕਾਵਟ ਬਣੀ ਪਈ ਹੈ, ਨਹੀਂ ਤੇ ਇਹ ਫ਼ਕੀਰ ਖੁਦ ਹਾਜ਼ਰ ਹੋ ਕੇ ਇਨ੍ਹਾਂ ਪੱਥਰ ਦੀਆਂ ਮੂਰਤੀਆਂ ਉਤੇ ਥੁੱਕਦਾ ਅਤੇ ਇਸ ਨੂੰ ਮਹਾਨ ਪਵਿੱਤਰ ਅਤੇ ਧਰਮ ਦਾ ਕੰਮ ਸਮਝਦਾ ।'

ਇਨ੍ਹਾਂ ਚਿਠੀਆਂ ਤੋਂ ਪਤਾ ਲਗ ਜਾਂਦਾ ਹੈ ਕਿ ਸ਼ੇਖ ਅਹਿਮਦ ਸਰਹੰਦੀ ਸਾਰੇ ਭਾਰਤ ਵਿੱਚ ਇੱਕ-ਛਤਰ ਇਸਲਾਮ ਦਾ ਬੋਲਬਾਲਾ ਚਾਹੁੰਦਾ ਸੀ । ਇਸਲਾਮ ਦੇ ਵਾਧੇ ਲਈ ਤਾਕਤ ਦੀ ਵਰਤੋਂ ਤੇ ਰਾਜ-ਸ਼ਕਤੀ ਦੀ ਵਰਤੋਂ ਨੂੰ ਆਪਣੇ ਮੱਤ ਅਨੁਕੂਲ ਤੇ ਜਾਇਜ਼ ਸਮਝਦਾ ਸੀ । ਐਸੇ ਮੁਤੱਅਸਬੀ ਬੰਦੇ ਨੂੰ ਗੁਰੂ ਅਰਜੁਨ ਦੇਵ ਜੀ ਅਤੇ ਸਿੱਖ-ਧਰਮ ਦੀ ਚੜ੍ਹਤ ਕਿਵੇਂ ਸੁਖਾਅ ਸਕਦੀ ਸੀ ? ਗੁਰੂ ਸਾਹਿਬ ਦੀਆਂ ਸਰਗਰਮੀਆਂ ਨੂੰ ਇਹ ਇਸਲਾਮ ਲਈ ਹਾਨੀਕਾਰਕ ਸਮਝਦਾ ਸੀ । ਇਸ ਲਈ ਸਿੱਖੀ ਦੀ ਲਹਿਰ ਨੂੰ ਖਤਮ ਕਰਨਾ ਵੀ ਉਸਦਾ ਇਕ ਮਨੋਰਥ ਸੀ । ਜਦੋਂ ਖੁਸਰੋ ਦੀ ਬਗਾਵਤ ਹੋਈ ਤਾਂ ਚਤੁਰ-ਬੁੱਧੀ ਵਾਲੇ ਸ਼ੇਖ ਨੇ ਸੋਚਿਆ ਕਿ ਕਿਉਂ ਨਾ ਗੁਰੂ ਅਰਜੁਨ ਦੇਵ ਜੀ ਦਾ ਨਾਮ ਇਸੇ ਬਗਾਵਤ ਨਾਲ ਜੋੜਕੇ, ਜਹਾਂਗੀਰ ਪਾਸੋਂ ਉਨ੍ਹਾਂ ਨੂੰ ਸ਼ਹੀਦ ਕਰਵਾ ਦਿਤਾ ਜਾਵੇ । ਉਸਨੇ ਸ਼ੇਖ ਫ਼ਰੀਦ

ਬੁਖਾਰੀ (ਮੁਰਤਜ਼ਾ ਖਾਨ) ਅਤੇ ਹਮਖਿਆਲੀ ਬੰਦਿਆਂ ਨਾਲ ਰਲ ਕੇ ਇਕ ਛਡਯੰਤ੍ਰ ਰਚਿਆ ਅਤੇ ੨੩ ਮਈ ੧੬੦੬ ਦੇ ਨੇੜੇ ਤੇੜੇ ਬਾਦਸ਼ਾਹ ਕੋਲ ਇਕ ਝੂਠੀ ਸ਼ਿਕਾਇਤ ਪੁਜਾਈ ਗਈ ਕਿ ਭਜੇ ਜਾਂਦੇ ਬਾਗੀ ਖੁਸਰੋ ਨੂੰ, ਗੋਇੰਦਵਾਲ ਵਿਖੇ ਗੁਰੂ ਅਰਜੁਨ ਦੇਵ ਜੀ ਨੇ ਆਸਰਾ ਦਿਤਾ ਤੇ ਮਦਦ ਕੀਤੀ ਸੀ ਤਾਂ ਕਿ ਉਹ ਜਹਾਂਗੀਰ ਦਾ ਟਾਕਰਾ ਕਰ ਸਕੇ। ਉਸਨੂੰ ਤਖਤ ਹਾਸਲ ਕਰਨ ਲਈ ਅਸ਼ੀਰਵਾਦ ਵੀ ਦਿਤੀ ਤੇ ਉਸਦੇ ਮੱਥੇ ਤੇ ਕੇਸਰ ਦਾ ਤਿਲਕ ਲਗਾਇਆ।

ਅਸਲੀਅਤ ਤਾਂ ਇਹ ਹੈ ਕਿ ਜਹਾਂਗੀਰ ਦੇ ਗੱਦੀ ਤੇ ਬੈਠਣ ਦੇ ਮਗਰੋਂ ਖੁਸਰੋ ਗੁਰੂ ਅਰਜੁਨ ਦੇਵ ਜੀ ਨੂੰ ਕਦੇ ਵੀ ਮਿਲ ਨਹੀਂ ਸਕਿਆ। ਬਗਾਵਤ ਸਮੇਂ ਸ਼ਾਹੀ ਫੌਜਾਂ ਵੀ ਉਸ ਦਾ ਪਿਛਾ ਕਰ ਰਹੀਆਂ ਸਨ। ਖੁਸਰੋ ਨੇ ਗੋਇੰਦਵਾਲ ਦੇ ਪੱਤਣ ਤੋਂ ਦਰਿਆ ਬਿਆਸ ਪਾਰ ਕੀਤਾ ਸੀ। ਉਸ ਸਮੇਂ ਗੁਰੂ ਅਰਜੁਨ ਦੇਵ ਜੀ ਗੋਇੰਦਵਾਲ ਵਿਚ ਨਹੀਂ ਸਨ, ਸਗੋਂ ਤਰਨਤਾਨ ਵਿਚ ਸਨ। ੨੩ ਮਈ ੧੬੦੬ ਤੋਂ ੨੭ ਦਿਨ ਪਹਿਲਾਂ ਖੁਸਰੋ ਦਾ ਪਿਛਾ ਕਰਦਿਆਂ ਹੋਇਆਂ ਜਹਾਂਗੀਰ ਆਪ ਗੋਇੰਦਵਾਲ ਤੋਂ ਲੰਘਿਆ ਸੀ। ਰਾਹ ਵਿੱਚ ਜਿਥੇ ਵੀ ਖੁਸਰੋ ਦੇ ਕਿਸੇ ਹਮਾਇਤੀ ਦਾ ਪਤਾ ਲੱਗਾ, ਜਹਾਂਗੀਰ ਨੇ ਫੌਰੀ ਤੌਰ ਤੇ ਉਨ੍ਹਾਂ ਨੂੰ ਸਜ਼ਾਵਾਂ ਦਿਤੀਆਂ ਸਨ। ਗੋਇੰਦਵਾਲ ਜਾਂ ਇਸ ਦੇ ਆਸ-ਪਾਸ ਜਹਾਂਗੀਰ ਨੂੰ ਕੋਈ ਐਸੀ ਸ਼ਿਕਾਇਤ ਨਹੀਂ ਮਿਲੀ। ਮਿਲਦੀ ਵੀ ਕਿਵੇਂ ਖੁਸਰੋ ਤਾਂ ਗੁਰੂ ਅਰਜੁਨ ਦੇਵ ਜੀ ਨੂੰ ਮਿਲਿਆ ਹੀ ਨਹੀਂ ਸੀ। ਪ੍ਰਿੰਸੀਪਲ ਤੇਜਾ ਸਿੰਘ ਤੇ ਗੰਡਾ ਸਿੰਘ ਵੀ ਇਸ ਗੱਲ ਦੀ ਪੁਸ਼ਟੀ ਕਰਦੇ ਹਨ:

"ਇਹ ਕਹਾਣੀ ਗੁਰੂ ਜੀ ਨੂੰ ਫਸਾਉਣ ਵਾਲਿਆਂ ਨੇ ਪਿਛੋਂ ਘੜ ਲਈ ਜਾਪਦੀ ਹੈ, ਜਦੋਂ ਕਿ ਬਾਦਸ਼ਾਹ ਲਾਹੌਰ ਤੋਂ ਜਾ ਰਿਹਾ ਸੀ, ਤਾਂ ਕਿ ਕੋਈ ਪੁੱਛ-ਪੜਤਾਲ ਨਾ ਹੋ ਸਕੇ ਅਤੇ ਇਸ ਘਾੜਤ ਦਾ ਪੋਲ ਨਾ ਖੁਲ੍ਹ ਸਕੇ।"

(ਸਿੱਖ ਇਤਿਹਾਸ ੧੪੬੯-੧੭੬੫, ਪੰਜਾਬੀ, ਪੰਨਾ-੪੦)

ਜਹਾਂਗੀਰ ਤਾਂ ਪਹਿਲਾਂ ਹੀ ਸਿੱਖ ਲਹਿਰ ਦੇ ਵਧ ਰਹੇ ਤੇਜ-ਪ੍ਰਤਾਪ ਤੋਂ ਪ੍ਰੇਸ਼ਾਨ ਹੋਇਆ ਪਿਆ ਸੀ ਤੇ ਕਿਸੇ ਨਾ ਕਿਸੇ ਬਹਾਨੇ ਗੁਰੂ ਜੀ ਦੇ ਪ੍ਰਚਾਰ ਨੂੰ ਬੰਦ ਕਰਨ ਦਾ ਮਨ ਬਣਾਈ ਬੈਠਾ ਸੀ। ਉਪਰੋਕਤ ਸ਼ਿਕਾਇਤ ਤੋਂ ਵਧੀਆ ਹੋਰ ਕਿਹੜਾ ਬਹਾਨਾ ਹੋ ਸਕਦਾ ਸੀ ? ਜਹਾਂਗੀਰ ਦੀ ਐਸੀ ਸੋਚਣੀ ਦਾ ਪ੍ਰਗਟਾਵਾ ਉਸਦੀ ਡਾਇਰੀ, ਤੁਜ਼ਕਿ-ਜਹਾਂਗੀਰੀ ਤੋਂ ਹੁੰਦਾ ਹੈ, ਜਿਸ ਵਿੱਚ ਉਹ ਸਪੱਸ਼ਟ ਮੰਨਦਾ ਹੈ ਕਿ ਗੁਰਮਤਿ ਦੇ ਪਰਚਾਰ ਨੂੰ ਬੰਦ ਕਰਨ ਦਾ ਖਿਆਲ ਉਸ ਦੇ ਮਨ ਵਿੱਚ ਕਈ ਚਿਰਾਂ ਤੋਂ ਆ ਰਿਹਾ ਸੀ। ਨਿਰਸੰਦੇਹ ਇਸ ਖਿਆਲ ਦੀ ਪ੍ਰੇਰਨਾ ਉਸਨੂੰ ਸ਼ੇਖ ਅਹਿਮਦ ਸਰਹੰਦੀ ਅਤੇ ਮੁਰਤਜ਼ਾ ਖਾਨ ਤੋਂ ਮਿਲੀ ਹੋਵੇਗੀ। ਉਹ ਲਿਖਦਾ ਹੈ :

"ਗੋਇੰਦਵਾਲ ਵਿਚ, ਜੋ ਬਿਆਸ ਨਦੀ ਦੇ ਕਿਨਾਰੇ ਤੇ ਹੈ, ਪੀਰਾਂ ਬਜ਼ੁਰਗਾਂ ਦੇ ਭੇਸ ਵਿੱਚ (ਗੁਰੂ) ਅਰਜੁਨ ਨਾਮ ਦਾ ਇੱਕ ਹਿੰਦੂ ਰਹਿੰਦਾ ਸੀ। ਉਸਦੇ ਤੌਰ ਤਰੀਕਿਆਂ ਤੇ ਸਿਖਿਆਵਾਂ ਨਾਲ ਕਈ ਸਿਧੇ ਸਾਦੇ ਹਿੰਦੂ ਅਤੇ ਮੂਰਖ ਤੇ ਬੇਸਮਝ ਮੁਸਲਮਾਨ ਉਸ ਦੀ ਰਹੁ-ਰੀਤੀ ਦੇ ਜਾਲ ਵਿੱਚ ਫਸ ਚੁੱਕੇ ਸਨ। ਉਸਨੇ ਆਪਣੇ ਪੀਰ ਅਤੇ ਵਲੀ ਹੋਣ ਦਾ

ਉੱਚਾ ਡੰਕਾ ਵਜਾਇਆ ਹੋਇਆ ਸੀ । ਲੋਕ ਉਸ ਨੂੰ ਗੁਰੂ ਕਹਿੰਦੇ ਸਨ । ਸਭ ਪਾਸਿਆਂ ਤੋਂ ਭੋਲੇ -ਭਾਲੇ ਅਤੇ ਅਨਜਾਣ ਲੋਕ ਉਸ ਪ੍ਰਤਿ ਪੂਰਨ ਸ਼ਰਧਾ ਪ੍ਰਗਟ ਕਰਦੇ ਸਨ । ਤਿੰਨ ਚਾਰ ਪੁਸ਼ਤਾਂ ਤੋਂ ਉਨ੍ਹਾਂ ਨੇ ਇਸ ਦੁਕਾਨ ਨੂੰ ਗਰਮ ਕਰ ਰਖਿਆ ਸੀ । ਕਿਤਨੇ ਚਿਰਾਂ ਤੋਂ ਮੇਰੇ ਮਨ ਵਿੱਚ ਇਹ ਖਿਆਲ ਆਪਣੇ ਆਪ ਆਉਂਦਾ ਰਿਹਾ ਸੀ ਕਿ ਝੂਠ ਦੀ ਇਸ ਦੁਕਾਨ ਨੂੰ ਬੰਦ ਕਰ ਦੇਣਾ ਚਾਹੀਦਾ ਹੈ ਜਾਂ ਉਸ (ਗੁਰੂ ਅਰਜੁਨ ਦੇਵ ਜੀ) ਨੂੰ ਮੁਸਲਮਾਨ ਬਣਾ ਲੈਣਾ ਚਾਹੀਦਾ ਹੈ ।

ਇਨ੍ਹਾਂ ਦਿਨਾਂ ਵਿਚ ਖੁਸਰੋ ਨੇ ਇਹ ਦਰਿਆ ਪਾਰ ਕੀਤਾ । ਇਸ ਜਾਹਿਲ ਤੇ ਹਕੀਰ ਖੁਸਰੋ ਨੇ ਇਰਾਦਾ ਕੀਤਾ ਕਿ ਉਹ ਇਸ ਦੇ ਨਜ਼ਦੀਕ ਹੋਵੇ । ਉਸਨੇ ਗੁਰੂ ਦੇ ਰਹਿਣ ਦੇ ਡੇਰੇ ਜਾ ਆਪਣਾ ਪੜਾਅ ਕੀਤਾ । ਇਹ ਉਸ ਨੂੰ ਮਿਲਿਆ ਅਤੇ ਕਈ ਮਿਥੀਆਂ ਹੋਈਆਂ ਗੱਲਾਂ ਉਸ ਨੂੰ ਸੁਣਾਈਆਂ ਅਤੇ ਕੇਸਰ ਨਾਲ ਇਕ ਉਂਗਲੀ ਉਸਦੇ ਮੱਥੇ ਤੇ ਲਗਾਈ, ਜਿਸਨੂੰ ਹਿੰਦੂ ਤਿਲਕ ਕਹਿੰਦੇ ਹਨ ਤੇ ਚੰਗਾ ਸ਼ਗਨ ਸਮਝਦੇ ਹਨ । ਜਦ ਇਹ ਗੱਲ ਮੇਰੇ ਕੰਨਾਂ ਵਿੱਚ ਪਈ, ਤਦ ਮੈਂ ਅੱਗੇ ਹੀ ਇਨ੍ਹਾਂ ਦੇ ਝੂਠ ਨੂੰ ਚੰਗੀ ਤਰ੍ਹਾਂ ਜਾਣਦਾ ਸੀ। ਮੈਂ ਹੁਕਮ ਦਿਤਾ ਕਿ ਉਸਨੂੰ ਹਾਜ਼ਰ ਕੀਤਾ ਜਾਵੇ ਅਤੇ ਉਸਦੇ ਘਰ-ਘਾਟ ਤੇ ਬੱਚਿਆਂ ਨੂੰ ਮੁਰਤਜ਼ਾ ਖਾਨ ਦੇ ਹਵਾਲੇ ਕੀਤਾ ਜਾਵੇ ਅਤੇ ਉਸਦਾ ਮਾਲ-ਅਸਬਾਬ ਜ਼ਬਤ ਕਰਕੇ ਉਸਨੂੰ 'ਸਿਆਸਤ' ਅਤੇ 'ਯਾਸਾ' ਦੇ ਸਖਤ ਕਾਨੂੰਨ ਹੇਠ ਤਸੀਹੇ ਦੇ ਕੇ ਕਤਲ ਕਰ ਦਿਤਾ ਜਾਵੇ ।'

**ਝੂਠ ਦੀ ਦੁਕਾਨ ਜਾਂ ਸੱਚ ਦਾ ਘਰ :**

ਜਹਾਂਗੀਰ ਈਰਖਾ, ਤੁਅੱਸਬ ਅਤੇ ਗੁੱਸੇ ਦੀ ਅੱਗ ਨਾਲ ਪਾਗਲ ਹੋਇਆ ਗੁਰੂ-ਦਰਬਾਰ ਨੂੰ 'ਝੂਠ ਦੀ ਦੁਕਾਨ' ਆਖਦਾ ਹੈ, ਹਾਲਾਂਕਿ ਗੁਰੂ ਨਾਨਕ ਦਾ ਘਰ ਆਰੰਭ ਤੋਂ ਹੀ ਜੀਵਨ ਦੇ ਸੱਚ ਨੂੰ ਪ੍ਰਚਾਰਦਾ ਰਿਹਾ ਹੈ, ਵਿਕਾਰਾਂ ਦੀ ਅੱਗ ਵਿੱਚ ਸੜ ਰਹੀ ਲੁਕਾਈ ਨੂੰ ਪ੍ਰਭੂ ਦੀ ਸਿਫ਼ਤ-ਸਲਾਹ ਨਾਲ ਠਾਰਦਾ ਰਿਹਾ ਹੈ, ਸੱਚੇ ਗਿਆਨ ਦੇ ਪ੍ਰਕਾਸ਼ ਨਾਲ ਸਮਾਜ ਵਿਚੋਂ ਕੁਰੀਤੀਆਂ ਦੂਰ ਕਰਦਾ ਰਿਹਾ ਹੈ, ਦੁਖਾਂ ਬਿਪਤਾਵਾਂ ਸਮੇਂ ਨਿਆਸਰਿਆਂ ਦੀ ਬਾਂਹ ਫੜਦਾ ਰਿਹਾ ਹੈ । ਇਹ ਹੀ ਘਰ ਹੈ, ਜਿਥੋਂ ਨਿਰਾਸ਼ ਹੋਏ ਲੋਕਾਂ ਨੂੰ ਚੜ੍ਹਦੀ ਕਲਾ ਦੇ ਜੀਵਨ ਦੀ ਦਾਤ ਮਿਲਦੀ ਰਹੀ ਹੈ ।

ਸ਼ੇਰਸ਼ਾਹ ਸੂਰੀ ਕੋਲੋਂ ਹਾਰ ਖਾ ਕੇ ਹਿਮਾਯੂੰ ਏਸੇ ਹੀ ਘਰ ਵਿਚੋਂ ਮਾਨਸਿਕ-ਸ਼ਾਂਤੀ ਲੱਭਣ ਆਇਆ ਸੀ । ਯੋਗੀ ਅੱਲਾ ਯਾਰ ਖਾਂ ਵਰਗੇ ਧਰਮੀ-ਜੀਊੜੇ, ਆਪਣਾ ਪਹਿਲਾ ਧਰਮ ਤਿਆਗ ਕੇ ਏਸੇ ਹੀ ਘਰ ਦੇ ਪਰਚਾਰਕ ਬਣੇ ਸਨ । ਏਸੇ ਹੀ ਘਰ ਵਿੱਚ ਆ ਕੇ ਅਕਬਰ ਨੂੰ ਮਾਨਸਿਕ-ਸ਼ਾਂਤੀ ਪ੍ਰਾਪਤ ਹੁੰਦੀ ਸੀ । ਏਸੇ ਹੀ ਘਰ ਵਿੱਚ ਉਸਨੇ ਆਮ ਲੋਕਾਂ ਨਾਲ ਰਲ ਕੇ ਲੰਗਰ ਛਕਿਆ ਸੀ । ਅਜੇ ਸੱਤ ਅੱਠ ਸਾਲ ਪਹਿਲਾਂ ਅਕਬਰ ਦੇ ਨਾਲ ਉਸਦਾ ਦਰਬਾਰੀ ਸ਼ੇਖ ਅਬੂ-ਫ਼ਜ਼ਲ (ਜਾਂ ਅਬਦੁਲ-ਫਦਲ) ਵੀ ਆਇਆ ਸੀ । ਉਸ ਦਾ ਕਥਨ ਜਹਾਂਗੀਰ ਦੇ ਬਿਆਨ ਦੇ ਬਿਲਕੁਲ ਉਲਟ ਹੈ । ਉਹ 'ਅਕਬਰ ਨਾਮੇ' ਵਿੱਚ ਲਿਖਦਾ ਹੈ :

'ਪਿਉ ਦਾਦੇ ਤੋਂ ਗੁਰੂ ਅਰਜੁਨ ਸੰਤਾਂ, ਭਗਤਾਂ ਦੇ ਆਗੂ ਚਲੇ ਆ ਰਹੇ ਹਨ ਤੇ ਇਹ ਰੱਬੀ ਸਿਫ਼ਤ ਸਲਾਹ ਕਰਨ ਵਾਲੇ ਹਨ ।'

ਅਕਬਰ ਤੇ ਜਹਾਂਗੀਰ ਦਾ ਸਮਕਾਲੀ ਸਾਈਂ ਮੀਆਂ ਮੀਰ ਜਿਸਦਾ ਇਸਲਾਮੀ ਜਗਤ ਵਿੱਚ ਬਹੁਤ ਸਤਿਕਾਰ ਕੀਤਾ ਜਾਂਦਾ ਸੀ, ਵੀ ਗੁਰੂ ਅਰਜੁਨ ਦੇਵ ਜੀ ਦਾ ਅਨਿੰਨ ਸ਼ਰਧਾਲੂ ਸੀ । ਸਾਈਂ ਜੀ ਗੁਰੂ ਅਰਜੁਨ ਦੇਵ ਜੀ ਦੇ ਇੰਨੇ ਨੇੜੇ ਹੋ ਗਏ ਸਨ ਕਿ ਗੁਰੂ ਜੀ ਨੇ ਸਿੱਖ ਧਰਮ ਦੇ ਕੇਂਦਰੀ ਧਰਮ-ਮੰਦਰ, ਸ੍ਰੀ ਹਰਿਮੰਦਰ ਸਾਹਿਬ, ਦੀ ਨੀਂਹ ਵੀ ਉਨ੍ਹਾਂ ਪਾਸੋਂ ਹੀ ਰਖਵਾਈ ਸੀ ।

ਜਲੰਧਰ ਦਾ ਗਵਰਨਰ ਸੱਯਦ ਅਜ਼ੀਮ ਖਾਨ ਸਿੱਖੀ ਦੇ ਅਸੂਲਾਂ ਤੋਂ ਇੰਨਾਂ ਪ੍ਰਭਾਵਿਤ ਹੋਇਆ ਸੀ ਕਿ ਉਹ ਗੁਰੂ ਜੀ ਦਾ ਮੁਰੀਦ ਬਣ ਗਿਆ ਅਤੇ ਉਸਨੇ ਸਤਿਗੁਰਾਂ ਨੂੰ ਉਚੇਚੀ ਬੇਨਤੀ ਕਰ ਕੇ ਆਪਣੇ ਇਲਾਕੇ ਵਿਚ ਕਰਤਾਰਪੁਰ (ਜਲੰਧਰ) ਵਿਖੇ ਸਿੱਖੀ ਦਾ ਮਹਾਨ-ਕੇਂਦਰ ਅਸਥਾਪਤ ਕਰਵਾਇਆ ਸੀ ।

ਜਹਾਂਗੀਰ ਦਾ ਦਰਬਾਰੀ ਵਜ਼ੀਰ ਖਾਨ ਵੀ ਗੁਰੂ ਜੀ ਦਾ ਸ਼ਰਧਾਲੂ ਬਣ ਚੁਕਾ ਸੀ।

ਅਨੇਕਾਂ ਹੋਰ ਮੁਸਲਮਾਨ ਵੀ ਇਸਲਾਮ ਤਿਆਗ ਕੇ ਸਿੱਖ ਧਰਮ ਅਪਣਾਅ ਚੁਕੇ ਸਨ । ਇਨ੍ਹਾਂ ਸਭਨਾਂ ਨੂੰ ਗੁਰੂ ਘਰ ਵਿਚੋਂ ਅਤੇ ਸਤਿਗੁਰਾਂ ਦੇ ਮਹਾਨ ਉਪਦੇਸ਼ਾਂ ਵਿਚੋਂ ਸੱਚ ਦੇ ਦਰਸ਼ਨ ਹੁੰਦੇ ਸਨ, ਉਹ 'ਸਤਿ' (ਵਾਹਿਗੁਰੂ) ਨਾਲ ਜੁੜਦੇ ਸਨ, ਜੀਵਨ ਦੇ ਸਹੀ ਰਸਤੇ ਉਤੇ ਚੱਲ ਕੇ ਸੱਚੇ ਧਰਮੀ ਬਣਦੇ ਸਨ ਤੇ ਗੁਰਮਤਿ-ਵਿਚਾਰਧਾਰਾ ਰੂਪੀ ਸੁੱਚਜੀ ਜੀਵਨ-ਜਾਚ ਅਪਣਾਅ ਕੇ ਲੋਕ-ਪਰਲੋਕ ਸੰਵਾਰਦੇ ਸਨ ।... ਹਾਂ ਪਰਲੇ ਦਰਜੇ ਦੇ ਸ਼ਰਾਬੀ, ਅੱਯਾਸ਼ ਤੇ ਰਾਜਸੀ ਤਾਕਤ ਦੇ ਹੰਕਾਰ ਦੁਆਰਾ ਅੰਨ੍ਹੇ ਹੋਏ ਜਹਾਂਗੀਰ ਨੂੰ ਇਹ ਸੱਚ ਦਾ ਘਰ 'ਝੂਠ ਦੀ ਦੁਕਾਨ' ਨਜ਼ਰ ਆ ਰਿਹਾ ਸੀ ।

# ਸ਼ਹੀਦੀ

੧੭ ਅਕਤੂਬਰ ੧੬੦੫ ਨੂੰ ਅਕਬਰ ਦੀ ਆਗਰੇ ਵਿਚ ਮੌਤ ਹੋ ਗਈ ਸੀ। ਉਸਦੇ ਮਗਰੋਂ ਉਸਦਾ ਪੁਤਰ ਸਲੀਮ, ਜਹਾਂਗੀਰ ਦੇ ਨਾਉ ਨਾਲ, ਹਿੰਦੁਸਤਾਨ ਦਾ ਬਾਦਸ਼ਾਹ ਬਣਿਆ। ਭਾਵੇ ਅਕਬਰ ਆਪਣੇ ਪੋਤਰੇ ਖ਼ੁਸਰੋ ਨੂੰ ਰਾਜ ਦੇਣ ਦੇ ਹੱਕ ਵਿਚ ਸੀ, ਪਰ ਸਲੀਮ ਨੇ ਰਾਜ ਦਰਬਾਰੀਆਂ ਦਾ ਇਕ ਤਕੜਾ ਹਿੱਸਾ ਆਪਣੇ ਹੱਕ ਵਿਚ ਕਰ ਲਿਆ ਸੀ। ਨਕਸ਼ਬੰਦੀ ਸਿਲਸਿਲਹ ਵਾਲੇ ਵੀ ਉਸਨੂੰ ਤਖਤ ਤੇ ਬਿਠਾਉਣ ਲਈ ਅੱਡੀ ਚੋਟੀ ਦਾ ਜ਼ੋਰ ਲਾ ਰਹੇ ਸਨ। ਇਨ੍ਹਾਂ ਸਭ ਲੋਕਾਂ ਨੇ ਕਿਸੇ ਨਾ ਕਿਸੇ ਢੰਗ ਨਾਲ ਆਪਣੀ ਗੱਲ ਅਕਬਰ ਤੱਕ ਜਰੂਰ ਪਹੁੰਚਾਈ ਹੋਵੇਗੀ। ਬਣਨ ਵਾਲੇ ਬਾਦਸ਼ਾਹ ਨੂੰ ਦਰਬਾਰੀਆਂ ਤੇ ਹੋਰ ਮੁਸਲਮਾਨਾਂ ਦਾ ਸਹਿਯੋਗ ਮਿਲਣਾ ਵੀ ਜਰੂਰੀ ਸੀ, ਨਹੀਂ ਤਾਂ ਰਾਜ ਚਲਾਉਣਾ ਅਸੰਭਵ ਹੋ ਸਕਦਾ ਸੀ। ਸੋ, ਅਕਬਰ ਨੇ ਅੰਤ ਆਪਣੀ ਰਾਏ ਬਦਲ ਕੇ ਸਲੀਮ (ਜਹਾਂਗੀਰ) ਨੂੰ ਤਖਤ ਤੇ ਬੈਠਾ ਦਿਤਾ।

ਜਹਾਂਗੀਰ ਦਾ ਤਖ਼ਤ ਤੇ ਬੈਠਣਾ ਜਿਥੇ ਕੱਟੜ ਮੁਸਲਮਾਨਾਂ ਦੀ ਜਿਤ ਸੀ, ਉਥੇ ਇਸ ਦੇਸ਼ ਦੀ ਬਹੁ - ਗਿਣਤੀ (ਹਿਦੂੰਆਂ) ਤੇ ਸਿੱਖਾਂ ਲਈ ਇਹ ਚਿੰਤਾ ਦੀ ਗੱਲ ਸੀ। ਗੁਰੂ ਸਾਹਿਬ ਆਪਣੇ ਸਾਹਮਣੇ ਹੀ ਵੇਖ ਰਹੇ ਸਨ ਕਿ ਨਕਸ਼ਬੰਦੀਏ, ਸਰਵਰੀਏ ਤੇ ਹੋਰ ਕੱਟੜ ਮੁਸਲਮਾਨ ਸਿਖੀ ਦੀ ਲਹਿਰ ਨੂੰ ਖਤਮ ਕਰਨ ਲਈ ਚਾਲਾਂ ਚਲ ਰਹੇ ਹਨ, ਅਤੇ ਜਹਾਂਗੀਰ ਵੀ ਇਨ੍ਹਾਂ ਲੋਕਾਂ ਦੀ ਪਿੱਠ ਤੇ ਹੈ। ਗੁਰੂ ਜੀ ਨੂੰ ਕੋਈ ਸ਼ੱਕ ਨਾ ਰਿਹਾ ਕਿ 'ਬਾਬੇ ਕਿਆਂ' ਅਤੇ 'ਬਾਬਰ ਕਿਆਂ' ਵਿਚ ਟੱਕਰ ਜ਼ਰੂਰ ਹੋਵੇਗੀ। ਕੇਸਰ ਸਿੰਘ (ਛਿਬੱਰ) ਅਨੁਸਾਰ ਤਾਂ ਗੁਰੂ ਜੀ ਨੇ ਆਪਣੀ ਸ਼ਹੀਦੀ ਦੀ ਸੰਭਾਵਨਾ ਨੂੰ ਪਹਿਲਾਂ ਹੀ ਪ੍ਰਗਟ ਕਰ ਦਿਤਾ ਸੀ:

ਸਾਡਾ ਲਗੇਗਾ ਸੀਸ, ਇਹ ਨਿਸਚਾ ਆਇਆ।
ਅਸਾਂ ਹੋਆ ਤੁਰਕਾਂ ਵਿਚ ਜਾਣਾ, ਉਨ੍ਹਾ ਕਰਣੀ ਹੈ ਹੁੱਜਤ,
ਸਰੀਰ ਹੈ ਛੁਟਣਾ, ਸੰਸਾ ਨਹੀਂ ਕੋਈ,
ਰਜਾਇ ਖਾਵੰਦ ਦੀ ਹੈ, ਇਸ ਤਰ੍ਹਾਂ ਹੋਈ।

ਜਹਾਂਗੀਰ ਨੂੰ ਤਖਤ ਤੇ ਬੈਠਿਆਂ ਮਸਾਂ ਛੇ ਮਹੀਨੇ ਹੀ ਹੋਏ ਸਨ ਕਿ ਖੁਸਰੋ ਨੇ ਬਗਾਵਤ ਕਰ ਦਿਤੀ। ਸਿੱਖ ਲਹਿਰ ਨੂੰ ਖਤਮ ਕਰਨ ਦੇ ਸੁਪਨੇ ਵੇਖਣ ਵਾਲਿਆਂ ਲਈ ਇਹ ਸੁਨਹਿਰੀ ਮੌਕਾ ਸੀ। ਗੁਰੂ ਸਾਹਿਬ ਦਾ ਨਾਮ ਜਾਣ - ਬੁਝ ਕੇ ਖੁਸਰੋ ਦੀ ਬਗਾਵਤ ਨਾਲ ਜੋੜ ਦਿਤਾ ਗਿਆ ਅਤੇ ਜਹਾਂਗੀਰ ਨੂੰ ਭੜਕਾਇਆ ਗਿਆ। ਉਸਨੇ ਗੁਰੂ ਅਰਜੁਨ ਦੇਵ ਜੀ ਨੂੰ ਗ੍ਰਿਫਤਾਰ ਕਰਨ ਤੇ ਯਾਸਾ ਦੇ ਸਖਤ ਕਾਨੂੰਨ ਹੇਠ ਸ਼ਹੀਦ ਕਰਨ ਦਾ ਹੁਕਮ ਦੇ ਦਿਤਾ ਤੇ ਆਪ ਸਿੰਧ ਵਲਾਂ ਚਲਾ ਗਿਆ। ਜਿਵੇਂ ਉਸਨੇ ਆਪਣੇ ਅਸਲ ਵੈਰੀਆਂ ਦੇ ਤਸੀਹੇ ਆਪਣੀ ਅਖੀਂ ਵੇਖੇ ਸਨ ਅਤੇ ਵੇਖ ਵੇਖ ਕੇ ਖ਼ੁਸ਼ ਵੀ ਹੁੰਦਾ ਸ। ਗੁਰੂ ਅਰਜੁਨ ਸਾਹਿਬ ਨੂੰ ਦਿਤੇ ਗਏ ਤਸੀਹੇ ਉਸਨੇ ਆਪ ਵੇਖਣ ਦੀ ਹਿੰਮਤ ਨਾ ਕੀਤੀ। ਉਹ ਤਾਂ

ਗ੍ਰਿਫਤਾਰੀ ਦਾ ਹੁਕਮ ਦੇ ਕੇ ਆਪ ਲਾਹੌਰ ਤੋਂ ਹੀ ਚਲਾ ਗਿਆ। (ਪ੍ਰਿੰਸੀਪਲ ਸਾਹਿਬ ਸਿਘ/ਜੀਵਨ - ਬ੍ਰਿਤਾਂਤ ਸ਼੍ਰੀ ਗੁਰੂ ਅਰਜੁਨ ਦੇਵ ਜੀ/ਪੰਨਾ-੬੯)

**(ਗੁਰੂ) ਹਰਿਗੋਬਿੰਦ ਸਾਹਿਬ ਨੂੰ ਗੁਰਿਆਈ –**

ਜਿਵੇਂ ਕਿ ਪਹਿਲਾਂ ਦਸਿਆ ਜਾ ਚੁੱਕਾ ਹੈ, ਗੁਰੂ ਅਰਜੁਨ ਦੇਵ ਜੀ ਨੂੰ ਤਾਂ ਪਹਿਲਾਂ ਹੀ ਇਸ ਗੱਲ ਦੀ ਸੰਭਾਵਨਾ ਸੀ ਕਿ ਸਿੱਖੀ ਦੇ ਵੈਰੀਆਂ ਨੇ ਵਾਰ ਅੱਵਸ਼ ਕਰਨਾ ਹੈ। ਜਿਉਂ ਹੀ ਗ੍ਰਿਫਤਾਰੀ ਦੇ ਹੁਕਮਾਂ ਦੀ ਖ਼ਬਰ ਪੁਜੀ, ਆਪ ਜੀ ਨੇ (ਗੁਰੂ) ਹਰਿਗੋਬਿੰਦ ਸਾਹਿਬ ਨੂੰ ਭਰੀ ਸੰਗਤ ਵਿਚ ਗੁਰਿਆਈ ਦੀ ਜ਼ਿੰਮੇਵਾਰੀ ਬਖਸ਼ ਦਿਤੀ। ਉਸ ਦਿਨ ਸੰਨ ੧੬੦੬ ਦੇ ਮਈ ਮਹੀਨੇ ਦੀ ੨੫ ਤਰੀਕ ਸੀ।

ਮੁਰਤਜ਼ਾ ਖਾਨ ਨੇ ਮਈ ਦੇ ਆਖਰੀ ਹਫਤੇ ਵਿਚ ਸਤਿਗੁਰਾਂ ਨੂੰ ਅੰਮ੍ਰਿਤਸਰ ਤੋਂ ਗ੍ਰਿਫਤਾਰ ਕਰਵਾਕੇ ਲਾਹੌਰ ਮੰਗਵਾਇਆ। ਇਥੇ ਆਪ ਨੂੰ ਤਸੀਹੇ ਦੇਣ ਲਈ ਚੰਦੂ ਸ਼ਾਹ ਦੇ ਹਵਾਲੇ ਕੀਤਾ ਗਿਆ। ਹੋ ਸਕਦਾ ਹੈ ਐਸਾ ਚੰਦੂ ਦੀ ਬੇਨਤੀ ਤੇ ਹੀ ਕੀਤਾ ਗਿਆ ਹੋਵੇ, ਕਿਉਂਕਿ ਉਹ ਗੁਰੂ ਜੀ ਤੋਂ ਆਪਣੀ ਹੇਠੀ ਦਾ ਬਦਲਾ ਲੈਣਾ ਚਾਹੁੰਦਾ ਸੀ। ਨੀਚ ਚੰਦੂ ਨੇ ਗੁਰੂ ਜੀ ਨੂੰ ਬੜੇ ਭਿਆਨਕ ਤਸੀਹੇ ਦਿਤੇ। ਪਹਿਲੇ ਦਿਨ ਗੁਰੂ ਨੂੰ ਉਬਲਦੇ ਪਾਣੀ ਵਿਚ ਬਿਠਾਇਆ। ਅਗਲੇ ਦਿਨ ਉਨ੍ਹਾਂ ਦੇ ਨੰਗੇ ਸਰੀਰ ਉਤੇ ਗਰਮ ਗਰਮ ਰੇਤ ਪਾਈ ਗਈ। ਤੇ ਉਸਦੇ ਮਗਰੋਂ ਲੋਹ (ਤਵੀ) ਉਤੇ ਬਿਠਾ ਕੇ ਹੇਠਾਂ ਅੱਗ ਦੇ ਭਾਂਬੜ ਬਾਲੇ ਗਏ। ਇੰਝ ਸਤਿਗੁਰੂ ਜੀ ਦਾ ਸਰੀਰ ਬਿਲਕੁਲ ਨਿਢਾਲ ਹੋ ਗਿਆ। ਏਨੇ ਕਸ਼ਟਾਂ ਵਿਚ ਵੀ ਆਪ ਦੀ ਸੁਰਤ ਪ੍ਰਭੂ - ਚਰਨਾਂ ਨਾਲ ਜੁੜੀ ਰਹੀ ਤੇ ਆਪ ਬਾਣੀ ਦਾ ਪਾਠ ਕਰਦੇ ਰਹੇ।

ਜਦੋਂ ਸਾਈ ਮੀਆਂ ਮੀਰ ਜੀ ਨੂੰ ਪਤਾ ਲੱਗਾ ਤਾਂ ਉਹ ਦੌੜਦੇ ਆਏ। ਸਤਿਗੁਰਾਂ ਨੂੰ ਤੱਤੀ ਤਵੀ ਤੇ ਵੇਖ ਉਨ੍ਹਾਂ ਦਾ ਹਿਰਦਾ ਰੋ ਉਠਿਆ। ਪਰ ਹੁਣ ਕੁਝ ਹੋ ਨਹੀਂ ਸੀ ਸਕਦਾ। ਸਤਿਗੁਰਾਂ ਦਾ ਸਰੀਰ ਤਾਂ ਬਿਲਕੁਲ ਨਿਢਾਲ ਹੋ ਚੁਕਾ ਸੀ। ਦੂਜਾ, ਉਥੇ ਬਾਦਸ਼ਾਹ ਹੈ ਨਹੀਂ ਸੀ ਤੇ ਦਰਬਾਰੀਆਂ ਨੇ ਬਾਦਸ਼ਾਹ ਦੀ ਹੁਕਮ - ਅਦੂਲੀ ਕਰਨ ਵਿਚ ਆਪਣੀ ਬੇਬਸੀ ਜਾਹਿਰ ਕੀਤੀ। ਮੀਆਂ ਮੀਰ ਜੀ ਨੇ ਕੁਝ ਸਾਲ ਪਹਿਲਾਂ ਜਿਸ ਲਾਹੌਰ ਵਿਚ ਸਤਿਗੁਰਾਂ ਨੂੰ ਕਾਲਪੀੜਤਾਂ ਦੀ ਸੇਵਾ ਕਰਦਿਆਂ ਵੇਖਿਆ ਸੀ; ਬੀਮਾਰਾਂ ਦੀ ਸੇਵਾ ਕਰਦਿਆਂ, ਉਨ੍ਹਾਂ ਨੂੰ ਭੋਜਨ ਖਵਾਦਿਆਂ ਤੇ ਦੁਆ - ਦਾਰੂ ਕਰਦਿਆਂ ਵੇਖਿਆਂ ਸੀ ਤੇ ਅਨਾਥ ਬੱਚਿਆਂ ਦੀ ਸੰਭਾਲ ਕਰਦਿਆ ਵੇਖਿਆ ਸੀ, ਅੱਜ ਉਸੇ ਹੀ ਲਾਹੌਰ ਵਿਚ ਉਹ ਆਪ ਜੀ ਨੂੰ ਅਸਹਿ ਤੇ ਅਕਹਿ ਕਸ਼ਟ ਸਹਾਰਦੇ ਹੋਏ ਵੇਖ ਰਹੇ ਸਨ।

ਅੰਤ ਨੂੰ ੩੦ ਮਈ ੧੬੦੬ ਨੂੰ ਗੁਰੂ ਜੀ ਨੂੰ ਦਰਿਆ ਰਾਵੀ ਵਿਚ ਸੁਟਵਾ ਦਿਤਾ ਗਿਆ ਤੇ ਆਪ ਜੀ ਦੀ ਜੋਤਿ ਪ੍ਰਭੂ ਦੀ ਸਰਬ ਵਿਆਪਕ ਜੋਤਿ ਵਿਚ ਜਾ ਰਲੀ। ਉਸ ਦਿਨ ਸੰਮਤ ੧੬੬੩ ਦੇ ਹਾੜ ਮਹੀਨੇ ਦੀ ਪਹਿਲੀ ਤਰੀਕ ਸੀ।

---

*ਪਰ ਪ੍ਰੋ: ਪਿਆਰਾ ਸਿੰਘ ਪਦਮ ਦਾ ਕਹਿਣਾ ਹੈ ਕਿ ਜਹਾਂਗੀਰ ਸ਼ਹੀਦੀ ਸਮੇਂ ਲਾਹੌਰ ਵਿਚ ਹੀ ਸੀ। ਆਪ ਲਿਖਦੇ ਹਨ: ਤੋਜ਼ਕਿ ਜਹਾਂਗੀਰੀ ਅਨੁਸਾਰ ੭ ਮਈ ੧੬੦੬ ਤੋਂ ੨੬ ਮਾਰਚ ੧੬੦੭ ਤੱਕ ਜਹਾਂਗੀਰ ਲਾਹੌਰ ਵਿਚ ਰਿਹਾ। ਇਸ ਤੋਂ ਸਾਫ਼ ਹੈ ਕਿ ਸਤਿਗੁਰ ਜੀ ਦੀ ਸ਼ਹੀਦੀ ੩੦ ਮਈ ੧੬੦੬ ਨੂੰ ਬਾਦਸ਼ਾਹ ਦੇ ਹੁਕਮ ਅਨੁਸਾਰ ਉਸਦੀ ਮੌਜੂਦਗੀ ਵਿਚ ਹੋਈ। (ਵੇਖੋ, ਸੰਖੇਪ ਸਿਖ ਇਤਹਾਸ, ੧੪੬੯ - ੧੯੬੨, ਪੰਨਾ ੪੨)

ਮੁਨਸ਼ੀ ਸੋਹਨ ਲਾਲ 'ਉਮਦਹਤੁਲ - ਤਵਾਰੀਖ਼' ਵਿਚ ਲਿਖਦਾ ਹੈ: ਕੁਝ ਤਸੀਹੇ ਦੇਣ ਪਿਛੋਂ ਉਸ ਮਹਾਂਪੁਰਖ ਨੂੰ ਉਨ੍ਹਾਂ ਨੇ ਦਰਿਆ ਰਾਵੀ ਵਿਚ ਸੁੱਟ ਦਿਤਾ।

ਗੁਰੂ ਅਰਜੁਨ ਦੇਵ ਜੀ ਨੂੰ ਰਾਵੀ ਦਰਿਆ ਵਿਚ ਸੁੱਟਣ ਦਾ ਜ਼ਿਕਰ ਕਰਦੇ ਹੋਏ ਭਾਈ ਰਤਨ ਸਿੰਘ ਜੀ ਭੰਗੂ ਲਿਖਦੇ ਹਨ ਕਿ ਮੁਗਲਾਂ ਨੇ ਹੀ ਗੁਰੂ ਅਰਜੁਨ ਦੇਵ ਜੀ ਨੂੰ ਦਰਿਆ ਵਿਚ ਡੁਬੋ ਦਿਤਾ। ਇਨ੍ਹਾਂ ਨੇ ਹੀ ਗੁਰੂ ਤੇਗ ਬਹਾਦਰ ਜੀ ਨੂੰ ਤੇ ਸਾਹਿਬਜ਼ਾਦਿਆਂ ਨੂੰ ਸ਼ਹੀਦ ਕੀਤਾ ਸੀ:-

**ਕੈ ਗੁਰ ਅਰਜਨ ਦਰਿਆਇ ਨ ਬੋੜਯੋ।**
**ਕੈ ਗੁਰ ਤੇਗ ਬਹਾਦਰ ਸੀਸ ਨ ਤੋੜਯੋ।**
**ਕੈ ਸਾਹਿਬਜ਼ਾਦੇ ਨਾਹਿ ਮਰਾਏ।**
**ਸ਼ੀਰ – ਖੁਰ ਤੇਹਿ ਨਾਹਿ ਕੁਹਾਏ।**

ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਤੋਂ ੨੫ ਦਿਨ ਮਗਰੋਂ ਲਾਹੌਰ ਤੋਂ Father Jerome Xavier ਨੇ ੨੫ ਜੂਨ ੧੬੦੬ ਨੂੰ ਇਕ ਚਿਠੀ ਗੋਆ ਦੇ ਪ੍ਰੋਵਿਸ਼ਨਲ ਨੂੰ ਲਿਖੀ ਸੀ, ਜਿਸ ਵਿਚ ਗੁਰੂ ਜੀ ਦੀ ਸ਼ਹੀਦੀ ਦਾ ਜ਼ਿਕਰ ਇੰਝ ਕੀਤਾ ਗਿਆ ਹੈ:-

'In that way their good pope died overwhelmed by the sufferings, torments and dishonour.'

(The Heritage of the Sikhs by Prof. Harbans Singh, Page - 50)

[ਇਸ ਤਰੀਕੇ ਨਾਲ ਉਨ੍ਹਾਂ (ਸਿਖਾਂ) ਦੇ ਪਵਿਤਰ ਧਰਮ - ਗੁਰੂ ਦੁਖ, ਤਸੀਹੇ ਅਤੇ ਅਪਮਾਨ ਸਹਾਰਦਿਆਂ ਹੋਇਆਂ ਜੋਤੀ ਜੋਤਿ ਸਮਾਅ ਗਏ ।]

ਭਾਈ ਗੁਰਦਾਸ ਜੀ ਗੁਰੂ ਜੀ ਦੇ ਅਤਿ ਨਜ਼ਦੀਕੀ ਸਿੱਖ ਸਨ। ਉਨ੍ਹਾਂ ਨੂੰ ਗੁਰੂ ਜੀ ਦੀ ਸ਼ਹੀਦੀ ਦੇ ਸਾਰੇ ਵਾਕਿਆਤ ਦੀ ਪੂਰੀ ਤੇ ਸਹੀ ਜਾਣਕਾਰੀ ਸੀ, ਪਰ ਉਹ ਗੁਰੂ ਜੀ ਦੀ ਸ਼ਹੀਦੀ ਬਾਰੇ ਕੇਵਲ ਇਕ ਪਉੜੀ ਵਿਚ ਰਹੱਸਮਈ ਢੰਗ ਨਾਲ ਹੀ ਜ਼ਿਕਰ ਕਰਦੇ ਹਨ। ਆਪ ਦਾ ਕਥਨ ਹੈ ਕਿ ਅੰਤ ਸਮੇਂ ਸਤਿਗੁਰਾਂ ਨੇ ਦੁਖ - ਕਲੇਸ਼ ਝੱਲੇ ਪਰ ਆਪ ਡੋਲੇ ਨਹੀਂ, ਸਗੋਂ ਵਾਹਿਗੁਰੂ ਨਾਲ ਅਭੇਦ ਜੁੜੇ ਰਹੇ। ਆਪ ਜੀ ਨੂੰ ਭੀੜ ਆ ਪਈ ਤੇ ਕਸ਼ਟ ਮਿਲੇ ਤਦ ਭੀ ਆਪ ਵਾਹਿਗੁਰੂ ਵਿਚ ਲਿਵਲੀਨ ਰਹੇ ਤੇ ਬਬੀਹੇ ਦੀ ਤਰ੍ਹਾਂ ਅੰਤ ਤੱਕ ਸ਼ਬਦ ਦਾ ਵਖਿਆਨ ਕਰਦੇ ਰਹੇ:-

**'ਰਹਿਦੇ ਗੁਰੁ ਦਰੀਆਉ ਵਿਚਿ, ਮੀਨ ਕੁਲੀਨ ਹੇਤੁ ਨਿਰਬਾਣੀ।**
**ਦਰਸਨੁ ਦੇਖਿ ਪਤੰਗ ਜਿਉ, ਜੋਤੀ ਅੰਦਰਿ ਜੋਤਿ ਸਮਾਣੀ।**
**ਸਬਦੁ ਸੁਰਤਿ ਲਿਵ ਮਿਰਗ ਜਿਉ, ਭੀੜ ਪਈ ਚਿਤਿ ਅਵਰੁ ਨ ਆਣੀ।**
**ਚਰਣ ਕਵਲ ਮਿਲਿ ਭਵਰ ਜਿਉ, ਸੁਖ ਸੰਪਟ ਵਿਚਿ ਰੈਣ ਵਿਹਾਣੀ।**
**ਗੁਰ ਉਪਦੇਸੁ ਨ ਵਿਸਰੈ, ਬਾਬੀਹੇ ਜਿਉ ਆਖ ਵਖਾਣੀ।**
**ਗੁਰਮੁਖਿ ਸੁਖ ਫਲੁ ਪਿਰਮ ਰਸੁ, ਸਹਜ ਸਮਾਧਿ ਸਾਧ ਸੰਗਿ ਜਾਣੀ।**
**ਗੁਰ ਅਰਜਨ ਵਿਟਹੁ ਕੁਰਬਾਣੀ।। ੨੩।। ( ਵਾਰ ੨੪ )**

ਗੁਰੂ ਅਰਜੁਨ ਦੇਵ ਜੀ ਦੀ ਸ਼ਹੀਦੀ ਦੀ ਖ਼ਬਰ ਜਿਸ ਨੂੰ ਵੀ ਮਿਲੀ, ਉਹ ਦਿਲ ਦਾ ਰੁੱਗ ਭਰ ਕੇ ਬਹਿ ਗਿਆ। ਸਾਰੇ ਭਾਰਤ ਵਿਚ ਇਸ ਨਾਲ ਸੋਗ ਦੀ ਲਹਿਰ ਦੌੜ ਗਈ। ਪਰ ਸ਼ੇਖ ਅਹਮਦ ਸਰਹੰਦੀ, ਉਸਦੇ ਸਾਥੀਆਂ ਅਤੇ ਮਜ਼ਹੱਬੀ ਜਨੂੰਨ ਵਿਚ ਅੰਨ੍ਹੇ ਹੋਏ ਮਨੁਖਾਂ ਨੂੰ ਇਸ ਸ਼ਹੀਦੀ ਨਾਲ ਓੜਕਾਂ ਦੀ ਪ੍ਰਸੰਨਤਾ ਹੋਈ। ਸ਼ੇਖ ਅਹਿਮਦ ਸਰਹੰਦੀ ਦੀ ਚਿਠੀ (ਜੋ ਮੇਕਤੂਬਾਤਿ - ਇਮਾਮਿ ਰਬਾਨੀ ਦੀ ੧੯੩ ਨੰਬਰ ਚਿਠੀ ਹੈ) ਵਿਚ ਇਸ ਅਪਾਰ ਪ੍ਰਸੰਨਤਾ ਦਾ ਜ਼ਿਕਰ ਇੰਝ ਕੀਤਾ ਗਿਆ ਹੈ:-

"ਗੋਇੰਦਵਾਲ ਦੇ ਇਸ ਭ੍ਰਿਸ਼ਟ ਕਾਫਰ (ਗੁਰੂ ਅਰਜੁਨ ਦੇਵ ਜੀ) ਦੀ ਸ਼ਹਾਦਤ ਸਾਡੀ ਇਕ ਵੱਡੀ ਪ੍ਰਾਪਤੀ ਅਤੇ ਜਿੱਤ ਹੈ, ਅਤੇ ਇਸ ਨਾਲ ਘ੍ਰਿਣਤ ਹਿੰਦੂਆਂ ਨੂੰ ਭੀ ਇਕ ਵੱਡੀ ਤੇ ਜ਼ਲਾਲਤ ਭਰੀ ਹਾਰ ਹੋਈ ਹੈ। ਭਾਵੇਂ ਉਸਨੂੰ ਕਿਸੇ ਤਰ੍ਹਾਂ ਮਾਰਿਆ ਗਿਆ, ਕਿਸੇ ਕਾਰਨ ਅਤੇ ਕਿਸੇ ਬਹਾਨੇ ਨਾਲ ਖਤਮ ਕੀਤਾ ਗਿਆ, ਇਸ ਨਾਲ ਸਮੂਹ ਕਾਫਰਾਂ ਦਾ ਭਾਰੀ ਨੁਕਸਾਨ ਹੋਇਆ ਹੈ। ਸਮੂਹ ਮੁਸਲਮਾਨਾਂ ਲਈ ਇਹ ਬੜੇ ਫਾਇਦੇ ਅਤੇ ਵਾਧੇ ਦੀ ਘਟਨਾ ਹੈ। ਇਸ ਕਾਫ਼ਰ ਦੀ ਸ਼ਹਾਦਤ ਤੋਂ ਪਹਿਲਾਂ ਮੈਨੂੰ ਇਕ ਬੜਾ ਚੰਗਾ ਸੁਫਨਾ ਭੀ ਆਇਆ ਸੀ, ਜਿਸ ਵਿਚ ਮੈਂ ਤੱਕਿਆ ਸੀ ਕਿ ਬਾਦਸ਼ਾਹ ਜਹਾਂਗੀਰ ਨੇ ਕੁਫ਼ਰ ਦਾ ਸਿਰ ਕੁਚਲ ਦਿਤਾ ਹੈ। ਇਸ ਵਿਚ ਸ਼ੱਕ ਹੀ ਨਹੀਂ ਕਿ ਇਹ ਕਾਫ਼ਰ (ਗੁਰੂ ਅਰਜੁਨ ਦੇਵ ਜੀ) ਧਰਮ ਹੀਣੇ ਲੋਕਾਂ ਦਾ ਸਿਰਮੌਰ ਤੇ ਕਾਫ਼ਰਾਂ ਦਾ ਵੱਡਾ ਮੁਖੀ ਸੀ।"

ਗੁਰੂ ਅਰਜੁਨ ਦੇਵ ਜੀ ਦੀ ਸ਼ਹੀਦੀ ਮਗਰੋਂ ਸ਼ੇਖ ਅਹਿਮਦ ਸਰਹੰਦੀ ਤੇ ਉਸ ਵਰਗੀ ਸੋਚਣੀ ਵਾਲਿਆਂ ਨੇ ਭਾਵੇਂ ਕਿੰਨੀਆਂ ਵੀ ਕੱਛਾਂ ਵਜਾਈਆਂ ਹੋਣ ਤੇ ਭਾਵੇਂ ਵੇਲੇ ਦੀ ਸਰਕਾਰ ਨੇ ਇਹ ਸਮਝ ਲਿਆ ਹੋਵੇ ਕਿ ਸਿੱਖ - ਲਹਿਰ ਦੀ ਕਮਰ ਤੋੜ ਦਿਤੀ ਗਈ ਹੈ; ਪਰ ਉਨ੍ਹਾਂ ਦੀ ਇਹ ਖੁਸ਼ਫਹਿਮੀ ਕੁਝ ਹੀ ਸਾਲਾਂ ਮਗਰੋਂ ਦੂਰ ਹੋ ਗਈ ਹੋਵੇਗੀ। ਪੰਚਮ ਪਿਤਾ ਤੋਂ ਮਗਰਲੇ ਗੁਰੂ ਤੇ ਉਨ੍ਹਾਂ ਦੇ ਸਪੁਤਰ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੇ ਸ੍ਰੀ ਹਰਿਮੰਦਰ ਸਾਹਿਬ ਵਿਚ ਮੁਗਲਾਂ ਦੇ ਤਖਤ ਦੇ ਟਾਕਰੇ, 'ਅਕਾਲ ਤਖਤ' ਦੀ ਰਚਨਾ ਕੀਤੀ, ਜਿਸਦੇ ਦੋ ਝੰਡੇ (ਨਿਸ਼ਾਨ ਸਾਹਿਬ) ਪਰੱਤਖ ਤੌਰ ਤੇ ਇਹ ਅਲਾਨ ਕਰਨ ਲੱਗੇ ਕਿ ਭਗਤੀ ਤੇ ਸ਼ਕਤੀ ਦੋ ਅਜੋੜ ਵਸਤਾਂ ਹਨ। ਭਗਤਜਨ (ਗੁਰਸਿਖ) ਹੁਣ ਗੁਰਦਰਬਾਰ ਵਿਚ ਬੰਦੂਕਾਂ, ਤੀਰਾਂ, ਤੀਰਕਮਾਨਾ, ਤਲਵਾਰਾਂ, ਨੇਜ਼ਿਆਂ ਦੀਆਂ ਭੇਟਾਂ ਲਿਆਉਣ ਲਗੇ। ਵਧੀਆ ਕਾਬਲੀ ਘੋੜੇ ਗੁਰੂ ਜੀ ਨੂੰ ਅਰਪਣ ਕਰਨ ਲਗੇ। ਇਥੇ ਹੀ ਬੱਸ ਨਹੀਂ ਨੌਜੁਆਨ ਸੀਸ ਤਲੀ ਤੇ ਰਖ ਕੇ ਗੁਰੂ ਦਰਬਾਰ ਵਿਚ ਆਉਣ ਲੱਗੇ। ਉਨ੍ਹਾਂ ਦਾ ਸੱਚਾ ਪਾਤਸ਼ਾਹ (ਗੁਰੂ ਹਰਿ ਗੋਬਿੰਦ ਸਾਹਿਬ) ਅਕਾਲ ਤਖਤ ਤੇ ਬਿਰਾਜ ਕੇ ਮੁਗਲਾਂ ਨੂੰ ਵੰਗਾਰਨ ਲੱਗਾ; ਉਸ ਮੀਰੀ ਤੇ ਪੀਰੀ ਦੀਆਂ ਤਲਵਾਰਾਂ ਪਹਿਨ ਲਈਆਂ। ਗੁਰੂ - ਦਰਬਾਰ ਵਿਚ ਧੌਂਸੇ ਵੱਜਣ ਲੱਗੇ ਤੇ ਢਾਡੀ ਉਚੀ ਸੁਰ ਵਿਚ ਸੂਰਮਿਆਂ ਦੀਆਂ ਵਾਰਾਂ ਗਾਉਣ ਲੱਗੇ। ਜਿਹਨਾਂ ਨੇ ਗੁਰੂ ਅਰਜੁਨ ਦੇਵ ਜੀ ਨੂੰ ਸ਼ਹੀਦ ਕੀਤਾ ਸੀ ਉਨ੍ਹਾਂ ਨੂੰ ਚਾਰ ਜੰਗਾਂ ਵਿਚ ਮੂੰਹ - ਤੋੜਵੀ ਹਾਰ ਦਿਤੀ। ਜੇ ਜ਼ਾਲਮਾਂ ਨੇ ਗੁਰੂ ਤੇਗ ਬਹਾਦਰ ਜੀ ਨੂੰ ਸ਼ਹੀਦ ਕਰਨ ਦੀ ਗਲਤੀ ਕੀਤੀ, ਤਾਂ ਉਨ੍ਹਾਂ ਦੇ ਤਰ, ਦਸਮ ਪਿਤਾ, ਗੁਰੂ ਗੋਬਿੰਦ ਸਿੰਘ ਜੀ ਨੇ ਸਾਰਾ ਪਰਿਵਾਰ ਵਾਰਕੇ ਲੋਕਾਂ ਨੂੰ

ਆਜ਼ਾਦੀ ਲਈ ਸੰਘਰਸ਼ ਕਰਨ ਦੀ ਅਮਲੀ ਪ੍ਰੇਰਨਾਂ ਦਿਤੀ। ਆਪ ਨੇ ਧਰਮ - ਰਖਿਅਕ ਫੌਜ 'ਖਾਲਸਾ ਪੰਥ' ਦੀ ਸਾਜਨਾ ਕਰਕੇ ਜ਼ੁਲਮਾਂ ਅਤੇ ਜ਼ਾਲਮਾਂ ਦਾ ਸਫਾਇਆ ਕਰਨ ਲਈ ਸਦੀਵੀ ਪ੍ਰਬੰਧ ਕਰ ਦਿਤਾ । ਜੋ ਦੀਨਾਂ, ਲਿਤਾੜਿਆਂ, ਨਿਆਸਰਿਆਂ ਲਈ ਕੁਰਬਾਨੀਆਂ ਕਰਨ ਦੀ ਲੋੜ ਪਈ ਤਾਂ 'ਅਕਾਲ ਪੁਰਖ ਦੀ ਫੌਜ' ਦੇ ਸਿਪਾਹੀ ਹੱਸ ਹੱਸ ਕੇ ਸ਼ਹੀਦੀਆਂ ਪਾਉਣ ਲਗੇ। ਪਾਣੀ ਵਿਚ ਉਬਾਲੇ ਜਾਣ, ਆਰਿਆਂ ਨਾਲ ਸਰੀਰ ਕਟਵਾਉਣ, ਅੱਗ ਨਾਲ ਸਾੜੇ ਜਾਣ, ਬੰਦ - ਬੰਦ ਕਟਾਏ ਜਾਣ, ਖੋਪਰੀਆਂ ਲੁਹਾਉਣ, ਜਮੂਰਾਂ ਨਾਲ ਮਾਸ ਤੁੜਵਾਉਣ, ਚਰਖੜੀਆਂ ਤੇ ਚਾੜੇ ਜਾਣ, ਫਾਂਸੀ ਚਾੜ੍ਹੇ ਜਾਣ, ਤੋਪਾਂ ਨਾਲ ਉਡਾਏ ਜਾਣ, ਜੰਡਾਂ ਨਾਲ ਬੰਨਕੇ ਸਾੜੇ ਜਾਣ, ਹਾਥੀਆਂ ਦੇ ਪੈਰਾਂ ਹੇਠ ਆਕੇ ਕੁਚਲੇ ਜਾਣ, ਮੁੰਗਲੀਆਂ ਨਾਲ ਸਿਰ ਫੇਹੇ ਜਾਣ, ਜ਼ਮੀਨ ਵਿਚ ਗੱਡ ਕੇ ਕੁਤਿਆਂ ਦਾ ਆਹਾਰ ਬਣ ਜਾਣ, ਭੱਠੀਆਂ 'ਚ ਝੋਖੇ ਜਾਣ, ਗਡੀਆਂ ਥਲੇ ਆ ਕੇ ਸ਼ਹੀਦ ਹੋ ਜਾਣ, ਲਾਠੀਆਂ ਦੀਆਂ ਮਾਰਾਂ ਖਾਣ, ਸਰਕਾਰੀ ਤਸੀਹੇ-ਖਾਨਿਆਂ ਵਿਚ ਅਸਹਿ ਤੇ ਅਕਹਿ ਕਸ਼ਟ ਸਹਾਰਨ, ਕੋਹ ਕੋਹ ਕੇ ਮਾਰੇ ਜਾਣ, ਝੂਠੇ ਪੁਲਿਸ ਮੁਕਾਬਲਿਆਂ ਵਿਚ ਮਾਰੇ ਜਾਣ, ਪੁਠੇ ਟੰਗੇ ਜਾਣ ਮਗਰੋਂ ਡਾਗਾਂ ਦੀਆਂ ਮਾਰਾਂ ਖਾਣ, ਲਾਲ ਮਿਰਚਾਂ ਦੀਆਂ ਧੂਣੀਆਂ ਸਹਿਣ, ਪੈਰਾਂ ਦੀਆਂ ਤਲੀਆਂ ਤੇ ਬੈਂਤਾਂ ਦੀ ਮਾਰ ਸਹਿਣ, ਘੋਟਣਾ ਲੁਆਉਣ . . . ਲਈ ਵੱਧ ਚੜ੍ਹ ਕੇ ਮੈਦਾਨ ਵਿਚ ਨਿਤਰਦੇ ਰਹੇ ਹਨ। ਇਕ ਗੁਰੂ ਅਰਜੁਨ ਦੇਵ ਜੀ ਦੀ ਸ਼ਹੀਦੀ ਨੇ ਲੱਖਾਂ ਸਿਖਾਂ ਨੂੰ ਸੁਤੰਤਰਤਾ ਲਈ ਸ਼ਹੀਦ ਹੋਣ ਤੇ ਅਣਖ ਨਾਲ ਜੀਵਨ ਜੀਉਣ ਦੇ ਮਾਰਗ ਉਤੇ ਤੋਰ ਦਿਤਾ ਤੇ ਸਿਖ ਹਮੇਸ਼ਾ ਹੀ ਇਸੇ ਮਾਰਗ ਤੇ ਤੁਰਦੇ ਜਾਣਗੇ।

# ਗੁਰੂ ਅਰਜੁਨ ਦੇਵ ਜੀ ਦੇ ਸਿਖ ਅਤੇ ਉਪਦੇਸ਼

ਗੁਰੂ ਦਾ ਜੀਵਨ ਸਿਖਾਂ ਲਈ ਚਾਨਣ ਮੁਨਾਰਾ ਹੁੰਦਾ ਹੈ, ਜਿਸ ਦੀ ਰੋਸ਼ਨੀ ਵਿਚ ਉਹ ਜੀਵਨ - ਰਾਹ ਨੂੰ ਲੱਭ ਲੈਂਦੇ ਹਨ ਤੇ ਉਸ ਰਾਹ ਤੇ ਤੁਰਦੇ ਹੋਏ ਆਪ ਤਾਂ ਸੰਸਾਰ - ਸਾਗਰ ਤੋਂ ਪਾਰ ਹੋ ਜਾਂਦੇ ਹਨ ਅਤੇ ਹੋਰਨਾਂ ਨੂੰ ਵੀ ਜੀਵਨ ਸਫ਼ਲ ਕਰਨ ਦਾ ਢੰਗ ਸਿਖਾ ਦਿੰਦੇ ਹਨ। ਗੁਰੂ ਅਰਜੁਨ ਦੇਵ ਜੀ ਦੇ ਦਰਬਾਰ ਵਿਚ ਵੀ ਐਸੇ ਸੈਂਕੜੇ ਸਿਖ ਰੋਜ਼ ਆਉਂਦੇ - ਜਾਂਦੇ ਰਹਿੰਦੇ ਸਨ। ਕੁਝ ਐਸੇ ਵੀ ਸਨ ਜਿਨ੍ਹਾਂ ਦੇ ਜੀਵਨ - ਕਾਰਨਾਮਿਆਂ ਨੂੰ ਇਤਿਹਾਸ ਨੇ ਸਾਂਭ ਕੇ ਰੱਖ ਲਿਆ, ਉਨ੍ਹਾਂ ਚੋਂ ਕੁਝ ਦਾ ਜ਼ਿਕਰ ਅਸਾਂ ਕਰਨਾ ਹੈ। ਨਾਲ ਹੀ ਸਤਿਗੁਰਾਂ ਦੇ ਉਪਦੇਸ਼ ਅੰਕਤ ਕਰਨੇ ਹਨ, ਜਿਨ੍ਹਾਂ ਨੇ ਸਿਖਾਂ ਦੇ ਜੀਵਨ ਬਦਲ ਕੇ ਰੱਖ ਦਿਤੇ ਸਨ।

### ੧. ਸਿੱਖੀ ਉਤੇ ਸਿੱਖੀ ਨਹੀਂ ਟਿਕਦੀ:

ਗੁਰੂ ਜੀ ਦਾ ਇਕ ਸਿੱਖ ਸੀ ਭਾਈ ਮੰਝ। ਉਹ ਹੁਸ਼ਿਆਰਪੁਰ ਜ਼ਿਲੇ ਦੇ ਪਿੰਡ ਕੰਗ ਮਾਈ ਦਾ ਰਹਿਣ ਵਾਲਾ ਸੀ ਤੇ ਪਹਿਲਾਂ ਸਖੀ ਸਰਵਰ ਦਾ ਪੁਜਾਰੀ ਸੀ। ਉਸਨੇ ਘਰ ਵਿਚ ਪੀਰਖਾਨਾ ਬਣਾਇਆ ਹੋਇਆ ਸੀ, ਜਿਸ ਤੇ ਹਰ ਵੀਰਵਾਰ ਨੇਮ ਨਾਲ ਮਿਠਾ ਰੋਟ ਚੜ੍ਹਾਉਂਦਾ ਸੀ। ਸ਼ਰਧਾਲੂਆਂ ਨੂੰ ਨਾਲ ਲੈਕੇ ਨਿਗਾਹੇ ਪਿੰਡ ਜਾਂਦਾ ਹੁੰਦਾ ਸੀ। ਜਿਥੇ ਸਰਵਰੀਆਂ ਦੇ ਬਾਨੀ ਸੁਲਤਾਨ ਦੀ ਕਬਰ ਸੀ। ਸੁਲਤਾਨ ਦਾ ਅਸਲ ਨਾਮ ਸਯਦ ਅਹਿਮਦ ਸੀ।

ਸੰਨ ੧੫੮੫ ਵਿਚ ਭਾਈ ਮੰਝ ਜਥੇ ਦੇ ਨਾਲ ਨਿਗਾਹੇ ਤੋਂ ਵਾਪਸ ਆਉਂਦਿਆਂ ਅੰਮ੍ਰਿਤਸਰ ਠਹਿਰ ਗਿਆ। ਗੁਰੂ ਅਰਜੁਨ ਦੇਵ ਜੀ ਦੇ ਦਰਬਾਰ ਆਇਆ। ਗੁਰੂ ਜੀ ਦੇ ਦਰਸ਼ਨ ਕੀਤੇ; ਉਹਨਾਂ ਦੇ ਬਚਨ ਸੁਣੇ; ਕੀਰਤਨ ਸੁਣਿਆ। ਮਨ ਉਤੇ ਇੰਨਾਂ ਅਸਰ ਹੋਇਆ ਕਿ ਗੁਰੂ ਦਾ ਸਿੱਖ ਬਣਨ ਦਾ ਵਿਚਾਰ ਮਨ ਵਿਚ ਉਠ ਖੜੋਇਆ। ਸਤਿਗੁਰਾਂ ਅੱਗੇ ਅਰਦਾਸ ਕੀਤੀ,ਸਤਿਗੁਰੂ ਜੀ ਸਿੱਖੀ ਦੀ ਦਾਤ ਬਖਸ਼ੋ! ਸਤਿਗੁਰਾਂ ਨੇ ਜੁਆਬ ਦਿਤਾ,ਪੁਰਖਾ! ਸਿੱਖੀ ਉਤੇ ਸਿੱਖੀ ਨਹੀਂ ਟਿਕ ਸਕਦੀ। ਨਵੇਂ ਰਾਹ ਤੇ ਚਲਣ ਲਈ ਪੁਰਾਣੇ ਰਾਹ ਨੂੰ ਤਿਆਗਣਾ ਪਵੇਗਾ। ਜਾਹ, ਘਰ ਜਾ ਕੇ ਪਹਿਲਾਂ ਪੀਰਖਾਨਾ ਢਾਹ ਦੇ। ਸਖੀ ਸਰਵਰ ਦੀ ਪੂਜਾ ਛੱਡ ਦੇ। ਗੁਰੂ ਨਾਨਕ ਦੀ ਸਿੱਖੀ ਦੇ ਉਲਟ ਜਿੰਨੇ ਵੀ ਕਰਮ ਕਰਦਾ ਹੈਂ, ਸਭ ਤਿਆਗ ਦੇ। ਫਿਰ ਮਨ ਰੂਪੀ ਭਾਂਡਾ ਪਵਿਤਰ ਹੋਵੇਗਾ। ਉਸ ਵਿਚ ਸਿੱਖੀ ਦੀ ਅਮੋਲਕ ਦਾਤ ਪਾਵਾਂਗੇ!

ਭਾਈ ਮੰਝ ਆਪਣੇ ਪਿੰਡ ਚਲਾ ਗਿਆ। ਜਿਵੇਂ ਗੁਰੂ ਜੀ ਨੇ ਉਪਦੇਸ਼ ਦਿਤਾ ਸੀ, ਉਵੇਂ ਹੀ ਕੀਤਾ। ਪੀਰਖਾਨਾ ਢਾਹ ਦਿਤਾ, ਰੋਟ ਚਾੜ੍ਹਨ ਦਾ ਤਾਂ ਫਿਰ ਸੁਆਲ ਹੀ ਪੈਦਾ ਨਹੀਂ ਸੀ ਹੁੰਦਾ। ਧਾਗੇ ਤਵੀਤ ਦੇਣੇ ਬੰਦ ਕਰ ਦਿਤੇ। ਫਿਰ ਗੁਰੂ ਕੀ ਮੱਤ ਲੈਣ ਲਈ ਸਤਿਗੁਰਾਂ ਦੇ ਦਰਬਾਰ ਵਿਚ ਪੁਜਿਆ ਤੇ ਸਤਿਗੁਰਾਂ ਨੇ ਤ੍ਰੁਠ ਕੇ ਸਿੱਖੀ ਦੀ ਦਾਤ ਬਖਸ਼ਿਸ਼ ਕੀਤੀ। ਭਾਈ ਮੰਝ ਗੁਰੂ ਦਰਬਾਰ ਵਿਚ ਜਿਥੇ ਮਨ ਨੂੰ ਗੁਰਬਾਣੀ ਦੇ ਪਾਠ ਤੇ ਕੀਰਤਨ ਨਾਲ ਪਵਿਤਰ ਕਰਦਾ ਉਥੇ ਗੁਰਸਿਖਾਂ ਦੀ ਸੇਵਾ ਕਰਕੇ ਸਰੀਰ ਨੂੰ ਪਵਿਤਰ ਕਰਦਾ।

ਪਿੰਡ ਦੇ ਲੋਕ ਭਾਈ ਮੰਝ ਨਾਲ ਨਫਰਤ ਕਰਨ ਲਗ ਪਏ ਕਿਉਂਕਿ ਸਾਰੇ ਹੀ ਸਖੀ ਸਰਵਰ ਦੇ ਪੁਜਾਰੀ ਸਨ। ਉਸਨੂੰ ਪਿੰਡ ਦੇ ਮੁਖੀ ਦੇ ਪਦ ਤੋਂ ਲਾਹ ਦਿਤਾ ਗਿਆ ਤੇ ਕਈ ਤਰ੍ਹਾਂ ਦੇ ਨੁਕਸਾਨ ਪਹੁੰਚਾਏ। ਪਰ ਭਾਈ ਮੰਝ ਨੇ ਕਿਸੇ ਗਲ ਦੀ ਪਰਵਾਹ ਨਾ ਕੀਤੀ। ਗੁਰ - ਉਪਦੇਸ਼ ਨੂੰ ਘੁਟ ਕੇ ਪੱਲੇ ਬੰਨ੍ਹ ਕੇ ਸੇਵਾ - ਸਿਮਰਨ ਦਾ ਜੀਵਨ ਬਤੀਤ ਕਰਦਾ ਰਿਹਾ।

## ੨. ਮੰਝ ਗੁਰੂ ਕਾ ਬੋਹਿਥਾ:

ਭਾਈ ਮੰਝ ਨੇ ਇਕ ਵਿਸ਼ੇਸ਼ ਸੇਵਾ ਆਪਣੇ ਸਿਰ ਲੈ ਲਈ। ਉਹ ਸੀ ਲੰਗਰ ਲਈ ਜੰਗਲ ਵਿਚੋਂ ਲਕੜੀ ਲਿਆਉਣ ਦੀ ਸੇਵਾ। ਉਹ ਬਿਨਾਂ ਨਾਗਾ ਇਹ ਸੇਵਾ ਕਰਦੇ ਰਹੇ। ਇਕ ਦਿਨ ਜਦੋਂ ਜੰਗਲ ਵਿਚੋਂ ਲਕੜਾਂ ਲੈ ਕੇ ਵਾਪਸ ਆ ਰਹੇ ਸਨ ਤਾਂ ਰਾਹੋਂ ਕੁਰਾਹੇ ਪੈ ਗਏ, ਪਰ ਸਿਰ ਉਤੇ ਲੱਕੜਾਂ ਦੀ ਪੰਡ ਸੰਭਾਲ ਕੇ ਰਖੀ। ਅਚਾਨਕ ਹੀ ਇਕ ਖੂਹ ਵਿਚ ਡਿਗ ਪਏ, ਜੋ ਬਹੁਤਾ ਡੂੰਘਾ ਨਹੀਂ ਸੀ। ਤਾਂ ਵੀ ਭਾਈ ਜੀ ਨੇ ਬਾਲਣ (ਲੱਕੜਾਂ) ਗਿਲਾ ਨਾ ਹੋਣ ਦਿਤਾ, ਖੂਹ ਦੇ ਵਿਚ ਵੀ ਪੰਡ ਸਿਰ ਤੇ ਰਖੀ ਖੜ੍ਹੇ ਰਹੇ ਤੇ ਉਚੀ ਉਚੀ ਬਾਣੀ ਦਾ ਪਾਠ ਕਰਦੇ ਰਹੇ। ਰਾਤ ਖੂਹ ਵਿਚ ਹੀ ਗੁਜਾਰ ਦਿਤੀ। ਇਕ ਜਿਮੀਦਾਰ ਆਪਣੇ ਖੇਤਾਂ ਵਿਚ ਘੁੰਮਦਾ ਉਧਰ ਆਇਆ, ਤਾਂ ਉਸਨੂੰ ਭਾਈ ਸਾਹਿਬ ਬਾਰੇ ਪਤਾ ਲੱਗਾ। ਉਸਨੇ ਗੁਰੂ - ਦਰਬਾਰ ਵਿਚ ਆ ਕੇ ਖ਼ਬਰ ਦਿਤੀ। ਸੱਚੇ ਸੇਵਕ ਭਾਈ ਮੰਝ ਨੂੰ ਖੂਹ ਵਿਚੋਂ ਕੱਢਣ ਲਈ ਸਤਿਗੁਰੂ ਜੀ ਆਪ ਤੁਰ ਪਏ। ਨਾਲ ਸਿਖਾਂ ਨੇ ਤਾਂ ਜਾਣਾ ਹੀ ਸੀ। ਉਥੇ ਜਾਕੇ, ਖੂਹ ਵਿਚ ਰਸਾ ਲਮਕਾ ਕੇ ਆਵਾਜ ਦਿਤੀ,ਭਾਈ ਜੀ ਰੱਸਾ ਫੜ ਕੇ ਬਾਹਿਰ ਆ ਜਾਉ। ਭਾਈ ਜੀ ਆਖਣ ਲੱਗੇ, ਪਹਿਲਾਂ ਲਕੜਾਂ ਕੱਢੋ, ਫਿਰ ਮੈਂ ਬਾਹਰ ਆਵਾਂਗਾ। ਸਰੀਰ ਭਿੱਜਣ ਨਾਲ ਤਾਂ ਮੇਰਾ ਕੁਝ ਨਹੀਂ ਵਿਗੜਨ ਲੱਗਾ, ਜੇ ਲੱਕੜਾਂ ਗਿਲੀਆਂ ਹੋ ਗਈਆਂ ਤਾ ਬਲਣਗੀਆਂ ਨਹੀਂ।

ਇਵੇਂ ਹੀ ਕੀਤਾ ਗਿਆ। ਗੁਰੂ ਜੀ ਨੂੰ ਉਥੇ ਖੜ੍ਹਾ ਵੇਖ ਕੇ ਭਾਈ ਜੀ ਗੁਰੂ ਚਰਨਾਂ ਨਾਲ ਲਿਪਟ ਗਏ। ਸਤਿਗੁਰਾਂ ਨੇ ਉਨ੍ਹਾਂ ਨੂੰ ਛਾਤੀ ਨਾਲ ਲਗਾਇਆ ਤੇ ਆਖਣ ਲੱਗੇ ਤੁਹਾਡੀ ਸੇਵਾ ਥਾਂਇ ਪਈ ਹੈ, ਤੁਸੀ ਸਿੱਖੀ ਦੇ ਇਮਤਿਹਾਨ ਵਿਚੋਂ ਪਾਸ ਹੋਏ ਹੋ। ਆਪਨੇ ਪਿਆਰ ਵਿਚ ਆ ਕੇ ਆਖਿਆ:-

**ਮੰਝ ਪਿਆਰਾ ਗੁਰੂ ਕੋ, ਗੁਰੂ ਮੰਝ ਪਿਆਰਾ।**
**ਮੰਝ ਗੁਰੂ ਕਾ ਬੋਹਿਥਾ, ਜਗ ਲੰਘਣਹਾਰਾ।**

ਸਤਿਗੁਰੂ ਜੀ ਨੇ ਭਾਈ ਮੰਝ ਨੂੰ ਉਸ ਦੇ ਇਲਾਕੇ ਵਿਚ ਭੇਜ ਦਿਤਾ। ਭਾਈ ਜੀ ਨੇ ਪਿੰਡ ਪੁੱਜ ਕੇ ਸੰਗਤ ਕਾਇਮ ਕੀਤੀ। ਲੰਗਰ ਚਲਾਇਆ ਅਤੇ ਅਨੇਕਾਂ ਸਰਵਰੀਆਂ ਨੂੰ ਸਿੱਖ ਧਰਮ ਵਿਚ ਲੈ ਆਂਦਾ।

## ੩. ਗਰੀਬਾਂ ਨਾਲ ਪਿਆਰ – ਸਤਿਗੁਰ ਦਾ ਸਤਿਕਾਰ:

ਗੁਰੂ ਅਰਜੁਨ ਦੇਵ ਜੀ ਸੰਨ ੧੫੯੮ ਵਿਚ ਲਾਹੌਰ ਗਏ ਸਨ ਅਤੇ ਉਤੇ ਅੱਠ ਮਹੀਨੇ ਰਹੇ ਸਨ। ਉਨ੍ਹੀਂ ਦਿਨੀ ਕਾਲ ਪੈਣ ਕਰਕੇ ਲਾਹੌਰ ਵਿਚ ਬੀਮਾਰੀਆਂ ਦਾ ਬਹੁਤ ਜ਼ੋਰ ਸੀ। ਸਤਿਗੁਰਾਂ ਨੇ ਸੰਗਤਾਂ ਸਮੇਤ ਕਾਲ - ਪੀੜਤਾਂ ਦੀ ਸੇਵਾ ਕੀਤੀ ਸੀ।

ਲਾਹੌਰ ਵਿਚ ਭਾਈ ਬੁੱਧੂ ਨਾਮ ਦਾ ਇਕ ਸਿੱਖ ਰਹਿੰਦਾ ਸੀ। ਉਸਦੇ ਇੱਟਾਂ ਦੇ ਭੱਠੇ ਸਨ। ਉਸਨੇ ਗੁਰੂ ਸਾਹਿਬ ਤੇ ਸਿੱਖਾਂ ਨੂੰ ਘਰ ਵਿਚ ਪ੍ਰਸ਼ਾਦਾ ਛਕਣ ਦੀ ਬੇਨਤੀ ਕੀਤੀ। ਖੁਲ੍ਹਾ ਲੰਗਰ ਕੀਤਾ। ਉਨ੍ਹਾਂ ਦਿਨਾਂ ਵਿਚ ਉਸਨੇ ਆਵੇ ਚੜ੍ਹਾਏ ਹੋਏ ਸਨ।

ਭਾਈ ਬੁੱਧੂ ਨੇ ਲੰਗਰ ਤਾਂ ਭਾਵੇਂ ਕੀਤਾ ਸੀ। ਪਰ ਆਮ ਲੋਕਾਂ, ਗਰੀਬ - ਗੁਰਬਿਆਂ ਨੂੰ ਲੰਗਰ ਤੋਂ ਦੂਰ ਰਖਣ ਦੀ ਕੋਸ਼ਿਸ਼ ਹੀ ਕੀਤੀ - ਕੁਝ ਰੋਕਾਂ ਵੀ ਲਾ ਦਿਤੀਆਂ। ਗੁਰੂ ਜੀ ਦਾ ਇਕ ਗਰੀਬ ਸਿੱਖ ਇਨ੍ਹਾਂ ਰੋਕਾਂ ਦੇ ਕਾਰਨ ਗੁਰੂ ਜੀ ਦੇ ਚਰਨਾ ਤੱਕ ਨਾ ਪੁੱਜ ਸਕਿਆ। ਉਸਦੀਆਂ ਬੇਨਤੀਆਂ ਵਲ ਕਿਸੇ ਧਿਆਨ ਹੀ ਨਾ ਦਿਤਾ। ਲੰਗਰ ਛਕਿਆ ਗਿਆ। ਸਿੱਖਾਂ ਨੇ ਅਰਦਾਸ ਕੀਤੀ ਕਿ ਭਾਈ ਬੁੱਧੂ ਦਾ ਆਵਾ ਪੱਕ ਜਾਵੇ। ਬਾਹਰੋਂ ਉਹ ਗਰੀਬ ਸਿੱਖ ਬੋਲ ਉਠਿਆ,'ਨਹੀਂ, ਨਹੀਂ, ਗਰੀਬਾਂ ਨੂੰ ਧੱਕੇ ਦੇਣ ਵਾਲੇ ਦਾ ਆਵਾ ਕੱਚਾ ਹੀ ਰਹੇ'। ਆਵਾ ਸੱਚ ਮੁੱਚ ਨਾ ਪਕਿਆ। ਗੱਲ ਗੁਰੂ ਜੀ ਤਕ ਪੁੱਜ ਗਈ। ਆਪ ਨੇ ਬਚਨ ਕੀਤਾ ਕਰਤਾਰ ਪਿਤਾ ਦੇ ਬਚਿਆਂ ਨੂੰ ਦੂਰੇ - ਦੂਰੇ ਕਰਕੇ ਕਰਤਾਰ ਦੀ ਖੁਸ਼ੀ ਨਹੀਂ ਹਾਸਲ ਕੀਤੀ ਜਾ ਸਕਦੀ। ਗੁਰੂ ਦੇ ਇਕ ਸਿੱਖ ਨੂੰ ਦੂਜਾ ਸਿੱਖ ਗਰੀਬ ਸਮਝ ਕੇ ਆਦਰ ਨਾ ਦੇਵੇ, ਇਹ ਗੱਲ ਗੁਰੂ ਨੂੰ ਵੀ ਨਹੀਂ ਭਾਉਂਦੀ। ਗੁਰੂ ਨਾਨਕ ਪਾਤਸ਼ਾਹ ਨੇ ਤਾਂ ਸਗੋਂ ਬਚਨ ਕੀਤਾ ਸੀ:-

**ਨੀਚਾ ਅੰਦਰਿ ਨੀਚ ਜਾਤਿ, ਨੀਚੀ ਹੂ ਅਤਿ ਨੀਚੁ।**
**ਨਾਨਕੁ ਤਿਨ ਕੈ ਸੰਗਿ ਸਾਥਿ, ਵਡਿਆ ਸਿਉ ਕਿਆ ਰੀਸ।।**
**ਜਿਥੈ ਨੀਚ ਸਮਾਲੀਅਨਿ, ਤਿਥੈ ਨਦਰਿ ਤੇਰੀ ਬਖਸੀਸ।।**

(ਸਿਰੀ ਰਾਗੁ,ਮ:੧ - ੧੫)

## ੪. ਭਾਈ ਬਹਿਲੋ – ਨਿਸ਼ਕਾਮ ਸੇਵਕ:

ਭਾਈ ਬਹਿਲੋ ਮਾਲਵੇ ਦੇ ਇਲਾਕੇ ਦੇ ਪਿੰਡ ਫਫੜੇ ਦਾ ਰਹਿਣ ਵਾਲਾ ਸੀ। ਉਹ ਸੰਧੂ ਗੋਤ ਦਾ ਜੱਟ ਸੀ ਤੇ ਸਖੀ ਸਰਵਰ ਨੂੰ ਮੰਨਣ ਵਾਲਾ ਸੀ ਅਤੇ ਹਰ ਸਾਲ ਨਿਗਾਹੇ ਜਾਇਆ ਕਰਦਾ ਸੀ। ਇਹ ਗੁਰੂ ਅਰਜੁਨ ਦੇਵ ਜੀ ਦੀ ਪ੍ਰੇਰਨਾ ਨਾਲ ਸਿੱਖ ਬਣਿਆ। ਸਖੀ ਸਰਵਰ ਨੂੰ ਛੱਡ ਕੇ ਸਿੱਖੀ ਦੀ ਕਮਾਈ ਇੰਨੇ ਉਤਸ਼ਾਹ ਨਾਲ ਕੀਤੀ ਕਿ ਉਸਦਾ ਜੀਵਨ ਸਿਖਾਂ ਲਈ ਇਕ ਨਮੂਨੇ ਦਾ ਜੀਵਨ ਬਣ ਗਿਆ।

ਜਦ ਹਰਿਮੰਦਰ ਸਾਹਿਬ ਦੀ ਇਮਾਰਤ ਦੀ ਤਿਆਰੀ ਹੋ ਰਹੀ ਸੀ, ਤਦ ਗੁਰੂ ਦਰਬਾਰ ਵਿਚ ਕਿਸੇ ਨੇ ਗੱਲ ਕੀਤੀ ਕਿ ਜੇ ਆਵਿਆਂ ਵਿਚ ਮੈਲਾ ਪਾਇਆ ਜਾਵੇ ਤਾਂ ਇੱਟਾਂ ਬਹੁਤ ਪੱਕੀਆਂ ਬਣਦੀਆਂ ਹਨ। ਉਦੋਂ ਸਿੱਖ ਸੰਗਤਾਂ ਇਮਾਰਤ ਦੀ ਉਸਾਰੀ ਵਿਚ ਤਨ, ਮਨ ਤੇ ਧਨ ਨਾਲ ਸੇਵਾ ਕਰ ਰਹੀਆਂ ਸਨ ਤੇ ਹਰ ਇਕ ਇਹੀ ਚਾਹੁੰਦਾ ਸੀ ਕਿ ਹਰਿਮੰਦਰ ਸਾਹਿਬ ਦੀ ਇਮਾਰਤ ਵੱਧ ਤੋਂ ਵੱਧ ਮਜਬੂਤ ਬਣੇ। ਕਈ ਸਿੱਖਾਂ ਦੇ ਮਨ ਵਿਚ ਖਿਆਲ ਆਉਂਦੇ ਕਿ ਮਜਬੂਤ ਬਣਾਉਣ ਲਈ ਆਵਿਆਂ ਵਿਚ ਮੈਲਾ ਪਾਇਆ ਜਾਵੇ, ਪਰ ਕਿਸੇ ਦਾ ਵੀ ਮਨ ਇਹ ਸੇਵਾ ਕਰਨ ਨੂੰ ਤਿਆਰ ਨਾ ਹੁੰਦਾ, ਕਿਉਂਕਿ ਇਹ ਚੂਹੜਿਆਂ ਦਾ ਕੰਮ ਸੀ ਅਤੇ ਬੜਾ ਘਟੀਆ ਕੰਮ ਸਮਝਿਆ ਜਾਂਦਾ ਸੀ।

ਇਨ੍ਹਾਂ ਦਿਨਾਂ ਵਿਚ ਭਾਈ ਬਹਿਲੋ ਜੀ ਗੁਰੂ ਦਰਬਾਰ ਵਿਚ ਆਏ। ਆਪ ਨੂੰ ਇਹ ਪਤਾ ਲੱਗਾ ਕਿ ਆਵਿਆਂ ਵਿਚ ਮੈਲਾ ਪਾਉਣ ਨਾਲ ਇੱਟਾਂ ਪੱਕੀਆਂ ਬਣਦੀਆਂ ਹਨ।

ਗੁਰੂ ਦਾ ਲੜ ਫੜਕੇ ਆਪ ਨੂੰ ਪਤਾ ਲਗ ਚੁੱਕਾ ਸੀ ਕਿ ਸੇਵਾ ਕੋਈ ਵੀ ਨੀਵੀਂ ਨਹੀਂ ਹੈ; ਸਗੋਂ ਗੁਰੂ ਦਰਬਾਰ ਦੀ ਸੇਵਾ ਤਾਂ ਸਭ ਤੋਂ ਉਚੀ ਸੇਵਾ ਹੈ। ਆਪਨੇ ਮੈਲਾ ਇੱਕਠਾ ਕਰਕੇ ਆਵਿਆਂ ਵਿਚ ਪਾਉਣ ਦੀ ਸੇਵਾ ਆਰੰਭ ਕਰ ਦਿਤੀ। ਗੁਰੂ ਜੀ ਦੀਆਂ ਖੁਸ਼ੀਆਂ ਹਾਸਲ ਕਰਨ ਲਈ, ਉਨ੍ਹਾਂ ਦੇ ਭਾਣੇ, ਇਹ ਕੋਈ ਵੱਡੀ ਸੇਵਾ ਨਹੀਂ ਸੀ। ਗੁਰੂ ਸਾਹਿਬ ਨੂੰ ਪਤਾ ਲੱਗਾ ਤਾਂ ਉਨ੍ਹਾਂ ਨੇ ਭਾਈ ਸਾਹਿਬ ਨੂੰ ਭਰੇ ਦੀਵਾਨ ਵਿਚ ਆਪਣੇ ਕੋਲ ਬੁਲਾਇਆ, ਪਿਆਰ ਕੀਤਾ ਤੇ ਆਖਿਆ, 'ਭਾਈ ਬਹਿਲੋ, ਸਭ ਤੋ ਪਹਿਲੋਂ।' ਸਤਿਗੁਰੂ ਜੀ ਨੇ ਉਨ੍ਹਾਂ ਨੂੰ ਸਿੱਖੀ ਦਾ ਪਰਚਾਰ ਕਰਨ ਲਈ ਮਾਲਵੇ ਦਾ ਮਸੰਦ ਥਾਪ ਦਿਤਾ।

**੫. ਵਡਮੁੱਲੀਆਂ ਵਸਤਾਂ –**

**ਖਲਕਤ ਦੀ ਸੇਵਾ ਤੇ ਪਰਮਾਤਮਾ ਦੀ ਯਾਦ:**

ਗੁਰੂ ਜੀ ਦਾ ਇਕ ਸਿੱਖ ਸੀ ਪੰਡਤ ਗੰਗਾ ਰਾਮ। ਉਹ ਬਠਿੰਡੇ ਦੇ ਇਲਾਕੇ ਦਾ ਰਹਿਣ ਵਾਲਾ ਸੀ ਤੇ ਅੰਨ ਦਾ ਵਾਪਾਰ ਕਰਿਆ ਕਰਦਾ ਸੀ। ਉਹ ਅੰਨ ਊਠਾਂ ਦੇ ਲੱਦ ਕੇ ਦੂਰ ਦੂਰ ਤਕ ਵੇਚ ਆਉਂਦਾ ਸੀ। ਇਕ ਵਾਰੀ ਉਹ ਬਾਜਰੀ ਲੱਦ ਕੇ ਅੰਮ੍ਰਿਤਸਰ ਲੈ ਆਇਆ। ਉਦੋਂ ਹਰਿਮੰਦਰ ਸਾਹਿਬ ਦੀ ਇਮਾਰਤ ਬਣ ਰਹੀ ਸੀ। ਹਜ਼ਾਰਾਂ ਸਿੱਖ ਹਥੀਂ ਸੇਵਾ ਕਰ ਰਹੇ ਸਨ। ਲੰਗਰ ਵਿਚ ਵੀ ਗਹਿਮਾ - ਗਹਿਮੀ ਸੀ। ਲੋਹ ਤਪ ਰਹੇ ਸਨ ਤੇ ਰੋਟੀਆਂ ਪੱਕ ਰਹੀਆਂ ਸਨ। ਸੇਵਾ ਕਰਨ ਦੇ ਖਿਆਲ ਨਾਲ ਗੰਗਾ ਰਾਮ ਕੁਝ ਦਿਨਾਂ ਲਈ ਅੰਮ੍ਰਿਤਸਰ ਹੀ ਠਹਿਰ ਗਿਆ। ਇਕ ਦਿਨ ਲੰਗਰ ਵਿਚ ਅੰਨ ਦੀ ਕੁਝ ਥੁੜ ਸੀ। ਗੰਗਾ ਰਾਮ ਨੇ ਸਾਰੀ ਬਾਜਰੀ ਲੰਗਰ ਵਿਚ ਦੇ ਦਿਤੀ ਤੇ ਆਪ ਵੀ ਲੰਗਰ ਵਿਚ ਸੇਵਾ ਕਰਨ ਲਗ ਪਿਆ। ਇਕ ਦਿਨ ਸਤਿਗੁਰੂ ਜੀ ਨੇ ਉਸਨੂ ਆਖਿਆ ਕਿ ਬਾਜਰੀ ਦਾ ਮੁੱਲ ਲੈ ਲਉ। ਉਸਨੇ ਬੇਨਤੀ ਕੀਤੀ: "ਸਤਿਗੁਰੂ ਜੀ ਬਾਜਰੀ ਦੀ ਕੀਮਤ ਦੀ ਕੋਈ ਲੋੜ ਨਹੀਂ। ਜੇ ਬਖਸ਼ਿਸ਼ ਕਰਨ ਹੀ ਲੱਗੇ ਹੋ ਤਾਂ ਪਰਮਾਤਮਾਂ ਦੀ ਯਾਦ ਤੇ ਖਲਕਤ ਦੀ ਸੇਵਾ ਬਖਸ਼ੋ। ਅਸਲੀ ਵਡਮੁਲੀਆਂ ਵਸਤਾਂ ਤਾਂ ਇਹੀ ਹਨ।" ਸਤਿਗੁਰੂ ਜੀ ਸਿਖ ਦੀ ਸੇਵਾ ਭਾਵਨਾ ਨੂੰ ਦੇਖਕੇ ਬਹੁਤ ਖੁਸ਼ ਹੋਏ। ਪੰਡਤ ਗੰਗਾ ਰਾਮ ਹੋਰ ਉਤਸ਼ਾਹ ਨਾਲ ਸੇਵਾ ਕਰਨ ਲਗ ਪਿਆ। ਸਤਿਗੁਰੂ ਜੀ ਨੇ ਉਸਨੂੰ ਬਠਿੰਡੇ ਦੇ ਇਲਾਕੇ ਦਾ ਪ੍ਰਚਾਰਕ ਥਾਪ ਦਿਤਾ।

**੬. ਸ਼ਰਧਾ ਤੇ ਪ੍ਰਤੀਤ:**

ਗੁਰਬਾਣੀ ਦੇ ਪਾਠ-ਵੀਚਾਰ ਅਤੇ ਗੁਰੂ ਸਾਹਿਬਾਨ ਦੇ ਉਪਦੇਸ਼ਾਂ ਨੂੰ ਸੁਣ ਸੁਣ ਕੇ ਸਿੱਖਾਂ ਦੇ ਮਨਾਂ ਵਿਚ ਬ੍ਰਾਹਮਣ ਅਤੇ ਬ੍ਰਾਹਮਣ ਦੀ ਵੀਚਾਰਧਾਰਾ ਦਾ ਉਕਾ ਹੀ ਪ੍ਰਭਾਵ ਨਹੀਂ ਸੀ ਰਿਹਾ। ਇਹ ਗੱਲ ਬ੍ਰਾਹਮਣ ਵੀ ਚੰਗੀ ਤਰ੍ਹਾਂ ਸਮਝਦੇ ਸਨ। ਫਿਰ ਵੀ ਕਈ ਬ੍ਰਾਹਮਣ ਸਿੱਖਾਂ ਦੇ ਦਿਲਾਂ ਵਿਚ ਆਪਣਾ ਰਸੂਖ ਮੁੜ ਕੇ ਜਿਵਾਲਣ ਦਾ ਉਦਮ ਕਰਦੇ ਰਹਿੰਦੇ ਸਨ।

ਇਕ ਵੇਰਾਂ ਇਕ ਬ੍ਰਾਹਮਣ ਤੇ ਉਸਦਾ ਪੁਤਰ ਬਨਾਰਸ ਤੋਂ ਅੰਮ੍ਰਿਤਸਰ ਆਏ। ਉਨ੍ਹਾਂ ਦੇ ਕੋਲ ਬਹੁਤ ਸਾਰੀਆਂ ਧਰਮ - ਪੁਸਤਕਾਂ ਵੀ ਸਨ। ਪੰਡਿਤ ਨੇ ਉਨ੍ਹਾਂ ਪੁਸਤਕਾਂ ਦੀ ਗੁਰੂ ਦਰਬਾਰ ਵਿਚ ਕਥਾ ਕਰਨ ਦੀ ਗੁਰੂ ਜੀ ਤੋਂ ਇਜਾਜ਼ਤ ਮੰਗੀ, ਜੋ ਮਿਲ ਗਈ। ਜਿਹੜੀਆਂ ਪੁਸਤਕਾਂ ਪੰਡਤ ਲੈ ਕੇ ਆਇਆ ਸੀ, ਉਸਨੇ ਉਨ੍ਹਾਂ ਸਭਨਾਂ ਦੀ ਕਥਾ ਕੀਤੀ ਪਰ ਸਿਖਾਂ ਦੇ ਮਨ ਉਤੇ ਕੋਈ ਅਸਰ ਨਾ ਹੋਇਆ। ਫਿਰ ਪੰਡਿਤ ਨੇ ਬੇਨਤੀ ਕੀਤੀ ਕਿ ਬਨਾਰਸ ਤੋਂ

ਹੋਰ ਪੁਸਤਕਾਂ ਮੰਗਵਾਉਣ ਦੀ ਇਜਾਜ਼ਤ ਦਿਤੀ ਜਾਵੇ। ਗੁਰੂ ਜੀ ਨੇ ਇਜਾਜ਼ਤ ਦੇ ਦਿਤੀ। ਪੰਡਤ ਨੇ ਪੁਤਰ ਨੂੰ ਭੇਜਣਾ ਸੀ। ਉਸਨੇ ਭੇਜਣ ਦਾ ਸਮਾਂ ਸੋਧਣ ਲਈ ਕਈ ਪੁਸਤਕ ਵੀ ਪੜ੍ਹੇ ਵਿਚਾਰੇ। ਉਨ੍ਹਾਂ ਅਨੁਸਾਰ ਸ਼ੁਭ ਮਹੂਰਤ ਲੱਭ ਕੇ ਦੇਵਤਿਆਂ ਦੀ ਪੂਜਾ ਕੀਤੀ। ਉਹ ਪੁੱਤਰ ਨੂੰ ਸ਼ਹਿਰੋਂ ਬਾਹਰ ਤੱਕ ਛੱਡਣ ਲਈ ਨਾਲ ਤੁਰ ਪਿਆ। ਰਾਹ ਵਿਚ ਇਕ ਖੋਤਾ ਮਿਲ ਗਿਆ ਜੋ ਹੀਂਗਣ ਲਗ ਪਿਆ। ਪੰਡਤ ਲਈ ਇਹ ਭਾਰੀ ਬਦਸ਼ਗਨੀ ਸੀ। ਉਹ ਪੁਤਰ ਨੂੰ ਵਾਪਿਸ ਲੈ ਕੇ ਆ ਗਿਆ। ਜਦੋਂ ਸਿੱਖਾਂ ਨੂੰ ਸਾਰੀ ਗੱਲ ਦਾ ਪਤਾ ਲੱਗਾ ਤਾਂ ਦਰਬਾਰ ਵਿਚ ਖੂਬ ਹਾਸਾ ਪਿਆ। ਗੁਰੂ ਜੀ ਨੇ ਪੰਡਤ ਨੂੰ ਸਮਝਾਇਆ ਕਿ ਜੇ ਸ਼ਾਸਤਰਾਂ ਦੇ ਸੋਧੇ ਮਹੂਰਤ ਅਤੇ ਦੇਵ - ਪੂਜਾ ਇਕ ਖੋਤੇ ਦੇ ਹੀਂਗਣ ਨਾਲ ਰੱਦ ਜਾ ਸਕਦੇ ਹਨ, ਤਾਂ ਉਨ੍ਹਾਂ ਸ਼ਾਸਤਰਾਂ ਬਾਰੇ ਤੁਹਾਡੇ ਮਨ ਵਿਚ ਸ਼ਰਧਾ ਤੇ ਪ੍ਰਤੀਤ ਤਾ ਨਾ ਹੋਈ। ਜੇ ਧਰਮ ਪੁਸਤਕਾਂ ਪੜ੍ਹ ਕੇ ਲੋਕਾਂ ਨੂੰ ਸੁਣਾਉਣ ਵਾਲਿਆਂ ਦਾ ਇਹ ਹਾਲ ਹੈ ਤਾਂ ਸੁਣਨ ਵਾਲਿਆਂ ਤੇ ਇਸਦਾ ਕੀ ਅਸਰ ਹੋ ਸਕਦਾ ਹੈ? ਜੇ ਧਰਮ ਗ੍ਰੰਥਾਂ ਵਿਚ ਸ਼ਰਧਾ ਹੀ ਨਹੀਂ, ਤਾਂ ਉਨ੍ਹਾਂ ਨੂੰ ਪੜ੍ਹਨ - ਪੜ੍ਹਾਉਣ ਦਾ ਵੀ ਕੋਈ ਲਾਭ ਨਹੀਂ ਹੋ ਸਕਦਾ।

## ੭. ਗੁਰੂ ਦੇ ਸਿੱਖ – ਸਿੱਖੀ ਦੇ ਦੂਤ:

ਸਤਿਗੁਰਾਂ ਦੇ ਸੱਚੇ ਸਿੱਖਾਂ ਵਿਚ ਇਕ ਵਿਸ਼ੇਸ਼ਤਾ ਪਾਈ ਜਾਂਦੀ ਹੈ ਕਿ ਜਿਥੇ ਉਹ ਆਪਣਾ ਜੀਵਨ ਗੁਰੂ - ਉਪਦੇਸ਼ਾਂ ਅਨੁਸਾਰ ਜੀਉਂਦੇ ਹਨ, ਉਥੇ ਉਹ ਜਿਥੇ ਵੀ ਜਾਣ, ਗੁਰ - ਉਪਦੇਸ਼ਾਂ ਦਾ ਚਾਨਣ ਲੋਕਾਂ ਵਿਚ ਵੰਡਦੇ ਹਨ। ਐਸੇ ਹੀ ਸਿੱਖ ਸਨ ਭਾਈ ਕਲਿਆਣਾ ਜੀ, ਜਿਨ੍ਹਾਂ ਨੇ ਅੱਜ ਕਲ ਦੇ ਹਿਮਾਚਲ ਪ੍ਰਦੇਸ਼ ਦੀ ਰਿਆਸਤ ਮੰਡੀ ਦੇ ਰਾਜੇ ਨੂੰ ਗੁਰੂ ਅਰਜੁਨ ਦੇਵ ਜੀ ਦੇ ਚਰਨਾਂ ਦਾ ਭੌਰਾ ਬਣਾ ਦਿਤਾ ਸੀ।

ਜਦੋ ਹਰਿਮੰਦਰ ਸਾਹਿਬ ਦੀ ਇਮਾਰਤ ਬਣ ਰਹੀ ਸੀ, ਤਾਂ ਗੁਰੂ ਅਰਜੁਨ ਦੇਵ ਜੀ ਨੇ ਆਪਣੇ ਸਿੱਖ ਕਲਿਆਣਾ ਜੀ ਨੂੰ ਇਮਾਰਤੀ ਲੱਕੜੀ ਲੈਣ ਲਈ ਰਿਆਸਤ ਮੰਡੀ ਵਿਚ ਭੇਜਿਆ। ਉਦੋਂ ਉਥੋਂ ਦਾ ਰਾਜਾ ਹਰੀ ਸੈਨ ਸੀ। ਉਹ ਸਾਰੇ ਬ੍ਰਾਹਮਣੀ - ਕਰਮ ਕਾਂਡ ਕਰਦਾ ਸੀ ਅਤੇ ਜਨਤਾ ਕੋਲੋ ਵੀ ਕਰਮ - ਕਾਂਡ ਕਰਵਾਉਦਾ ਸੀ।

ਭਾਈ ਕਲਿਆਣਾ ਜੀ ਜਨਮ ਅਸ਼ਟਮੀ ਵਾਲੇ ਦਿਨ ਮੰਡੀ ਪਹੁੰਚੇ ਸਨ। ਸਰਕਾਰੀ ਹੁਕਮ ਅਨੁਸਾਰ ਸਭਨੂੰ ਵਰਤ ਰਖਣ ਲਈ ਕਿਹਾ ਗਿਆ। ਪਰਜਾ ਨੇ ਤਾਂ ਇਵੇਂ ਕਰਨਾ ਹੀ ਸੀ, ਪਰ ਭਾਈ ਕਲਿਆਣਾ ਜੀ ਨੇ ਵਰਤ ਨਾ ਰਖਿਆ, ਸਗੋਂ ਖੁਲ੍ਹੇ ਮੈਦਾਨ ਵਿਚ ਲੰਗਰ ਤਿਆਰ ਕੀਤਾ ਤੇ ਉਚੀ ਥਾਂ ਤੇ ਖੜ੍ਹੋ ਕੇ ਕਿਹਾ: ਗੁਰੂ ਕਾ ਲੰਗਰ ਤਿਆਰ ਹੈ। ਜਿਸਨੇ ਛਕਣਾ ਹੈ ਆ ਕੇ ਛਕ ਲਵੋ। ਰਾਜੇ ਨੂੰ ਪਤਾ ਲੱਗਾ ਤਾਂ ਉਸਨੇ ਬਹੁਤ ਬੁਰਾ ਮਨਾਇਆ ਤੇ ਭਾਈ ਸਾਹਿਬ ਨੂੰ ਬੁਲਾ ਭੇਜਿਆ। ਭਾਈ ਸਾਹਿਬ ਨਿਡਰ ਹੋ ਕੇ ਰਾਜੇ ਦੇ ਦਰਬਾਰ ਵਿਚ ਗਏ। ਉਸਨੇ ਭਾਈ ਸਾਹਿਬ ਨੂੰ ਪੁਛਿਆ ਕਿ ਤੁਸੀ ਜਨਮ ਅਸ਼ਟਮੀ ਦਾ ਵਰਤ ਕਿਉਂ ਨਹੀਂ ਰਖਿਆ?

ਭਾਈ ਸਾਹਿਬ ਨੇ ਉਤਰ ਦਿਤਾ,'ਤੁਸੀ ਸ੍ਰੀ ਕ੍ਰਿਸ਼ਨ ਜੀ ਦੇ ਜਨਮ ਦੇ ਸੰਬੰਧ ਵਿਚ ਵਰਤ ਰਖਿਆ ਹੈ ਤੇ ਪਰਜਾ ਤੋਂ ਰਖਵਾਇਆ ਹੈ, ਅਤੇ ਤੁਸੀ ਕ੍ਰਿਸ਼ਨ ਜੀ ਨੂੰ ਰੱਬ ਦਾ ਅੱਵਤਾਰ ਮੰਨਦੇ ਹੋ। ਪਰ, ਮੇਰੇ ਗੁਰੂ ਦਾ ਉਪਦੇਸ਼ ਹੈ ਕਿ ਕੇਵਲ ਇਕ ਪਰਮਾਤਮਾਂ ਦੀ ਹੀ ਪੂਜਾ ਕਰਨੀ ਹੈ, ਹੋਰ ਕਿਸੇ ਦੇਵੀ ਦੇਵਤੇ ਦੀ ਨਹੀਂ। ਦੂਜੀ ਗੱਲ ਇਹ ਕਿ ਪਰਮਾਤਮਾਂ

ਕਦੇ ਜਨਮ ਨਹੀਂ ਲੈਂਦਾ; ਉਹ ਤਾਂ ਨਿਰਾਕਾਰ ਹੈ। ਮੇਰੇ ਸਤਿਗੁਰੂ ਜੀ ਦਾ ਤਾਂ ਫੁਰਮਾਨ ਹੈ ਕਿ ਉਹ ਮੁੱਖ ਹੀ ਜਲ ਜਾਵੇ ਜੋ ਇਹ ਕਹਿੰਦਾ ਹੈ ਕਿ ਰੱਬ ਜੰਮਦਾ - ਮਰਦਾ ਹੈ :

**ਸੋ ਮੁਖੁ ਜਲਉ ਜਿਤੁ ਕਹਹਿ ਠਾਕੁਰੁ ਜੋਨੀ।।** (ਭੈਰਉ,ਮ:੫,- ੧੧੩੬)

ਰਾਜਾ ਆਖਣ ਲੱਗਾ ', ਗੱਲ ਤਾਂ ਤੁਹਾਡੀ ਠੀਕ ਜਾਪਦੀ ਹੈ, ਪਰ ਇਹ ਤਾਂ ਦੱਸੋ ਕਿ ਤੁਸੀਂ ਵਰਤ ਕਿਉਂ ਨਹੀਂ ਰਖਿਆ। ਤੁਸੀਂ ਮੇਰਾ ਹੁਕਮ ਨਾ ਮੰਨਣ ਕਰਕੇ ਦੋਸ਼ੀ ਹੋ। ਭਾਈ ਕਲਿਆਣਾ ਜੀ ਨੇ ਪਹਿਲਾਂ ਦੀ ਤਰ੍ਹਾਂ ਹੀ ਉਤਰ ਦਿਤਾ ਕਿ ਸਾਡੇ ਧਰਮ ਵਿਚ ਵਰਤ ਰਖਣ ਦੀ ਮਨਾਹੀ ਹੈ। ਇਹ ਮਨੁਖ ਦੇ ਅਧਿਆਤਮ ਜੀਵਨ ਵਿਚ ਸਹਾਈ ਨਹੀਂ ਹੁੰਦਾ। ਅੰਨ ਨਾ ਖਾਣ ਨਾਲ ਪ੍ਰਭੂ ਤਾਂ ਮਿਲਦਾ ਨਹੀਂ; ਹਾਂ, ਸਰੀਰ ਨੂੰ ਕਸ਼ਟ ਜਰੂਰ ਹੁੰਦਾ ਹੈ। ਗੁਰੂ ਤੋਂ ਮਿਲੇ ਗਿਆਨ ਤੋਂ ਬਿਨਾਂ ਮਾਇਆ ਅਤੇ ਵਿਕਾਰਾਂ ਵਲੋਂ ਮੁਕਤੀ ਨਹੀਂ ਹੋ ਸਕਦੀ ਅਤੇ ਆਪਣੇ ਮਨ ਦੇ ਪਿਛੇ ਤੁਰਨ ਵਾਲਾ ਮਨਮੁਖ ਮਨੁਖ ਜੰਮਦਾ ਅਤੇ ਮਰਦਾ ਹੈ ਤੇ ਇਸੇ ਗੇੜ ਵਿਚ ਭਉਂਦਾ ਰਹਿੰਦਾ ਹੈ:

**ਅੰਨੁ ਨ ਖਾਹਿ ਦੇਹੀ ਦੁਖੁ ਦੀਜੈ।।**
**ਬਿਨੁ ਗੁਰ ਗਿਆਨ ਤ੍ਰਿਪਤਿ ਨਹੀ ਥੀਜੈ।।**
**ਮਨਮੁਖਿ ਜਨਮੈ ਜਨਮਿ ਮਰੀਜੈ।।** (ਰਾਮਕਲੀ,ਮ: ੧ - ੯੦੫)

ਭਾਈ ਸਾਹਿਬ ਨੇ ਆਪਣੀ ਗੱਲ ਨੂੰ ਜਾਰੀ ਰਖਦੇ ਹੋਏ ਆਖਿਆ ਕਿ ਜਿਥੋਂ ਤਕ ਤੁਹਾਡਾ ਹੁਕਮ ਨਾ ਮੰਨਣ ਦੀ ਗੱਲ ਹੈ, ਜਿਸ ਕਰਕੇ ਤੁਸੀਂ ਮੈਨੂੰ ਦੋਸ਼ੀ ਸਮਝਦੇ ਹੋ। ਜਿਵੇਂ ਮੈਂ ਤੁਹਾਡਾ ਹੁਕਮ ਨਾ ਮੰਨਣ ਕਰਕੇ ਦੋਸ਼ੀ ਹਾਂ, ਉਸੇ ਤਰ੍ਹਾਂ ਤੁਸੀਂ ਪ੍ਰਭੂ ਦਾ ਹੁਕਮ ਨਾ ਮੰਨਣ ਕਰਕੇ ਪ੍ਰਭੂ ਦੇ ਦੋਸ਼ੀ ਹੋ। ਪ੍ਰਭੂ ਤਾਂ ਸਭ ਨੂੰ ਰੋਟੀ ਦੇ ਰਿਹਾ ਹੈ, ਪਰ ਤੁਸੀਂ ਰੋਟੀ ਬੰਦ ਕਰਵਾ ਕੇ ਵਰਤ ਰਖਵਾਉਂਦੇ ਹੋ। ਬਦੋਬਦੀ ਅੰਨ ਨਾ ਛਕਣਾ ਨਾਸਮਝੀ ਹੈ ਤੇ ਪਖੰਡ ਵੀ ਹੈ। ਇਹ ਕੋਈ ਧਰਮ ਦੀ ਗੱਲ ਨਹੀ।

ਭਾਈ ਕਲਿਆਣਾ ਜੀ ਪਾਸੋਂ ਗੁਰੂ ਸਾਹਿਬਾਨ ਦੇ ਬਚਨ ਸੁਣਕੇ ਰਾਜਾ ਬੜਾ ਪ੍ਰਸੰਨ ਹੋਇਆ। ਉਸਨੂੰ ਜਾਪਿਆ ਕਿ ਬ੍ਰਾਹਮਣੀ ਕਰਮ - ਕਾਂਡ ਸਭ ਫੋਕਟ ਹੀ ਹਨ। ਜਿਸ ਗੁਰੂ ਦੇ ਸਿੱਖ ਇੰਨੇ ਗਿਆਨਵਾਨ ਹਨ, ਉਹ ਆਪ ਤਾਂ ਗਿਆਨ ਨਾਲ ਭਰਪੂਰ ਹੋਵੇਗਾ। ਕਿਉਂ ਨਾ ਐਸੇ ਗੁਰੂ ਦੇ ਦਰਸ਼ਨ ਕੀਤੇ ਜਾਣ। ਰਾਜੇ ਨੇ ਭਾਈ ਕਲਿਆਣਾ ਜੀ ਨੂੰ ਆਪਣੇ ਦਿਲ ਦੀ ਗੱਲ ਦੱਸੀ। ਭਾਈ ਜੀ ਰਾਜੇ ਨੂੰ ਨਾਲ ਲੈ ਕੇ ਅੰਮ੍ਰਿਤਸਰ ਆ ਗਏ। ਇਥੇ ਰਾਜੇ ਨੇ ਆਪਣੇ ਸਾਥੀਆਂ ਸਮੇਤ ਸਿੱਖੀ ਦੀ ਦਾਤ ਪ੍ਰਾਪਤ ਕੀਤੀ।

### ੮. ਅਸਲੀ ਜਪ – ਤਪ:

ਭਾਈ ਅਜਬ, ਭਾਈ ਅਜਾਇਬ ਤੇ ਭਾਈ ਉਮਰ ਸ਼ਾਹ ਡਰੋਲੀ ਦੇ ਰਹਿਣ ਵਾਲੇ ਸਨ ਅਤੇ ਮਸੰਦ ਸਨ। ਹੋਰਨਾਂ ਮਸੰਦਾਂ ਦੀ ਤਰ੍ਹਾਂ ਦੂਰ ਦੂਰ ਜਾ ਕੇ ਸਿੱਖੀ ਦਾ ਪਰਚਾਰ ਕਰਨ ਜਾਂਦੇ ਸਨ ਅਤੇ ਆਪਣੇ ਇਲਾਕੇ ਦੇ ਸਿੱਖਾਂ ਪਾਸੋਂ ਕਾਰ - ਭੇਟ (ਦਸਵੰਧ) ਇੱਕਠੀ ਕਰਕੇ ਗੁਰੂ ਦਰਬਾਰ ਵਿਚ ਪਹੁੰਚਾਉਂਦੇ ਸਨ। ਇਕ ਵਾਰ ਗੁਰੂ ਜੀ ਦੇ ਦਰਸ਼ਨ ਕਰਨ ਆਏ ਤਾਂ ਸਤਿਗੁਰਾਂ ਪੁਛ ਲਿਆ: ਤੁਸੀਂ ਗੁਰੂ ਦਾ ਦਸਵੰਧ ਇੱਕਠਾ ਕਰਦੇ ਹੋ। ਇਸ ਦਸਵੰਧ ਦੀ ਮਾਇਆ ਨੂੰ ਕੀ ਕਰਕੇ ਜਾਣਦੇ ਹੋ? ਉਹ ਹੱਥ ਜੋੜ ਕੇ ਆਖਣ ਲੱਗੇ: ਜੀ, ਜੈਸੇ ਵਿਖ, ਤੈਸੇ ਜਾਣਦੇ ਹਾਂ।

ਇਹ ਸੁਣਕੇ ਸਤਿਗੁਰੂ ਬਹੁਤ ਪ੍ਰਸੰਨ ਹੋਏ। ਜਦ ਉਨ੍ਹਾਂ ਸਿੱਖਾਂ ਨੇ ਉਪਦੇਸ਼ ਦੀ ਮੰਗ ਕੀਤੀ ਤਾਂ ਸਤਿਗੁਰਾਂ ਨੇ ਫੁਰਮਾਇਆ ਕਿ ਸਵਾਸ ਉਹ ਹੀ ਸਫਲ ਹੈ, ਜੋ ਵਾਹਿਗੁਰੂ ਦੀ ਸਿਫਤ ਸਲਾਹ ਕਰਦਾ ਹੈ। ਬਾਕੀ ਸਵਾਸ ਤਾਂ ਇਵੇਂ ਜਾਣੋ ਜੈਸੇ ਲੁਹਾਰ, ਠਠਿਆਰ ਦੀਆਂ ਧੌਂਕਣੀਆਂ ਖਲਾਂ ਹਨ। ਕਿਰਤ ਕਰਦਿਆਂ ਹੋਇਆਂ, ਵਾਹਿਗੁਰੂ ਦੀ ਯਾਦ ਨਾ ਵਿਸਰਨ ਦੇਣੀ, ਇਹ ਹੀ ਜਪ ਤਪ ਹੈ। ਸੰਸਾਰ ਸਮੁੰਦਰ ਬੜਾ ਭਿਆਨਕ ਹੈ ਅਤੇ ਸੰਸੇ ਰੂਪੀ ਜਲ ਨਾਲ ਭਰਿਆ ਪਿਆ ਹੈ। ਇਸ ਵਿਚ ਕਾਮ ਆਦਿਕ ਮਗਰਮੱਛ, ਭਰਮ ਦੇ ਭੌਰ, ਲੋਲੀ ਕੁਸੰਗ, ਉਲਟ ਹਵਾ ਚਲ ਰਹੀ ਹੈ। ਸਤਿਸੰਗ ਜਹਾਜ਼ ਹੈ, ਗੁਰੂ ਖੇਵਟ ਹੈ। ਵਾਹਿਗੁਰੂ ਦੀ ਮਿਹਰ ਹੋਵੇ ਤਾਂ ਸਤਿਸੰਗ ਦਾ ਜਹਾਜ਼ ਮਿਲਦਾ ਹੈ। ਗ੍ਰਿਹਸਤੀ ਲਈ ਵੱਡਾ ਜਪ ਤਪ ਅੰਮ੍ਰਿਤ ਵੇਲਾ ਹੈ। ਜਪੁ ਜੀ ਉਚਾਰ ਸਤਿਸੰਗ ਜਾਣਾ, ਧਰਮ ਦੀ ਕਾਰ, ਸ਼ੁਧ ਵਿਵਹਾਰ ਕਰਨਾ, ਲੋੜਵੰਦ ਦੀ ਲੋੜ ਪੂਰੀ ਕਰਨਾ ਜੀਵਨ ਦਾ ਸੱਚਾ ਮਾਰਗ ਹੈ।

ਭਾਈ ਗੁਰਦਾਸ ਜੀ ਨੇ ਆਪਣੀ ੧੧ਵੀਂ ਵਾਰ ਵਿਚ ਇਨ੍ਹਾਂ ਤਿੰਨ ਸਿਖਾਂ ਦਾ ਜ਼ਿਕਰ ਕਰਦਿਆ ਲਿਖਿਆ ਹੈ:-

**ਅਜਬੁ ਅਜਾਇਬੁ ਸੰਢਿਆ, ਉਮਰ ਸ਼ਾਹ ਗੁਰ ਸੇਵ ਕਰੰਦਾ।**

## ੯. ਪ੍ਰਥਮੇ ਮਨੁ ਪਰਬੋਧੈ ਅਪਨਾ:

ਭਾਈ ਬਾਲਾ, ਭਾਈ ਕਿਸ਼ਨਾ ਤੇ ਭਾਈ ਪੰਡਤ ਰਾਇ ਬੜੇ ਵਿਦਵਾਨ, ਵਿਚਾਰਵਾਨ ਤੇ ਕਥਾਕਾਰ ਸਨ। ਭਾਈ ਗੁਰਦਾਸ ਜੀ ਨੇ ਇਨ੍ਹਾਂ ਨੂੰ ਸਭਾ ਦੇ ਸ਼ਿੰਗਾਰ ਕਰਕੇ ਲਿਖਿਆ ਹੈ:

**ਬਾਲਾ ਕਿਸ਼ਨਾ ਝਿੰਗਰਣਿ, ਪੰਡਿਤ ਰਾਇ ਸਭਾ ਸੀਗਾਰਾ।।**

(ਝਿੰਗਰਣਿ - ਝਿੰਗਰ ਜਾਤ ਦੇ)

ਇਕ ਵਾਰੀ ਭਾਈ ਬਾਲਾ ਤੇ ਭਾਈ ਕਿਸ਼ਨਾ ਜੀ ਗੁਰੂ ਅਰਜੁਨ ਦੇਵ ਜੀ ਦੇ ਦਰਬਾਰ ਵਿਚ ਹਾਜ਼ਰ ਹੋਏ ਅਤੇ ਬੇਨਤੀ ਕੀਤੀ ਕਿ ਹੇ ਸੱਚੇ ਪਾਤਸ਼ਾਹ ਜਦ ਅਸੀਂ ਸੰਗਤ ਵਿਚ ਵਿਖਿਆਨ ਕਰਦੇ ਹਾਂ ਤਾਂ ਸੰਗਤ ਸੁਣ ਕੇ ਝੂਮਦੀ ਹੈ, ਮੁਗਧ ਵੀ ਹੁੰਦੀ ਹੈ, ਰੀਝਦੀ ਹੈ, ਪਰ ਪਾਤਸ਼ਾਹ ਸਾਡੇ ਆਪਣੇ ਮਨ ਵਿਚ ਸ਼ਾਂਤੀ ਨਹੀ ਹੈ। ਇਹ ਸੁਣਕੇ ਸਤਿਗੁਰੂ ਜੀ ਨੇ ਬਚਨ ਕੀਤਾ ਕਿ ਨਿਰੀ ਉੱਜਲ ਬੁੱਧੀ ਨਾਲ ਸ਼ਾਂਤੀ ਨਹੀ ਹੁੰਦੀ ਕਿਉਂਕਿ ਮਨ ਤੇ ਕਾਬੂ ਨਹੀਂ ਹੁੰਦਾ। ਮਨ ਮਾਇਆ ਵਿਚ ਚਲਾ ਜਾਂਦਾ ਹੈ। ਫਿਰ ਸ਼ਾਂਤੀ ਕਿਥੋਂ ਹੋਵੇ?

**ਕਥਾ ਕਰਤਿ ਧਨ ਮਹਿ ਮਨ ਰਹੈ।**
**ਕਿਮ ਸ਼ਾਂਤੀ ਗੁਨ ਗਨ ਕੋ ਲਹੈ।**

ਜੇ ਸ਼ਾਂਤੀ ਲੈਣੀ ਹੈ ਤਾਂ ਮਨ ਨੂੰ ਆਪਣੇ ਵੱਸ ਵਿਚ ਰੱਖੋ। ਜਿਵੇ ਹੋਰਨਾਂ ਨੂੰ ਸੁਣਾਉਣ ਦੀ ਸਿਆਣਪ ਕਰਦੇ ਹੋ, ਤੈਸੇ ਆਪਣੇ ਮਨ ਨੂੰ ਵੀ ਸਮਝਾਵੋ। ਜੋ ਬ੍ਰਿਤਾਂਤ ਆਵੇ, ਉਸਨੂੰ ਆਪਣੇ ਲਈ ਸਮਝੋ। ਤੁਹਾਡਾ ਕਲਿਆਣ ਹੋਵੇਗਾ। ਥੋੜ੍ਹੀ ਕਹੀ ਗੱਲ ਵਧੇਰੇ ਅਸਰ ਕਰੇਗੀ।

ਦੋਹਾਂ ਸਿੱਖਾਂ ਨੇ ਇਵੇਂ ਹੀ ਕੀਤਾ। ਕੇਵਲ ਉਨ੍ਹਾਂ ਨੂੰ ਹੀ ਆਤਮਕ ਸ਼ਾਂਤੀ ਨਹੀਂ ਮਿਲੀ, ਸਗੋਂ ਹੋਰ ਕਿੰਨਿਆਂ ਦੇ ਮਨਾਂ ਨੂੰ ਵੀ ਸ਼ਾਂਤ ਕਰ ਦਿਤਾ।

## ੧੦. ਗੁਰਬਾਣੀ ਦਾ ਪਾਠ – ਵੀਚਾਰ:

ਸੁਲਤਾਨ ਪੁਰ ਤੋਂ ਭਾਈ ਚਾਊ ਜੀ, ਭਾਈ ਬੰਮੀ ਜੀ, ਭਾਈ ਮੂਲਾ, ਭਾਈ ਹੇਮਾ ਕਪਾਹੀ, ਭਾਈ ਗੋਇੰਦਾ ਤੇ ਭੱਟ ਭਿਖਾ, ਭਾਈ ਟੋਡਾ ਜੀ ਆਦਿਕ ਸਿਖ ਹੋਰ ਸੰਗਤ ਦੇ ਨਾਲ ਗੁਰੂ ਦਰਬਾਰ ਆਏ। ਬੇਨਤੀ ਕੀਤੀ ਕਿ ਅਸੀਂ ਗੁਰੂ ਦੱਸੀ ਮਰਯਾਦਾ ਨਿਭਾਉਂਦੇ ਹਾਂ, ਪਰ ਮਨ ਸ਼ਾਂਤ ਨਹੀਂ ਹੁੰਦਾ। ਦਸੋ ਕੀ ਕਰੀਏ?

ਸਾਰੀ ਗੱਲ ਸੁਣਕੇ ਗੁਰੂ ਅਰਜੁਨ ਦੇਵ ਜੀ ਨੇ ਬਚਨ ਕੀਤਾ,'ਜਗਤ ਤਾਮਸੀ ਤੇ ਰਾਜਸੀ ਗੁਣਾ ਵਿਚ ਹੀ ਫਸਿਆ ਪਿਆ ਹੈ। ਅੰਦਰ ਤੇ ਬਾਹਰ ਹਰ ਪਾਸੇ ਤ੍ਰਿਸ਼ਨਾ ਹੈ, ਲੋਭ ਹੈ, ਅਭਿਮਾਨ ਹੈ। ਕੋਈ ਵਿਰਲਾ ਹੀ ਮਿਠ-ਬੋਲੜਾ ਹੈ ਤੇ ਨਿਮ੍ਰਤਾ ਧਾਰਨ ਕਰਦਾ ਹੈ। ਇਹ ਜਾਨਣ ਲਈ ਕਿ ਨਿਮ੍ਰਤਾ ਅੰਦਰ ਵਸ ਗਈ ਹੈ ਕਿ ਨਹੀਂ, ਬਾਣੀ ਦੱਸ ਪਾਉਂਦੀ ਹੈ। ਜੇ ਸ਼ਬਦ ਪੜ੍ਹਿਆਂ ਹਰ ਅਖਰ ਹਿਰਦੇ ਵਜੇ, ਜਿਉਂ ਦੀ ਤਿਉਂ ਸਮਝ ਆਵੇ, ਮਨ ਡੋਲੇ ਨਹੀਂ, ਤਾਂ ਸਮਝੋ ਨਿਮ੍ਰਤਾ ਅੰਦਰ ਆ ਗਈ ਹੈ।

ਮਨ ਟਿਕਿਆ ਰਹੇ, ਡੋਲੇ ਨਾ - ਇਹ ਹੀ ਕਸਵੱਟੀ ਹੈ। ਜੇ ਬਾਣੀ ਪੜ੍ਹਦਿਆਂ ਕਦੇ ਮਨ ਟਿਕ ਜਾਵੇ, ਕਦੇ ਡੋਲ ਜਾਵੇ, ਕਿਸੇ ਸਮੇਂ ਠਹਿਰ ਜਾਵੇ ਤੇ ਕਿਸੇ ਸਮੇਂ ਦੌੜਦਾ ਫਿਰੇ, ਤਾਂ ਮਨ ਰਾਜਸੀ ਗੁਣ ਵਿਚ ਵਿਚਰ ਰਿਹਾ ਹੈ। ਅਟਕ ਗਿਆ ਹੈ। ਇਸਨੂੰ ਅੱਗੇ ਤੋਰਨਾ ਹੈ।

ਜੇ ਮਨ ਠਹਿਰੇ ਹੀ ਨਾ ਤੇ ਬਾਣੀ ਦੀ ਸਮਝ ਨਾ ਆਵੇ, ਮਨ ਉਡ ਉਡ ਜਾਏ ਤੇ ਕੁਝ ਪੱਲੇ ਵੀ ਨਾ ਪਵੇ - ਤਾਂ ਇਹ ਤਾਮਸੀ ਗੁਣ ਦਾ ਧਾਰਨੀ ਹੈ।

ਗੱਲ ਨੂੰ ਸਮਝਾਉਂਦੇ ਹੋਏ, ਫਿਰ ਆਖਣ ਲਗੇ, 'ਇਕ ਉਹ ਸੂਰਮੇ ਹਨ ਜੋ ਬਾਹਰ ਦੀ ਫੌਜ ਜਿਤਦੇ ਹਨ, ਉਨ੍ਹਾਂ ਦਾ ਜੱਸ ਰਬਾਬੀ ਭੱਟ ਗਾਉਂਦੇ ਹਨ, ਪਰ ਜੋ ਕਾਮ, ਕ੍ਰੋਧ ਆਦਿਕ ਵੈਰੀਆਂ ਨੂੰ ਜਿਤਦੇ ਹਨ, ਉਹ ਪ੍ਰਮੇਸ਼ਰ ਦੀ ਦਰਗਾਹ ਵਿੱਚ ਮਾਣ ਪ੍ਰਾਪਤ ਕਰਦੇ ਹਨ।

'ਬਾਣੀ ਨੂੰ ਵਿਚਾਰ ਕੇ ਪੜ੍ਹਨਾ ਹੀ ਸਭ ਤੋਂ ਵੱਡਾ ਕਰਮ ਹੈ। ਇਸ ਨਾਲ ਗੁਰਸਿੱਖ ਦ੍ਰਿੜ ਹੁੰਦਾ ਹੈ ਤੇ ਗਿਆਨ ਪ੍ਰਾਪਤ ਹੁੰਦਾ ਹੈ। ਸ਼ਬਦ ਦੇ ਸਮਝਣ ਨਾਲ ਹੀ ਬਿਬੇਕ ਬੁੱਧੀ ਮਿਲਦੀ ਹੈ। ਸ਼ੁੱਭ ਅਤੇ ਅਸ਼ੁੱਭ ਕਰਮਾਂ ਦਾ ਨਿਖੇੜਾ ਆਪੇ ਹੀ ਹੋਈ ਜਾਂਦਾ ਹੈ। ਮਨ ਸ਼ਾਂਤੀ ਦੇ ਘਰ ਵਿਚ, ਟਿਕਾਅ ਵਿਚ, ਆ ਜਾਂਦਾ ਹੈ।

## ੧੧. ਭਲੋ ਭਲੋ ਰੇ ਕੀਰਤਨੀਆਂ:

ਇਕ ਵਾਰ ਭਾਈ ਝਾੜੂ, ਭਾਈ ਮੁਕੰਦਾ, ਭਾਈ ਕੇਦਾਰਾ, ਅਤੇ ਭਾਈ ਕਲਿਆਣਾ ਜੀ ਨੇ ਗੁਰੂ ਜੀ ਤੋਂ ਪੁਛਿਆ ਕਿ ਉਨ੍ਹਾਂ ਦਾ ਉਧਾਰ ਕਿਵੇਂ ਹੋਵੇਗਾ। ਤਦ ਸਤਿਗੁਰੂ ਜੀ ਨੇ ਫੁਮਾਇਆ,'ਰਾਗਾਂ ਦੀ ਤੁਹਾਨੂੰ ਸੂਝ ਹੈ। ਕੀਰਤਨ ਕਰਨਾ।

**ਗੁਰਬਾਨੀ ਰਾਗਨਿ ਮਹਿ ਗਾਓ।**
**ਨੀਕੇ ਪ੍ਰਭੂ ਕੋ ਸੁਜਸ ਬਸਾਓ।**

ਜਿਉਂ ਜਿਉਂ ਰਾਗ ਵਿਚ ਬਾਣੀ ਗਾਓਗੇ, ਪ੍ਰੇਮ ਵਧੇਗਾ। ਕੀਰਤਨ ਤੁਲ ਕੋਈ ਹੋਰ ਤਪ ਨਹੀਂ। ਕੀਰਤਨ ਕਰਨ ਨਾਲ ਹਰ ਸ਼ੈ ਹਿਲ ਜਾਂਦੀ ਹੈ ਅਤੇ ਧੀਰੇ ਧੀਰੇ ਸ਼ਬਦ ਵਿਚ ਸਮਾ ਜਾਈਦਾ ਹੈ। ਦਿਮਾਗ ਵਿਚੋਂ ਰਾਗ ਨਿਕਲਦਾ ਹੈ, ਦਿਲੋਂ ਧੁਨੀ, ਹਿਰਦੇ ਵਿਚੋਂ ਸੁਰਤਿ, ਹੱਥੀਂ ਸਾਜ ਵਜਦੇ ਹਨ, ਮੂਹੋਂ ਸੁਰ ਤੇ ਸ਼ਬਦ ਦਾ ਉਚਾਰਨ ਹੁੰਦਾ ਹੈ ਤੇ ਕੰਠ ਤੋਂ ਤਾਨ ਉਠਦੀ ਹੈ। ਇਕ ਗੱਲ ਦਾ ਧਿਆਨ ਜਰੂਰ ਰੱਖਣਾ। ਕੀਰਤਨ ਨੂੰ ਮਾਇਆ ਇਕੱਠੀ ਕਰਨ ਦਾ ਸਾਧਨ ਨਹੀਂ ਬਣਾਉਣਾ। ਕਾਮਨਾ ਨਹੀਂ ਕਰਨੀ। ਧਨ ਸਰੀਰ ਦੇ ਨਿਰਬਾਹ ਲਈ ਹੀ ਲੈਣਾ ਹੈ।

# ਗੁਰੂ ਅਰਜੁਨ ਦੇਵ ਜੀ ਦੀ ਬਾਣੀ

ਬਾਣੀ ਕੇ ਬੋਹਿਥੇ ਸਾਹਿਬ ਸ੍ਰੀ ਗੁਰੂ ਅਰਜੁਨ ਦੇਵ ਜੀ ਨੇ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੀ ਸਮੁਚੀ ਬਾਣੀ ਵਿਚ ਸਭ ਬਾਣੀਕਾਰਾਂ ਤੋਂ ਵਧੇਰੇ ਹਿਸਾ ਪਾਇਆ ਹੈ। ਆਪਨੇ ਬਾਣੀ ਵਿਚਲੇ ਸਾਰੇ ੩੦ ਰਾਗਾਂ ਵਿਚ ਬਾਣੀ ਉਚਾਰੀ। ੬ ਵਾਰਾਂ ਲਿਖੀਆਂ ਅਤੇ ਸੁਖਮਨੀ ਵਰਗੀ ਪ੍ਰਸਿਧ ਬਾਣੀ ਸੁਖੈਨ ਭਾਸ਼ਾ ਵਿਦ ਲਿਖੀ ਜੋ ਪ੍ਰਭੂ ਦੇ ਪਿਆਰ, ਨਾਮ ਸਿਮਰਨ, ਪ੍ਰਭੂ ਪ੍ਰਾਪਤੀ, ਗੁਰਮੁਖੀ ਜੀਵਨ ਆਦਿਕ ਵਿਸ਼ਿਆਂ ਤੇ ਭਰਪੂਰ ਰੋਸ਼ਨੀ ਪਾਉਂਦੀ ਹੈ। ਇਸ ਤੋਂ ਸਿਵਾ ਬਾਰਹਮਾਹਾ ਮਾਝ ਰਾਗ ਵਿਚ, ਬਾਵਨ ਅੱਖਰੀ, ਗਾਥਾ, ਫੁਨਹੇ, ਸਹਸਕ੍ਰਿਤੀ ਸਲੋਕ ਆਪ ਦੀਆਂ ਉਚੇਚੀਆਂ ਬਾਣੀਆ ਹਨ।

ਪ੍ਰਿੰਸੀਪਲ ਤੇਜਾ ਸਿੰਘ ਤੇ ਡਾ. ਗੰਡਾ ਸਿੰਘ ਦੀ ਪੁਸਤਕ 'ਸਿਖ ਇਤਿਹਾਸ - ੧੪੬੯ - ੧੭੬੫'ਵਿਚ ਗੁਰੂ ਅਰਜੁਨ ਦੇਵ ਜੀ ਦੀ ਬਾਣੀ ਬਾਰੇ ਇੰਝ ਲਿਖਿਆ ਗਿਆ ਹੈ:-

'ਗੁਰੂ ਅਰਜੁਨ ਸਾਹਿਬ ਦੇ ਲੇਖਕ ਵਜੋਂ ਮੁਖ ਗੁਣ ਉਨ੍ਹਾਂ ਦਾ ਬੌਧਿਕ ਬਲ ਪੁਰਾਣੇ ਢੰਗ ਦਾ ਬੰਧੇਜ ਅਤੇ ਜ਼ਜ਼ਬੇ ਦੀ ਨਿਰਮਲਤਾ ਹਨ। ਇਹ ਗੁਣ ਜੀਵਨ ਦੀਆਂ ਅਸਲੀ ਲੋੜਾਂ ਵਿਚੋਂ ਉਤਪੰਨ ਹੋਏ ਹਨ। ਉਨ੍ਹਾਂ ਦੀਆਂ ਰਚਨਾਵਾਂ ਵਿਚ ਇਕ ਉਦਾਸ ਸੰਗੀਤ ਹੈ, ਇਕ ਸਰੋਦੀ ਪੁਕਾਰ ਹੈ, ਜਿਹੜੀ ਧੁਰ ਉਸ ਦਿਲ ਵਿਚੋਂ ਉਠ ਕੇ ਆਉਂਦੀ ਹੈ ਜਿਸ ਨੇ ਪੀੜਾ ਵੇਖੀ ਹੈ ਅਤੇ ਜਿਸਨੂੰ ਫਿਰ ਸੁਖ ਪ੍ਰਾਪਤ ਹੋਇਆ ਹੈ। ਉਨ੍ਹਾਂ ਨੂੰ ਮਿਲੇ ਇਸ ਸੁਖ ਦੇ ਪਿਛੇ ਦੁੱਖ ਨਾਲ ਇਕ ਮਹਾਨ ਸੰਘਰਸ਼ ਹੋਇਆ ਪ੍ਰਗਟ ਹੁੰਦਾ ਹੈ, ਜਿਹੜਾ ਸਿਖਰ ਤੇ ਪੁਜ ਕੇ ਵਿਜੈ ਵਿਚ ਬਦਲਦਾ ਹੈ, ਜਿਵੇਂ ਕਿ ਮਿਟੀ ਘੱਟੇ ਤੇ ਤੇਜ਼ ਤੂਫਾਨ ਤੋਂ ਪਿਛੋਂ ਆਈ ਬਾਰਸ਼ ਮੌਸਮ ਵਿਚ ਇਕ ਤਰ੍ਹਾਂ ਦੀ ਸ਼ਾਂਤੀ ਉਤਪੰਨ ਕਰਦੀ ਹੈ।'

ਗੁਰੂ ਅਰਜੁਨ ਦੇਵ ਜੀ ਦੀ ਬਾਣੀ ਤੇ ਉਨ੍ਹਾਂ ਦੀ ਕਾਵਿ ਕਲਾ ਬਾਰੇ ਡਾਕਟਰ ਗੋਪਾਲ ਸਿੰਘ ਦੇ ਹੇਠ ਲਿਖੇ ਵਿਚਾਰ ਗੁਰੂ ਸਾਹਿਬ ਦੀ ਸਾਹਿਤਿਕ - ਪ੍ਰਤਿਭਾ ਨੂੰ ਸਹੀ ਤੌਰ ਤੇ ਪਾਠਕ ਅਗੇ ਪੇਸ਼ ਕਰਦੇ ਹਨ:-

'ਗੁਰੂ ਅਰਜੁਨ ਦੇਵ ਜੀ ਦੀ ਬਾਣੀ ਬਾਕੀ ਸਭ ਸਤਿਗੁਰਾਂ ਤੋਂ ਵਧੀਕ ਹੈ। ਬੋਲੀ ਤੇ ਤੋਲ ਦੀਆਂ ਵੰਨਗੀਆਂ ਵੀ ਬੇਅੰਤ ਹਨ। ਆਪ ਨੇ ਬਾਣੀ ਵਿਚ ਪੂਰਬੀ ਪੰਜਾਬੀ ਵੀ ਵਰਤੀ ਹੈ, ਕੇਂਦਰੀ ਵੀ, ਲਹਿੰਦੀ ਵੀ(ਵੇਖੋ ਵਾਰ ਜੈਤਸਿਰੀ)। ਇਨ੍ਹਾਂ ਦੀ ਬਾਣੀ ਵਿਚ ਗਿਆਨ ਵੀ ਹੈ, ਪ੍ਰੇਮ ਵੀ। 'ਸੁਖਮਨੀ' ਆਪ ਦੇ ਫਲਸਫੇ ਦੀ 'ਫੁਨਹੇ' ਪ੍ਰੇਮ ਤੇ ਵੈਰਾਗ ਦੀ, 'ਮਾਰੂ ਡਖਣੇ' ਰੱਬੀ ਪ੍ਰੀਤ ਲਈ ਅਕਹਿ ਸਿਕਣੀ ਦੀ ਗਵਾਹੀ ਦਿਦੇ ਹਨ- ਪਰ ਕੇਹੇ ਅਰੋਗੀ ਅਲੰਕਾਰ ਵਰਤੇ ਹਨ, ਕੁਦਰਤ ਦੇ ਤੇ ਇਸਤਰੀ - ਪਤੀ ਦੀ ਪ੍ਰੀਤ ਦੇ, ਕਿ ਦਿਲ ਵਿਚ ਲਹਿੰਦੇ ਜਾਂਦੇ ਹਨ। ਆਪ ਦੇ ਗਿਆਨ ਦਾ ਘੇਰਾ ਬਹੁਤ ਹੀ ਵਿਸ਼ਾਲ ਹੈ। ਪਰ ਉਸਨੂੰ ਇਵੇਂ ਜਜ਼ਬੇ ਵਿਚ ਘੋਲ ਕੇ ਬਿਆਨ ਕੀਤਾ ਹੈ ਕਿ, ਰਸ ਨਾਲ ਮਨ ਹਲੂਣਿਆ ਜਾਂਦਾ ਹੈ। ਬਿਆਨ ਵੀ ਕੀਤਾ ਹੈ, ਚਿਤਰਾਂ ਦੇ ਚਿਤਰ ਖਿਚ ਦਿਤੇ ਹਨ। ਬੋਲ-ਚਿਤਰਾਂ ਤੇ ਭਾਵ-ਚਿਤਰਾਂ ਦੇ ਨਾਲ ਆਪ ਦੀ ਬਾਣੀ ਭਰਪੂਰ ਹੈ। ਉਪਮਾਵਾਂ ਦਿਤੀਆਂ ਹਨ, ਤਾਂ ਅਜੇਹੀਆਂ ਕਿ ਆਸ਼ੇ ਦੀ ਅੰਤ੍ਰੀਵ ਆਤਮਾ ਉਘੜ ਖਲੌਂਦੀ ਹੈ, ਜਿਵੇ:-

੧. ਵਾਉ ਸੰਦੇ ਕਪੜੇ ਪਹਿਰਹਿ ਗਰਬਿ ਗਵਾਰ। (ਪੰਨਾ-੩੧੮)
੨. ਚਿੜੀ ਚੁਹਕੀ, ਪਹੁ ਫੁਟੀ, ਵਗਨਿ ਬਹੁਤ ਤਰੰਗ। (ਪੰਨਾ-੩੧੯)
੩. ਭਿੰਨੀ ਰੈਨੜੀਐ, ਚਾਮਕਨਿ ਤਾਰੇ। (ਪੰਨਾ-੪੫੯)
੪. ਨਾਨਕ ਬਿਜੁਲੀਆ ਚਮਕੰਨਿ, ਘੁਰਨਿ ਘਟਾ ਅਤਿ ਕਾਲੀਆ।
ਬਰਸਨਿ ਮੇਘ ਅਪਾਰ ਨਾਨਕ ਸੰਗਮਿ ਪਿਰੀ ਸੁਹੰਦੀਆ। (ਪੰਨਾ ੧੧੦੨)
੫. ਉਪਰਿ ਬਨੈ ਅਕਾਸੁ, ਤਲੈ ਧਰ ਸੋਹਤੀ।
ਦਹਦਿਸ ਚਮਕੈ ਬੀਜੁਲਿ, ਮੁਖ ਕਉ ਜੋਹਤੀ। ( ਪੰਨਾ-੧੩੬੨)
੬. ਆਸ ਪਿਆਸੀ ਸੇਜ,ਸੁ ਕੰਤਿ ਵਿਛਾਈਐ।
ਹਰਿਹਾਂ, ਮਸਤਕਿ ਹੋਵੈ ਭਾਗੁ, ਤ ਸਾਜਨੁ ਪਾਈਐ। (ਪੰਨਾ ੧੩੬੧)
੭. ਅਨਦੋ ਅਨਦੁ ਘਣਾ, ਮੈ ਸੋ ਪ੍ਰਭੁ ਡੀਠਾ ਰਾਮ।
ਚਾਖਿਅੜਾ, ਚਾਖਿਅੜਾ, ਮੈਂ ਹਰਿ ਰਸੁ ਮੀਠਾ ਰਾਮ। (ਪੰਨਾ ੪੫੨)
੮. ਯਾਰ ਵੇ, ਪਿਰੁ ਆਪਣ ਭਾਣਾ, ਕਿਛੁ ਨੀਸੀ ਛੰਦਾ।
ਯਾਰ ਵੇ, ਤੈ ਰਾਵਿਆ ਲਾਲਨੁ, ਮੂ ਦਸਿ ਦਸੰਦਾ।
ਲਾਲਨੁ ਤੈ ਪਾਇਆ, ਆਪੁ ਗਵਾਇਆ, ਜੈ ਧਨ ਭਾਗ ਮਥਾਣੇ।।
ਬਾਂਹ ਪਕੜਿ ਠਾਕੁਰਿ ਹਉ ਘਿਧੀ, ਗੁਣ ਅਵਗਣ ਨ ਪਛਾਣੇ। (ਪੰਨਾ ੭੦੩)

ਇਨ੍ਹਾਂ ਤੁਕਾਂ ਵਿਚ ਬੋਲੀ ਦੀ ਮਿਠਾਸ, ਜਜ਼ਬੇ ਦੀ ਸਚਿਆਈ, ਅਲੰਕਾਰਾਂ ਦਾ ਸੱਜਰਾਪਨ ('ਆਸ ਪਿਆਸੀ ਸੇਜ', 'ਵਾਉ ਸੰਦੇ ਕਪੜੇ' ਆਦਿਕ) ਤੇ ਭਾਵਾਂ ਦੀ ਨਜ਼ਾਕਤ ਮਨ ਵਿਚ ਚਿੱਤਰ ਹੀ ਤਾਂ ਲਟਕਾ ਦੇਂਦੀ ਹੈ।

ਆਮ ਕਰਕੇ ਆਪ ਨੇ ਗਿਆਨ ਤੇ ਵਿਚਾਰ ਦੀ ਬਾਣੀ ਰਚੀ ਹੈ, ਪਰ ਉਤੇ ਵੈਰਾਗ ਨਹੀਂ ਛਾਉਣ ਦਿਤਾ, ਜੋ ਸਿੱਖ ਮੱਤ ਨੂੰ ਵੇਦਾਂਤ ਤੋਂ ਨਿਖੇੜਦਾ ਹੈ। ਆਪ ਨੇ ਜੀਵਨ ਬਾਜੀ ਨੂੰ ਖੇਡਣ ਲਈ ਉਤਸ਼ਾਹ ਦਿਤਾ ਹੈ। ਆਪ ਨੇ ਧਰਤੀ ਨੂੰ 'ਭੂਮ ਰੰਗਾਵਲੀ' ਤੇ 'ਫੂਲਾਂ ਕੀ ਬਾਗਾਤ' ਆਖਿਆ ਹੈ ਤੇ ਆਪਣੇ ਆਪਨੂੰ 'ਗੋਸਾਈ ਕਾ ਪਹਿਲਵਾਨੜਾ', ਜਿਸ ਦਾ ਮਨੋਰਥ ਜੀਵਨ - ਘੋਲ ਤੋਂ ਮੂੰਹ ਮੋੜਨਾ ਨਹੀਂ, ਸਗੋਂ ਪਾਪ ਨਾਲ ਆਪਣੇ ਸਾਰੇ ਆਤਮਕ ਬਲ ਨਾਲ ਘੋਲ ਕਰਨਾ ਹੈ।

ਗੁਰੂ ਅਰਜੁਨ ਦੇਵ ਜੀ ਦੀ ਕਲਾ ਤੇ ਵਿਦਵਤਾ ਹੈਰਾਨ ਕਰਨ ਵਾਲੀਆਂ ਹਨ। ਇਨ੍ਹਾਂ ਦੀ ਬੋਲੀ ਦੀ ਅਮੀਰੀ ਵੀ ਅਸਚਰਜ ਕਰਦੀ ਹੈ। ਇਸ ਵਿਚ ਸੰਸਕ੍ਰਿਤ ਸ਼ਬਦਾਂ ਦੀ ਵੀ ਢੇਰ ਰਲਾਵਟ ਹੈ ਤੇ ਲਹਿੰਦੀ, ਫਾਰਸੀ, ਅਰਬੀ, ਰਾਜਸਥਾਨੀ, ਸਿੰਧੀ ਆਦਿ ਦੀ ਸ਼ਬਦਾਵਲੀ ਨੂੰ ਵੀ ਰੱਜ ਕੇ ਵਰਤਿਆ ਹੈ। ਗੁਰੂ ਨਾਨਕ ਦੇਵ ਜੀ ਨੇ ਜਿਥੇ ਵੇਰਵੇ ਵਿਚ ਸੰਕੋਚ ਵਰਤਿਆ ਹੈ, ਉਥੇ ਆਪ ਨੇ ਵਿਸਥਾਰ ਤੋਂ ਕੰਮ ਲਿਆ ਹੈ। ਭਾਵੇਂ ਆਪ ਨੇ ਆਪਣੀ ਰਚਨਾਂ ਦੀ ਨੀਹ ਗਿਆਨ ਉਤੇ ਬੱਧੀ ਹੈ, ਉਸ ਨੂੰ ਪ੍ਰੇਮ ਦੇ ਸਦਾ ਅਧੀਨ ਰਖਿਆ ਹੈ ਤੇ ਰੁੱਖਾ ਜਾਂ ਵੈਰਾਗੀ ਨਹੀਂ ਬਣਨ ਦਿਤਾ।

(ਪੰਜਾਬੀ ਸਾਹਿਤ ਦਾ ਇਤਿਹਾਸ, ੧੯੬੨, ਪੰਨਾ ੪੨ - ੪੪)

## ਬਾਣੀ ਦਾ ਵੇਰਵਾ

ਪ੍ਰੋਫੈਸਰ ਸਾਹਿਬ ਸਿੰਘ ਜੀ ਨੇ ਆਪਣੀ ਪੁਸਤਕ 'ਜੀਵਨ ਬ੍ਰਿਤਾਂਤ ਸ੍ਰੀ ਗੁਰੂ ਅਰਜੁਨ ਦੇਵ ਜੀ" ਦੇ ਪੰਨਾ ੭੯ ਤੋਂ ੮੩ ਤੱਕ ਗੁਰੂ ਅਰਜੁਨ ਦੇਵ ਜੀ ਦੁਆਰਾ ਰਚੀ ਬਾਣੀ ਦਾ ਵੇਰਵਾ ਦਿਤਾ ਹੈ, ਜੋ ਇਸ ਪ੍ਰਕਾਰ ਹੈ :

ਗੁਰੂ ਰਾਮਦਾਸ ਜੀ ਵਾਂਗ ਗੁਰੂ ਅਰਜਨ ਸਾਹਿਬ ਨੇ ਭੀ ੩੦ ਰਾਗਾਂ ਵਿਚ ਬਾਣੀ ਲਿਖੀ, ਜਿਸਦਾ ਵੇਰਵਾ ਇਉਂ ਹੈ:-

| | | |
|---|---|---|
| ਸ਼ਬਦ | - | ੧੩੪੫ |
| ਅਸ਼ਟਪਦੀਆਂ | - | ੬੨ |
| ਛੰਤ | - | ੬੨ |

ਗੁਰੂ ਗਰੰਥ ਸਾਹਿਬ ਦੀਆਂ ਕੁੱਲ ੨੨ 'ਵਾਰਾਂ' ਵਿਚੋਂ ਗੁਰੂ ਅਰਜਨ ਸਾਹਿਬ ਦੀਆਂ ੬ ਵਾਰਾਂ ਹੇਠ ਲਿਖੇ ਰਾਗਾਂ ਵਿਚ ਦਰਜ ਹਨ -

ਗਉੜੀ, ਗੂਜਰੀ, ਜੈਤਸਰੀ, ਰਾਮਕਲੀ, ਮਾਰੂ ਅਤੇ ਬਸੰਤ।

ਇਹਨਾਂ ਤੋਂ ਇਲਾਵਾ ਗੁਰੂ ਅਰਜਨ ਦੇਵ ਜੀ ਨੇ ਹੇਠ ਲਿਖੀਆਂ ਉਚੇਚੀਆਂ ਬਾਣੀਆਂ ਵੀ ਲਿਖੀਆਂ -

੧. ਸਿਰੀ ਰਾਗ ਵਿਚ - ਪਹਰੇ ੧ ਸ਼ਬਦ
੨. ਮਾਝ ਵਿੱਚ - ਬਾਰਹ ਮਾਹਾ ੧੪ ਪਉੜੀਆਂ, - ਦਿਨ ਰੈਣਿ
੩. ਗਉੜੀ ਵਿਚ - ਬਾਵਨ ਅਖਰੀ ੫੭ ਸਲੋਕ ਅਤੇ ੫੫ ਪਉੜੀਆਂ
— ਸੁਖਮਨੀ ੨੪ ਸਲੋਕ ਅਤੇ ੨੪ ਅਸ਼ਟਪਦੀਆਂ ਅਤੇ ਥਿਤੀ
੪. ਆਸਾ ਵਿਚ - ਬਿਰਹੜੇ ੩ ਸ਼ਬਦ
੫. ਸੂਹੀ ਵਿਚ - ਗੁਣਵੰਤੀ੧ ਸ਼ਬਦ
੬. ਮਾਰੂ ਵਿਚ - ਅੰਜੁਲੀਆਂ, ਸੋਲਹੇ ੧੪ ਸ਼ਬਦ

ਰਾਗਾਂ ਦੇ ਮੁੱਕਣ ਤੇ ਹੇਠ - ਲਿਖੀਆਂ ਹੋਰ ਉਚੇਚੀਆਂ ਬਾਣੀਆਂ ਗੁਰੂ ਅਰਜਨ ਸਾਹਿਬ ਦੀਆ ਹਨ:-

| | | |
|---|---|---|
| ੧. ਸਲੋਕ ਸਹਸਕ੍ਰਿਤੀ | - | ੬੭ |
| ੨. ਗਾਥਾ | - | ੨੪ |
| ੩. ਫੁਨਹੇ | - | ੨੩ |
| ੪. ਚਉਬੋਲੇ | - | ੧੧ |
| ੫. ਸਵਯੇ | - | ੯ |
| ਸਵਯੇ | - | ੧੧ |

ਇਹਨਾਂ ਤੋਂ ਇਲਾਵਾ ਸਲੋਕ ਭੀ ਹਨ, ਜੋ ਵਾਰਾਂ ਦੀਆਂ ਪਉੜੀਆਂ ਨਾਲ ਦਰਜ ਹਨ। ਉਹਨਾਂ ਸਾਰੇ ਸਲੋਕਾਂ ਦੀ ਗਿਣਤੀ ੨੫੫ ਹੈ। ਇਹਨਾਂ 'ਵਾਰਾਂ' ਤੋਂ ਵਧੇ ਹੋਏ ਸਲੋਕਾਂ

ਦਾ ਸੰਗ੍ਰਹਿ ਗੁਰੂ ਗਰੰਥ ਸਾਹਿਬ ਦੇ ਅਖ਼ੀਰ ਦੇ ਦਰਜ ਹੈ, ਉਹਨਾਂ ਦੀ ਗਿਣਤੀ ੨੨ ਹੈ। ਸਾਰੇ ਰਲਾ ਕੇ ਗੁਰੂ ਅਰਜਨ ਸਾਹਿਬ ਦੇ ੨੭੭ ਸਲੋਕ ਹਨ।

ਇਹਨਾਂ ਦੀਆਂ ੬ 'ਵਾਰਾਂ' ਦੀਆਂ ਕੁਲ ੧੧੦ ਪਉੜੀਆਂ ਹਨ।

ਨੋਟ :- ਗਉੜੀ ਕੀ ਵਾਰ,ਮ: ੪ ਵਿਚ ੫ ਗੁਰੂ ਅਰਜਨ ਸਾਹਿਬ ਦੀਆਂ ਪਉੜੀਆਂ,

ਸਾਰੰਗ ਕੀ ਵਾਰ,ਮ: ੪ ਵਿਚ ੧ ਪਉੜੀ ਗੁਰੂ ਅਰਜਨ ਸਾਹਿਬ ਦੀ, ਮਲਾਰ ਕੀ ਵਾਰ,ਮ: ੧ ਵਿਚ ੧ ਪਉੜੀ ਗੁਰੂ ਅਰਜਨ ਸਾਹਿਬ ਦੀ, ਕੁਲ ਜੋੜ ਪਉੜੀਆਂ ਦਾ ੧੧੭

ਨੋਟ :- ਸਲੋਕ ਕਬੀਰ ਜੀ ਵਿਚ ੫ ਸਲੋਕ ਗੁਰੂ ਅਰਜਨ ਸਾਹਿਬ ਦੇ, ਸਲੋਕ ਫ਼ਰੀਦ ਜੀ ਵਿਚ ੮ ਸਲੋਕ ਗੁਰੂ ਅਰਜਨ ਸਾਹਿਬ ਦੇ, ਕੁਲ ਜੋੜ ਸਲੋਕਾਂ ਦਾ ੨੭੭ + ੫ +੮ = ੨੯੦ ਸਲੋਕ।

**ਰਾਗਾਂ ਅਨੁਸਾਰ ਸ਼ਬਦਾਂ, ਅਸ਼ਟਪਦੀਆਂ ਤੇ ਛੰਤਾਂ ਦਾ ਵੇਰਵਾ:–**

| | ਰਾਗ | | ਸ਼ਬਦ | | ਅਸ਼ਟਪਦੀਆਂ | | ਛੰਤ |
|---|---|---|---|---|---|---|---|
| ੧. | ਸਿਰੀ ਰਾਗ | - | ੩੦ | - | ੨ | - | ੨ |
| ੨. | ਮਾਝ | - | ੪੩ | - | ੫ | - | - |
| ੩. | ਗਉੜੀ | - | ੧੭੨ | - | ੧੫ | - | ੪ |
| ੪. | ਆਸਾ | - | ੧੬੩ | - | ੨ | - | ੧੪ |
| ੫. | ਗੂਜਰੀ | - | ੩੨ | - | ੨ | - | - |
| ੬. | ਦੇਵਗੰਧਾਰੀ | - | ੩੮ | - | - | - | - |
| ੭. | ਬਿਹਾਗੜਾ | - | ੧ | - | - | - | ੯ |
| ੮. | ਵਡਹੰਸ | - | ੯ | - | - | - | ੩ |
| ੯. | ਸੋਰਠਿ | - | ੯੪ | - | ੩ | - | - |
| ੧੦. | ਧਨਾਸਰੀ | - | ੫੮ | - | ੧ | - | ੧ |
| ੧੧. | ਜੈਤਸਰੀ | - | ੧੩ | - | - | - | ੩ |
| ੧੨. | ਟੋਡੀ | - | ੩੦ | - | - | - | - |
| ੧੩. | ਬੈਰਾੜੀ | - | ੧ | - | - | - | - |
| ੧੪. | ਤਿਲੰਗ | - | ੫ | - | - | - | - |
| ੧੫. | ਸੂਹੀ | - | ੫੮ | - | ੫ | - | ੧੧ |
| ੧੬. | ਬਿਲਾਵਲ | - | ੧੨੯ | - | ੨ | - | ੫ |
| ੧੭. | ਗੋਂਡ | - | ੨੨ | - | ੧ | - | - |
| ੧੮. | ਰਾਮਕਲੀ | - | ੬੦ | - | ੮ | - | ੬ |
| ੧੯. | ਨਟ ਨਰਾਇਨ | - | ੧੦ | - | - | - | - |

| | ਰਾਗ | ਸ਼ਬਦ | ਅਸ਼ਟਪਦੀਆਂ | ਛੰਤ |
|---|---|---|---|---|
| ੨੦. | ਮਾਲੀ ਗਉੜਾ | ੯ | - | - |
| ੨੧. | ਮਾਰੂ | ੩੨ | ੬ | - |
| ੨੨ | ਤੁਖਾਰੀ | - | - | ੧ |
| ੨੩. | ਕੇਦਾਰਾ | ੧੫ | - | ੧ |
| ੨੪. | ਭੈਰਉ | ੫੭ | ੩ | - |
| ੨੫. | ਬਸੰਤ | ੨੧ | ੨ | - |
| ੨੬. | ਸਾਰੰਗ | ੧੩੯ | ੨ | - |
| ੨੭. | ਮਲਾਰ | ੩੦ | - | ੧ |
| ੨੮. | ਕਾਨੜਾ | ੫੦ | - | ੧ |
| ੨੯. | ਕਲਿਆਨ | ੧੦ | - | - |
| ੩੦. | ਪ੍ਰਭਾਤੀ | ੧੫ | ੩ | - |
| | ਜੋੜ | -੧੩੪੫ | ੬੨ | ੬੨ |

**ਵਾਰਾਂ ਦੀਆਂ ਪਉੜੀਆਂ ਦਾ ਵੇਰਵਾ:-**

| | |
|---|---|
| ਗਉੜੀ | ੨੧ |
| ਗੂਜਰੀ | ੨੧ |
| ਜੈਤਸਰੀ | ੨੦ |
| ਰਾਮਕਲੀ | ੨੨ |
| ਮਾਰੂ | ੨੩ |
| ਬਸੰਤ | ੩ |
| **ਜੋੜ** | ੧੧੦ |

ਨੋਟ:- ਇਹਨਾਂ ਤੋਂ ਇਲਾਵਾ ਗਉੜੀ ਕੀ ਵਾਰ,ਮ: ੪ ਵਿਚ ੫ ਪਉੜੀਆਂ, ਸਾਰੰਗ ਕੀ ਵਾਰ,ਮ: ੪ ਵਿਚ ਇਕ ਪਉੜੀ, ਮਲਾਰ ਕੀ ਵਾਰ,ਮ: ੧ ਵਿਚ ਇਕ ਪਉੜੀ ਗੁਰੂ ਅਰਜੁਨ ਸਾਹਿਬ ਦੀਆਂ ਹਨ।

ਕੁਲ ਜੋੜ ਪਉੜੀਆਂ ਦਾ - ੧੧੭ ਹੈ।

**ਸਲੋਕਾਂ ਦਾ ਵੇਰਵਾ:**

| | | |
|---|---|---|
| ੧. | ਸਿਰੀ ਰਾਗ ਕੀ ਵਾਰ,ਮ: ੪ ਵਿਚ - | ੧ |
| ੨ | ਗਉੜੀ ਕੀ ਵਾਰ,ਮ: ੪ ਵਿਚ | ੮ + ੫ ਪਉੜੀਆਂ |
| ੩. | ਗਉੜੀ ਕੀ ਵਾਰ,ਮ: ੫ ਵਿਚ - | ੪੨ |

| | | | |
|---|---|---|---|
| ੪. | ਗੂਜਰੀ ਕੀ ਵਾਰ,ਮ: ੫ ਵਿਚ | - | ੪੨ |
| ੫ | ਬਿਹਾਗੜੇ ਕੀ ਵਾਰ,ਮ: ੪ ਵਿਚ | - | ੨ |
| ੬. | ਜੈਤਸਰੀ ਕੀ ਵਾਰ,ਮ: ੫ ਵਿਚ | - | ੪੦ |
| ੭. | ਰਾਮਕਲੀ ਕੀ ਵਾਰ,ਮ: ੫ ਵਿਚ | - | ੪੪ |
| ੮. | ਮਾਰੂ ਕੀ ਵਾਰ,ਮ: ੩ ਵਿਚ | - | ੨ |
| ੯. | ਮਾਰੂ ਕੀ ਵਾਰ,ਮ: ੫ ਵਿਚ | - | ੬੯ |
| ੧੦. | ਸਾਰੰਗ ਕੀ ਵਾਰ,ਮ: ੪ ਵਿਚ | - | ੩ + ੧ ਪਉੜੀ |
| ੧੧. | ਮਲਾਰ ਕੀ ਵਾਰ,ਮ: ੩ ਵਿਚ | - | ੨ + ੧ ਪਉੜੀ |
| | | | ੨੫੫ + ੭ ਪਉੜੀਆਂ |
| | ਸਲੋਕ,ਵਾਰਾਂ ਦੇ ਵਧੀਕ | - | ੨੨ |
| | | | ੨੭੭ ਜੋੜ |

ਸਲੋਕ,ਕਬੀਰ ਜੀ ਵਿਚ - ਸਲੋਕ ਨੰ: ੨੦੯, ੨੧੦, ੨੧੧, ੨੧੪, ੨੨੧ - ੫ ਸਲੋਕ,ਗੁਰੂ ਅਰਜੁਨ ਸਾਹਿਬ ਦੇ ਹਨ।

ਸਲੋਕ,ਫ਼ਰੀਦ ਜੀ ਵਿਚ - ਸਲੋਕ ਨੰ: ੭੫, ੮੨, ੮੩, ੧੦੫, ੧੦੮, ੧੦੯, ੧੧੦, ੧੧੧ - ੮ ਸਲੋਕ

ਗੁਰੂ ਅਰਜਨ ਸਾਹਿਬ ਦੇ ਕੁਲ ਸਲੋਕਾਂ ਦਾ ਜੋੜ -੨੭੭+੫+੮=੨੯੦ ਸਲੋਕ

ਇਨ੍ਹਾਂ ਵਾਰਾਂ ਵਿਚ ਗੁਰੂ ਅਰਜਨ ਸਾਹਿਬ ਦਾ ਕੋਈ ਸਲੋਕ ਨਹੀ ਹੈ:- ਮਾਝ ਕੀ ਵਾਰ, ਆਸਾ ਕੀ ਵਾਰ, ਗੁਜਰੀ ਕੀ ਵਾਰ ਮ: ੩, ਵਡਹੰਸ ਕੀ ਵਾਰ, ਸੋਰਠਿ ਕੀ ਵਾਰ, ਸੂਹੀ ਕੀ ਵਾਰ, ਬਿਲਾਵਲ ਕੀ ਵਾਰ, ਰਾਮਕਲੀ ਕੀ ਵਾਰ,ਮ: ੩, ਕਾਨੜੇ ਕੀ ਵਾਰ = ੯ ਵਾਰਾਂ।

ਇੰਨ੍ਹਾਂ 'ਵਾਰਾਂ' ਦੀਆਂ ਨਿਰੀਆਂ ਪਉੜੀਆਂ ਹੀ ਹਨ, ਸਲੋਕ ਕੋਈ ਨਹੀਂ - ਬਸੰਤ ਕੀ ਵਾਰ, ਸਤੇ ਬਲਵੰਡ ਦੀ ਵਾਰ।

## ਗੁਰੂ ਅਰਜੁਨ ਦੇਵ ਜੀ ਦੀ ਬਾਣੀ ਵਿੱਚ ਆਏ ਪ੍ਰਮੁੱਖ

# ਗੁਰਮਤਿ - ਸਿਧਾਂਤ

ਸ੍ਰੀ ਗੁਰੂ ਅਰਜੁਨ ਦੇਵ ਜੀ ਦੀ ਉਚਾਰੀ ਬਾਣੀ ਵਡੇ ਆਕਾਰ ਵਾਲੀ ਹੈ, ਇਸ ਲਈ ਉਸ ਵਿਚ ਸਾਰੇ ਪ੍ਰਮੁਖ ਗੁਰਮਤਿ ਸਿਧਾਂਤਾ ਦਾ ਆ ਜਾਣਾ ਸੁਭਾਵਕ ਹੀ ਹੈ। ਮੁੱਖ ਵਿਸ਼ਾ ਤੇ ਪ੍ਰਭੂ ਦਾ ਨਾਮ ਸਿਮਰਨ, ਪ੍ਰਭੂ ਦੀ ਪ੍ਰੀਤ ਹੀ ਹੈ, ਜਿਸ ਦੇ ਨਾਲ ਜੀਵਨ ਮਨੋਰਥ, ਜੀਵਨ - ਜੁਗਤੀ, ਸਦਾਚਾਰ, ਗੁਰਮੁਖ ਦਾ ਜੀਵਨ, ਬ੍ਰਾਹਮਣੀ ਤੇ ਹੋਰ ਕਰਮ - ਕਾਂਡਾਂ ਬਾਰੇ ਵਿਚਾਰ, ਪ੍ਰਭੂ ਦਾ ਸਰੂਪ, ਪ੍ਰਭੂ ਦੇ ਗੁਣ, ਪ੍ਰਭੂ ਦੇ ਪਰਉਪਕਾਰ, ਸਾਧ - ਸੰਗਤ, ਮਨੁਖੀ ਏਕਤਾ, ਸਾਂਝੀਵਾਲਤਾ, ਸਤਿਗੁਰੂ ਤੇ ਉਸਦੀ ਸਿਖਿਆ ਨੂੰ ਮੰਨਣਾ, ਜੀਵਨ - ਮੁਕਤੀ, ਸੰਸਾਰ ਵਿਚ ਧਨ ਦੀ ਸਾਂਵੀ ਵੰਡ ਆਦਿਕ ਅਨੇਕਾਂ ਵਿਸ਼ਿਆਂ ਤੇ ਸਤਿਗੁਰੂ ਜੀ ਨੇ ਆਪਣੇ ਸ਼ੁਭ ਵਿਚਾਰ ਦਿਤੇ ਹਨ।

ਆਪ ਜੀ ਦੀ ਬਾਣੀ ਵਿਚ ਆਏ ਪ੍ਰਮੁੱਖ ਗੁਰਮਤਿ ਸਿਧਾਂਤ ਇਸ ਪ੍ਰਕਾਰ ਹਨ:-

### ੧. ਜੀਵਨ ਮਨੋਰਥ:

ਜੇ ਕਿਸੇ ਸਾਧਾਰਣ ਮਨੁਖ ਨੂੰ ਜੀਵਨ ਮਨੋਰਥ ਬਾਰੇ ਪੁਛਿਆ ਜਾਵੇ ਤਾਂ ਉਸ ਦਾ ਜੁਆਬ ਹੋਵੇਗਾ ਕਿ ਜਨਮ ਅਤੇ ਮੌਤ ਦੇ ਵਿਚਕਾਰਲੇ ਸਮੇਂ ਨੂੰ ਖੁਸ਼ੀ - ਅਨੰਦ ਸਹਿਤ ਜੀਉਣਾ ਹੀ ਜੀਵਨ ਮਨੋਰਥ ਹੈ। ਗੱਲ ਤਾਂ ਠੀਕ ਹੀ ਹੈ, ਪਰ ਅਮਲ ਵਿਚ ਲਿਆਉਣੀ ਏਨੀ ਆਸਾਨ ਨਹੀਂ। ਮਨੁੱਖ ਦੇ ਜੀਵਨ ਵਿੱਚ ਬਹੁਤ ਕੁਝ ਐਸਾ ਹੈ ਜੋ ਉਸਦੇ ਵੱਸ ਵਿਚ ਨਹੀਂ ਹੁੰਦਾ। ਮਨੁਖ ਹੱਡ ਭੰਨ ਕੇ ਕਮਾਈ ਕਰਦਾ ਹੈ; ਪਰ ਅਚਾਨਕ ਆਈ ਬੀਮਾਰੀ ਕੁਝ ਸਮੇਂ ਵਿਚ ਹੀ ਖੂਨ ਪਸੀਨੇ ਦੀ ਕਮਾਈ ਨੂੰ ਖਤਮ ਕਰ ਦਿੰਦੀ ਹੈ; ਭੈੜੀ ਔਲਾਦ ਮਨੁਖ ਦੀਆਂ ਆਸਾਂ ਤੇ ਪਾਣੀ ਫ਼ੇਰ ਦਿੰਦੀ ਹੈ, ਕਿਸੇ ਮਿੱਤਰ - ਪਿਆਰੇ ਦੀ ਭਰ ਜੁਆਨੀ ਵਿਚ ਮੌਤ ਮਨੁਖ ਦਾ ਲੱਕ ਤੋੜ ਦਿੰਦੀ ਹੈ; ਮਨੁਖ ਬੜੀਆਂ ਸਧਰਾਂ ਨਾਲ ਵਿਆਹ ਕਰਾਉਂਦਾ ਹੈ, ਪਰ ਜੀਵਨ ਸਾਥੀ ਨਾਲ ਵਿਚਾਰ ਨਾ ਮਿਲਣ ਕਰਕੇ ਜੀਵਨ ਨਰਕ ਬਣ ਜਾਂਦਾ ਹੈ, ਜਿਨ੍ਹਾਂ ਨਾਲ ਬਫ਼ਾ ਕੀਤੀ ਹੁੰਦੀ ਹੈ, ਉਹ ਬੇਫ਼ਾਈ ਕਰ ਜਾਂਦੇ ਹਨ, ਤਾਂ ਮਨੁਖ ਦਾ ਜੀਵਨ ਨੀਰਸ ਬਣ ਜਾਂਦਾ ਹੈ। ਕਈ ਵਾਰ ਰਾਜਨੀਤਕ ਉਥਲ - ਪੁਥਲ, ਜਿਸ ਨਾਲ ਮਨੁਖ ਦਾ ਦੂਰ ਦਾ ਸੰਬੰਧ ਵੀ ਨਹੀਂ ਹੁੰਦਾ, ਉਸਦੇ ਜੀਵਨ ਨੂੰ ਤਬਾਹ ਕਰ ਕੇ ਰਖ ਦਿੰਦੀ ਹੈ। ਦੇਸ਼ਾਂ ਦੀਆਂ ਵੰਡੀਆਂ ਪੈਣੀਆਂ, ਆਬਾਦੀ ਦਾ ਤਬਾਦਲਾ ਹੋਣਾ, ਘਰ - ਘਾਟ ਤੇ ਮਾਲ - ਅਸਬਾਬ ਦਾ ਲੁਟੇ ਜਾਣਾ, ਸਕੇ - ਸਨੇਹੀਆਂ ਦਾ ਕਤਲ ਹੋ ਜਾਣਾ - ਇਨ੍ਹਾਂ ਉਤੇ ਮਨੁੱਖ ਦਾ ਵੱਸ ਨਹੀਂ; ਪਰ ਮਨੁਖ ਨੂੰ ਇਨ੍ਹਾਂ ਦੀ ਮਾਰ ਸਹਾਰਨੀ ਪੈਂਦੀ ਹੈ। ਜੇ ਐਸਾ ਕੁਝ ਨਾ ਹੋਵੇ ਤਾਂ ਕਾਮ, ਕਰੋਧ, ਲੋਭ, ਮੋਹ, ਹੰਕਾਰ ਮਨੁਖ ਦੇ ਪੰਜ ਵੈਰੀ ਉਸਨੂੰ ਨੁਕਸਾਨ ਪਹੁਚਾਉਣ ਲਈ ਹਮੇਸ਼ਾ ਤਿਆਰ ਰਹਿੰਦੇ ਹਨ। ਮਾਇਆ ਦਾ ਮੋਹ ਅਥਵਾ ਸੰਸਾਰਕ ਪਦਾਰਥਾਂ ਦੀ ਖਿਚ ਮਨੁਖ ਨੂੰ ਜੀਵਨ ਭਰ ਖੁਆਰ ਕਰਦੀ ਰਹਿੰਦੀ ਹੈ; ਤ੍ਰਿਸ਼ਨਾ ਮਨੁਖ ਨੂੰ ਆਰਾਮ ਨਾਲ ਬੈਠਣ ਨਹੀਂ ਦਿੰਦੀ, ਸਭ ਕੁਝ ਹੁੰਦਿਆਂ ਹੋਇਆਂ ਮਨੁਖ ਤ੍ਰਿਸ਼ਨਾ ਦੇ ਟੋਟੇ ਚੜ੍ਹ ਕੇ ਦੁਖੀ ਰਹਿੰਦਾ ਹੈ, ਪ੍ਰੇਸ਼ਾਨ ਰਹਿੰਦਾ ਹੈ। ਜੀਵਨ ਦੇ ਸੱਚ ਦਾ ਗਿਆਨ ਨਾ ਹੋਣ ਕਰਕੇ ਮਨੁੱਖ ਦੁਖ-ਰੂਪ ਪਦਾਰਥਾਂ ਨੂੰ ਹੀ ਸਚੇ ਸੁਖ ਦੇ ਸਾਧਨ ਸਮਝ ਬੈਠਦਾ ਹੈ। ਉਹ ਜਿਉਂ ਜਿਉਂ ਸੁਖ ਵਲ ਦੌੜਦਾ ਹੈ,

ਅੱਗੋਂ ਦੁਖ ਆਪਣਾ ਭਿਆਨਕ ਚਿਹਰਾ ਲੈ ਕੇ ਸਾਹਮਣੇ ਆ ਖੜੋਂਦਾ ਹੈ। ਤਾਂ ਫਿਰ ਸੁਆਲ ਉਠਦਾ ਹੈ ਕਿ ਕੀ ਦੁੱਖਾਂ ਦੇ ਘਰ ਸੰਸਾਰ ਨੂੰ ਤਿਆਗ ਦਿਤਾ ਜਾਵੇ ? ਗੁਰਮਤਿ ਆਖਦੀ ਹੈ, ਨਹੀਂ। ਸਗੋਂ ਏਸੇ ਹੀ ਸੰਸਾਰ ਵਿਚ ਰਿਹਾ ਜਾਵੇ, ਪਰ ਪ੍ਰਭੂ ਨਾਲ ਪ੍ਰੀਤ ਪਾ ਕੇ। ਦੁਖ ਦਾ ਕਾਰਣ ਹੀ ਪ੍ਰਭੂ ਤੋਂ ਦੂਰੀ ਹੈ। ਏਸੇ ਲਈ ਗੁਰੂ ਅਰਜੁਨ ਦੇਵ ਜੀ ਫੁਰਮਾਨ ਕਰਦੇ ਹਨ:

— **'ਦੁਖੁ ਤਦੇ ਜਾ ਵਿਸਰਿ ਜਾਵੈ।।**
**ਭੁਖ ਵਿਆਪੈ ਬਹੁ ਬਿਧਿ ਧਾਵੈ।।** (ਮਾਝ,ਮ: ੫ ਪੰਨਾ-੯੮)

— **ਹਰਿ ਆਰਾਧੇ ਅਰੋਗ ਅਨਦਾਈ।**
**ਜਿਸਨੋ ਵਿਸਰੈ ਮੇਰਾ ਰਾਮੁ ਸਨੇਹੀ,**
**ਤਿਸੁ ਲਾਖ ਬੇਦਨ ਜਣੁ ਆਈ।** (ਸੋਰਠਿ,ਮ: ੫ ਪੰਨਾ-੬੧੨)

[ਪਰਮਾਤਮਾ ਦਾ ਆਰਾਧਨ ਕਰਨ ਨਾਲ ਅਰੋਗ ਹੋ ਜਾਈਦਾ ਹੈ, ਆਤਮਕ ਅਨੰਦ ਬਣਿਆ ਰਹਿੰਦਾ ਹੈ। ਪਰ ਜਿਸ ਮਨੁਖ ਨੂੰ ਮੇਰਾ ਪਿਆਰਾ ਪ੍ਰਭੂ ਭੁਲ ਜਾਂਦਾ ਹੈ, ਉਸ ਉਤੇ ਜਾਣੋ ਜਿਵੇਂ ਲੱਖਾਂ ਤਕਲੀਫ਼ਾਂ ਆ ਪੈਦੀਆਂ ਹਨ]

ਦੁੱਖਾਂ ਵਿਚ ਸੜ ਰਹੇ ਮਨੁਖ ਨੂੰ ਚੰਦਨ, ਚੰਦ ਜਾਂ ਸਰਦ ਰੁਤ ਠੰਢ ਨਹੀਂ ਪਹੁੰਚਾ ਸਕਦੇ। ਉਸਦੇ ਤਪ ਰਹੇ ਮਨ ਨੂੰ ਤਾਂ ਪ੍ਰਭੂ ਦਾ ਨਾਮ (ਪ੍ਰਭੂ ਦੀ ਸਿਫਤ ਸਲਾਹ, ਪ੍ਰਭੂ ਦੀਆਂ ਵਡਿਆਈਆਂ ਦੀ ਵੀਚਾਰ) ਹੀ ਸੀਤਲ ਕਰ ਸਕਦਾ ਹੈ :

**ਚੰਦਨ ਚੰਦੁ ਨ ਸਰਦ ਰੁਤਿ, ਮੂਲਿ ਨ ਮਿਟਈ ਘਾਂਮ।।**
**ਸੀਤਲੁ ਥੀਵੈ ਨਾਨਕਾ, ਜਪੰਦੜੋ ਹਰਿ ਨਾਮ।।**
(ਵਾਰ ਜੈਤਸਰੀ ਕੀ,ਮ: ੫ ਸਲੋਕ, ਪੰਨਾ-੭੦੯)

ਪ੍ਰਭੂ ਦਾ ਨਾਮ ਮਨੁਖ ਨੂੰ ਪ੍ਰਭੂ ਨਾਲ ਜੋੜਦਾ ਹੈ ਤੇ ਪ੍ਰਭੂ ਨਾਲ ਜੁੜ ਕੇ ਮਨੁਖ ਉਸਦੇ ਸਹਾਰੇ ਜੀਵਨ ਦੀ ਹਰ ਬਿਪਤਾ, ਕਸ਼ਟ, ਦੁਖ ਅਤੇ ਵਿਕਾਰਾਂ ਨਾਲ ਟਾਕਰਾ ਕਰ ਸਕਦਾ ਹੈ ਅਤੇ ਸਾਵਾਂ - ਜੀਵਨ ਜੀਅ ਸਕਦਾ ਹੈ, ਆਤਮਕ ਅਡੋਲਤਾ ਅਥਵਾ ਆਨੰਦ ਦੀ ਪ੍ਰਾਪਤੀ ਕਰ ਸਕਦਾ ਹੈ। ਏਸੇ ਲਈ ਨਾਮ ਸਿਮਰਨ ਨੂੰ ਜੀਵਨ ਦਾ ਮਨੋਰਥ ਮੰਨਿਆ ਗਿਆ ਹੈ। ਗੁਰੂ ਅਰਜੁਨ ਪਾਤਸ਼ਾਹ ਇਸ ਮਨੋਰਥ ਨੂੰ ਇੰਝ ਦ੍ਰਿੜ ਕਰਾਉਂਦੇ ਹਨ:

— **ਭਈ ਪਰਾਪਤਿ ਮਾਨੁਖ ਦੇਹੁਰੀਆ।।**
**ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ।।**
**ਅਵਰਿ ਕਾਜ ਤੇਰੈ ਕਿਤੈ ਨ ਕਾਮ।।**
**ਮਿਲੁ ਸਾਧ ਸੰਗਤਿ ਭਜੁ ਕੇਵਲ ਨਾਮ।। ੧।।**
**ਸਰੰਜਾਮਿ ਲਾਗੁ ਭਵਜਲ ਤਰਨ ਕੈ।।**
**ਜਨਮੁ ਬ੍ਰਿਥਾ ਜਾਤ ਰੰਗਿ ਮਾਇਆ ਕੈ।। ੧।। ਰਹਾਉ।।**
(ਆਸਾ,ਮ: ੫ - ੧੨)

ਜਿਹੜੇ ਮਨੁਖ ਨਾਮ ਸਿਮਰਨ ਵਾਲਾ ਜੀਵਨ ਮਨੋਰਥ ਭੁਲਾ ਕੇ ਖਾਣ-ਪੀਣ, ਹੱਸਣ-ਖੇਡਣ ਦੇ ਖਿਲਾਰੇ ਖਿਲਾਰਦੇ ਰਹਿੰਦੇ ਹਨ, ਉਹ ਤਾਂ ਮੁਰਦੇ ਨੂੰ ਸ਼ਿੰਗਾਰਨ ਵਾਲਾ ਕੰਮ ਕਰਦੇ ਹਨ, ਜਿਸਦਾ ਕੋਈ ਲਾਭ ਨਹੀਂ (ਭਾਵ : ਉਨ੍ਹਾਂ ਦੇ ਜੀਉਣ ਦਾ ਕੋਈ ਲਾਭ ਨਹੀਂ)

ਮਰਿ ਨ ਜਾਹੀ, ਜਿਨਾ ਬਿਸਰਤ ਰਾਮ।।
ਨਾਮ ਬਿਹੂਨ ਜੀਵਨ ਕਉਨ ਕਾਮ।।੧।। ਰਹਾਉ।।
ਖਾਤ ਪੀਤ ਖੇਲਤ ਹਸਤ ਬਿਸਥਾਰ।।
ਕਵਨ ਅਰਥ ਮਿਰਤਕ ਸੀਗਾਰ।।੨।। (ਗਉੜੀ,ਮ:੫ - ੧੮੮)

## ੨. ਧਰਮ ਕੀ ਹੈ?

ਜੀਵਨ ਮਨੋਰਥ ਨੂੰ ਧਿਆਨ ਵਿਚ ਰਖਦਿਆਂ ਹੋਇਆਂ ਹੀ ਸਤਿਗੁਰੂ ਜੀ ਨੇ ਧਰਮ ਦੀ ਵਿਆਖਿਆ ਕੀਤੀ ਹੈ। ਆਪਦਾ ਫੁਰਮਾਨ ਹੈ ਕਿ ਪ੍ਰਭੂ ਦਾ ਨਾਮ ਜਪਣਾ ਤੇ ਪਵਿਤਰ ਆਚਰਣ ਬਣਾਉਣਾ ਹੀ ਸਭ ਧਰਮਾਂ ਵਿਚੋ ਚੰਗਾ ਧਰਮ ਹੈ:

ਸਰਬ ਧਰਮ ਮਹਿ ਸ੍ਰੇਸਟ ਧਰਮੁ।।
ਹਰਿ ਕੋ ਨਾਮੁ ਜਪਿ, ਨਿਰਮਲ ਕਰਮੁ।। (ਗਉੜੀ, ਸੁਖਮਨੀ,ਮ: ੫ - ੨੬੬)

## ੩. ਪ੍ਰਭੂ ਅਤੇ ਪ੍ਰਭੂ ਦੀ ਪ੍ਰਾਪਤੀ:

ਗੁਰੂ ਅਰਜੁਨ ਦੇਵ ਜੀ ਨੇ ਜਿਥੇ ਪ੍ਰਭੂ ਦੇ ਬੇਅੰਤ ਗੁਣਾਂ ਦਾ ਜਿਕਰ ਕੀਤਾ ਹੈ; ਉਥੇ ਸਿੱਖ ਧਰਮ ਦੇ ਮੁਢਲੇ ਉਪਦੇਸ਼ (ਮੂਲ - ਮੰਤਰ) ਵਿਚ ਆਏ ਪ੍ਰਭੂ ਦੇ ਗੁਣਾ ਨੂੰ ਦ੍ਰਿੜ ਕਰਾਇਆ ਹੈ ਤੇ ਉਨ੍ਹਾਂ ਦੀ ਵਿਆਖਿਆ ਕੀਤੀ ਹੈ। ਆਪ ਜੀ ਦੱਸਦੇ ਹਨ ਕਿ ਪ੍ਰਭੂ ਇਕ ਹੈ ਤੇ ਸਰਬ ਵਿਆਪਕ ਹੈ, ਸਭ ਜੀਵਾਂ ਦੇ ਵਿਚ ਹੈ, ਸ੍ਰਿਸ਼ਟੀ ਨੂੰ ਸਾਜਣ ਵਾਲਾ ਹੈ, ਉਸੇ ਤੋਂ ਹੀ ਸਾਰਾ ਪਸਾਰਾ ਪਸਰਿਆ ਹੈ, ਉਸਦੀ ਥਾਹ ਨਹੀਂ ਪਾਈ ਜਾ ਸਕਦੀ, ਉਹ ਬੇਅੰਤ ਹੈ, ਅਪਾਰ ਹੈ; ਉਹ ਸਦਾ ਥਿਰ ਰਹਿਣ ਵਾਲਾ ਹੈ, ਸਾਰੀ ਸ੍ਰਿਸ਼ਟੀ ਉਸੇ ਦਾ ਹੀ ਰੂਪ ਹੈ, ਉਹ ਨਿਰਭਉ ਹੈ, ਨਿਰਵੈਰ ਹੈ, ਕਾਲ - ਰਹਿਤ ਹੈ ਅਤੇ ਜੂਨੀਆਂ ਵਿਚ ਨਹੀਂ ਆਉਂਦਾ; ਉਹ ਆਪ ਹੀ ਨਿਰਗੁਣ ਤੇ ਸਰਗੁਣ ਸਰੂਪਾਂ ਵਾਲਾ ਹੈ, ਮਿਠ ਬੋਲੜਾ ਹੈ, ਅਤੀ ਸੁੰਦਰ ਹੈ, ਅਤੀ ਪਿਆਰਾ ਹੈ:

— ਪੂਰਿ ਰਹਿਆ ਸ੍ਰਬ ਠਾਇ ਹਮਾਰਾ ਖਸਮੁ ਸੋਇ,
ਏਕੁ ਸਾਹਿਬੁ ਸਿਰਿ ਛਤੁ, ਦੂਜਾ ਨਾਹਿ ਕੋਇ।। (ਆਸਾ,ਮ: ੫ - ੩੯੮)
— ਕਰਣ ਕਾਰਣ ਪ੍ਰਭੁ ਏਕੁ ਹੈ, ਦੂਸਰ ਨਾਹੀ ਕੋਇ।।
ਨਾਨਕ ਤਿਸੁ ਬਲਿਹਾਰਣੈ, ਜਲਿ ਥਲਿ ਮਹੀਅਲਿ ਸੋਇ।।
(ਗਉੜੀ, ਸੁਖਮਨੀ ਮ:੫ - ੨੭੬)
— ਏਕੋ ਏਕੁ ਆਪਿ ਇਕੁ ਏਕੈ, ਏਕੈ ਹੈ ਸਗਲਾ ਪਸਾਰੇ।। (ਆਸਾ,ਮ: ੫ - ੩੭੯)
— ਜਲਿ ਥਲਿ ਮਹੀਅਲਿ ਪੂਰਿਆ, ਸੁਆਮੀ ਸਿਰਜਨਹਾਰੁ।
ਅਨਿਕ ਭਾਂਤਿ ਹੋਇ ਪਸਰਿਆ, ਨਾਨਕ ਏਕੰਕਾਰੁ।।
(ਥਿਤੀ, ਗਉੜੀ,ਮ: ੫ - ੨੯੬)
– ਆਪਿ ਸਤਿ ਕੀਆ ਸਭੁ ਸਤਿ।।
ਤਿਸੁ ਪ੍ਰਭ ਤੇ ਸਗਲੀ ਉਤਪਤਿ। (ਗਉੜੀ, ਸੁਖਮਨੀ,ਮ: ੫ - ੨੯੪)

— ਓਹੁ ਅਬਿਨਾਸੀ ਰਾਇਆ ।।
ਨਿਰਭਉ ਸੰਗਿ ਤੁਮਾਰੇ ਬਸਤੇ ।।
ਇਹੁ ਡਰਨੁ ਕਹਾ ਤੇ ਆਇਆ ।। (ਗਉੜੀ, ਮ: ੫ - ੨੦੬)

— ਤੂੰ ਨਿਰਵੈਰੁ, ਸੰਤ ਤੇਰੇ ਨਿਰਮਲ ।।
ਜਿਨ ਦੇਖੇ ਸਭ ਉਤਰਹਿ ਕਲਮਲ ।। (ਮਾਝ, ਮ: ੫ - ੧੦੮)

— ਅਮੋਘ ਦਰਸਨ ਆਜੂਨੀ ਸੰਭਉ ।।
ਅਕਾਲ ਮੂਰਤਿ ਜਿਸੁ ਕਦੇ ਨਾਹੀ ਖਉ ।। (ਮਾਰੂ, ਮ: ੫ - ੧੦੮੨)

— ਤੂ ਪਾਰਬ੍ਰਹਮੁ ਪਰਮੇਸਰੁ, ਜੋਨਿ ਨ ਆਵਹੀ (ਮਾਰੂ ਕੀ ਵਾਰ, ਮ: ੫ - ੧੦੯੫)

— ਸਗਲ ਪਰਾਧ ਦੇਹਿ ਲੋਰੋਨੀ ।।
ਸੋ ਮੁਖੁ ਜਲਉ ਜਿਤੁ ਕਹਹਿ ਠਾਕੁਰੁ ਜੋਨੀ ।। ੩ ।।
ਜਨਮਿ ਨ ਮਰੈ, ਨ ਆਵੈ ਨ ਜਾਇ ।।
ਨਾਨਕ ਕਾ ਪ੍ਰਭੁ ਰਹਿਓ ਸਮਾਇ ।। ੪ ।। (ਭੈਰਉ, ਮ: ੫ - ੧੧੩੬)

— ਨਿਰਗੁਨੁ ਆਪਿ ਸਰਗੁਨੁ ਭੀ ਓਹੀ ।।
ਕਲਾ ਧਾਰਿ ਜਿਨਿ ਸਗਲੀ ਮੋਹੀ ।।
(ਗਉੜੀ, ਸੁਖਮਨੀ, ਮ: ੫ - ੨੮੭)

— ਆਦਿ ਮਧਿ ਅੰਤਿ ਪ੍ਰਭੁ ਤੂ ਹੈ;
ਸਗਲ ਪਸਾਰਾ ਤੁਮ ਤਨਾ ।। ੧੪ ।। (ਮਾਰੂ ਸੋਲਹੇ, ਮ:੫ - ੧੦੭੯)

— ਮਿਠ ਬੋਲੜਾ ਜੀ ਹਰਿ ਸਜਣੁ ਸੁਆਮੀ ਮੋਰਾ ।।
ਹਉ ਸੰਮਲਿ ਥਕੀ ਜੀ, ਓਹੁ ਕਦੇ ਨ ਬੋਲੈ ਕਉਰਾ ।।
ਕਉੜਾ ਬੋਲਿ ਨ ਜਾਨੈ, ਪੂਰਨ ਭਗਵਾਨੈ, ਅਉਗਣੁ ਕੋ ਨ ਚਿਤਾਰੇ ।।
ਪਤਿਤ ਪਾਵਨੁ ਹਰਿ ਬਿਰਦੁ ਸਦਾਏ, ਇਕੁ ਤਿਲੁ ਨਹੀ ਭੰਨੈ ਘਾਲੇ ।।
(ਸੂਹੀ, ਮ:੫ - ੭੮੪)

— ਅੰਮ੍ਰਿਤ ਪ੍ਰਿਅ ਬਚਨ ਤੁਹਾਰੇ ।।
ਅਤਿ ਸੁੰਦਰ ਮਨਮੋਹਨ ਪਿਆਰੇ, ਸਭ ਹੂ ਮਧਿ ਨਿਹਾਰੇ ।।
(ਦੇਵਗੰਧਾਰੀ, ਮ:੫ - ੫੩੪)

— ਜਹ ਜਹ ਪੇਖਉ ਤਹ ਹਜੂਰਿ, ਦੂਰਿ ਕਤਹੁ ਨ ਜਾਈ ।।
ਰਵਿ ਰਹਿਆ ਸਰਬਤ੍ਰ ਮੈ, ਮਨ ਸਦਾ ਧਿਆਈ ।। (ਧਨਾਸਰੀ, ਮ: ੫ - ੬੭੭)

— ਸਰਬ ਜੋਤਿ ਮਹਿ ਜਾਕੀ ਜੋਤਿ,
ਧਾਰਿ ਰਹਿਓ ਸੁਆਮੀ ਓਤਿ ਪੋਤਿ ।। (ਗਉੜੀ, ਸੁਖਮਨੀ ਮ: ੫ - ੨੯੪)

— ਸਗਲ ਬਨਸਪਤਿ ਮਹਿ ਬੈਸੰਤਰੁ, ਸਗਲ ਦੂਧ ਮਹਿ ਘੀਆ ।।
ਊਚ ਨੀਚ ਮਹਿ ਜੋਤਿ ਸਮਾਣੀ, ਘਟਿ ਘਟਿ ਮਾਧਉ ਜੀਆ ।।
(ਸੋਰਠਿ, ਮ: ੫ - ੬੧੭)

— ਮਨ ਮੂੜੇ ਦੇਖਿ ਰਹਿਓ ਪ੍ਰਭ ਸੁਆਮੀ ।।
ਜੋ ਕਿਛੁ ਕਰਹਿ, ਸੋਈ ਸੋਈ ਜਾਣੈ, ਰਹੈ ਨ ਕਛੂਐ ਛਾਨੀ ।।
(ਸੋਰਠਿ,ਮ: ੫ - ੬੧੬)

— ਏਕੁ ਦਾਤਾਰੁ ਸਗਲ ਹੈ ਜਾਚਿਕ,
ਦੂਸਰ ਕੈ ਪਹਿ ਜਾਵਉ ।। ੧ ।।
ਹਉ ਮਾਗਉ ਆਨ, ਲਜਾਵਉ ।। (ਆਸਾ,ਘਰੁ ੬, ਮ: ੫ - ੪੦੧)

— ਸੰਕਰਾ ਨਹੀ ਜਾਨਹਿ ਭੇਵ ।। ਖੋਜਤ ਹਾਰੇ ਦੇਵ ।।
ਦੇਵੀਆਂ ਨਹੀ ਜਾਨਹਿ ਮਰਮ ।।
ਸਭ ਊਪਰਿ ਅਲਖ ਪਾਰਬ੍ਰਹਮ ।। (ਰਾਮਕਲੀ,ਮ:੫ - ੮੯੪)

— ਸਾਲਗਿਰਾਮੁ ਹਮਾਰੈ ਸੇਵਾ ।। ਪੂਜਾ ਅਰਚਾ ਬੰਦਨ ਦੇਵਾ ।।
ਘੰਟਾ ਜਾ ਕਾ ਸੁਨੀਐ ਚਹੁ ਕੁੰਟ ।। ਆਸਨੁ ਜਾਕਾ ਸਦਾ ਬੈਕੁੰਠ ।।
ਜਾ ਕਾ ਚਵਰੁ ਸਭ ਊਪਰਿ ਝੂਲੈ ।। ਤਾ ਕਾ ਧੂਪੁ ਸਦਾ ਪਰਫੁਲੈ ।।
(ਆਸਾ,ਮ: ੫ - ੩੯੩)

## ੪. ਗੁਰੂ ਅਥਵਾ ਸਤਿਗੁਰੂ :

ਗੁਰੂ ਸਿੱਖ ਦਾ ਗਾਈਡ (Guide) ਹੈ, ਮਾਰਗ ਦਰਸ਼ਕ ਹੈ , ਜੀਵਨ ਦੇ ਹਰ ਕਦਮ ਤੇ ਮਨੁੱਖ ਨੂੰ ਅਗਵਾਈ ਦਿੰਦਾ ਹੈ । ਪ੍ਰਭੂ ਨਾਲ ਇਕ-ਸੁਰ ਹੋਣ ਕਰਕੇ ਉਹ ਪ੍ਰਭੂ ਵਰਗਾ ਹੀ ਹੁੰਦਾ ਹੈ । ਗੁਰੂ ਦੀ ਅਗਵਾਈ ਵਿੱਚ ਨਾਮ ਜਪ ਕੇ ਸਿੱਖ ਪ੍ਰਭੂ ਵਿੱਚ ਅਭੇਦ ਹੋ ਜਾਂਦਾ ਹੈ । ਗੁਰੂ ਮਾਇਆ ਦੇ ਬੰਧਨਾ ਨੂੰ ਤੋੜਕੇ, ਵਿਕਾਰਾਂ ਦੇ ਹੱਲਿਆਂ ਤੋਂ ਬਚਾਕੇ ਸਿੱਖ ਨੂੰ ਪ੍ਰਭੂ ਨਾਲ ਮਿਲਾਉਂਦਾ ਹੈ । ਗੁਰੂ ਮੌਤ ਦਾ ਭੈ ਦੂਰ ਕਰਦਾ ਹੈ, ਜਨਮ-ਮਰਨ ਦਾ ਗੇੜ ਕੱਟਦਾ ਹੈ, ਨਾਮ ਦੀ ਦਾਤ ਬਖਸ਼ਦਾ ਹੈ, ਸਿੱਖ ਦੀ ਪੈਰ-ਪੈਰ ਤੇ ਪ੍ਰਿਤਪਾਲਣਾ ਕਰਦਾ ਹੈ। ਗੁਰੂ ਦੀ ਕ੍ਰਿਪਾ ਤੋਂ ਬਿਨਾਂ ਨਾ ਤਾਂ ਪ੍ਰਭੂ ਦੀ ਪ੍ਰਾਪਤੀ ਹੋ ਸਕਦੀ ਹੈ ਤੇ ਨਾ ਹੀ ਸੰਸਾਰ ਸਾਗਰ ਤਰਿਆ ਜਾ ਸਕਦਾ ਹੈ ਅਥਵਾ ਜੀਵਨ ਸਫਲ ਨਹੀਂ ਕੀਤਾ ਜਾ ਸਕਦਾ । ਗੁਰੂ ਦੀ ਹਸਤੀ, ਗੁਰੂ ਦੀ ਸ਼ਖਸੀਅਤ ਅਤੇ ਗੁਰੂ ਦੀਆਂ ਬਖਸ਼ਸ਼ਾਂ ਬਾਰੇ ਗੁਰੂ ਅਰਜੁਨ ਦੇਵ ਜੀ ਦੇ ਕੁਝ ਵਿਚਾਰ ਹਾਜ਼ਰ ਹਨ :-

— ਸਤਿਪੁਰਖੁ ਜਿਨਿ ਜਾਨਿਆ, ਸਤਿਗੁਰੁ ਤਿਸਕਾ ਨਾਉ ।
ਤਿਸ ਕੈ ਸੰਗਿ ਸਿਖੁ ਉਧਰੈ ਨਾਨਕ ਹਰਿ ਗੁਨ ਗਾਉ ।।
(ਗਉੜੀ, ਸੁਖਮਨੀ,ਮ: ੫, ਪੰਨਾ-੨੮੬)

— ਬੰਧਨ ਤੋੜਿ ਬੋਲਾਵੈ ਰਾਮੁ ।। ਮਨ ਮਹਿ ਲਾਗੈ ਸਾਚੁ ਧਿਆਨੁ ।।
ਮਿਟਹਿ ਕਲੇਸ ਸੁਖੀ ਹੋਇ ਰਹੀਐ ।। ਐਸਾ ਦਾਤਾ ਸਤਿਗੁਰੁ ਕਹੀਐ ।।
(ਗਉੜੀ ਗੁਆਰੇਰੀ,ਮ: ੫, ਪੰਨਾ-੧੮੩)

— ਮੇਰਾ ਬੈਦੁ ਗੁਰੂ ਗੋਵਿੰਦਾ ।।

ਹਰਿ ਹਰਿ ਨਾਮੁ ਅਉਖਧੁ ਮੁਖਿ ਦੇਵੈ, ਕਾਟੈ ਜਮ ਕੀ ਫੰਧਾ ।
(ਸੋਰਠਿ,ਮ: ੫ ਪੰਨਾ-੬੧੮)

— ਗੁਰ ਗੋਬਿੰਦ, ਗੋਪਾਲ ਗੁਰ, ਗੁਰ ਪੂਰਨ ਨਾਰਾਇਣਹ ॥
ਗੁਰ ਦਇਆਲ, ਸਮਰਥ ਗੁਰ, ਗੁਰ, ਨਾਨਕ, ਪਤਿਤ ਉਧਾਰਣਹ ॥
(ਵਾਰ ਜੈਤਸਰੀ,ਮ: ੫ ਪੰਨਾ-੭੧੦)

— ਨਾਨਕ ਸੋਧੇ ਸਿੰਮ੍ਰਿਤਿ ਬੇਦ ॥ ਪਾਰਬ੍ਰਹਮ ਗੁਰ ਨਾਹੀ ਭੇਦ ॥
(ਭੈਰਉ ,ਮ: ੫ ਪੰਨਾ-੧੧੪੨)

— ਸਤਿਗੁਰ ਜੇਵਡੁ ਅਵਰ ਨ ਕੋਇ ॥
ਗੁਰ ਪਾਰਬ੍ਰਹਮ ਪਰਮੇਸਰੁ ਸੋਇ ॥
ਜਨਮ ਮਰਣ ਦੂਖ ਤੇ ਰਾਖੈ ॥
ਮਾਇਆ ਬਿਖੁ ਫਿਰਿ ਬਹੁੜਿ ਨਾ ਚਾਖੈ ॥ (ਮਲਾਰ,ਮ: ੫ ਪੰਨਾ-੧੨੭੧)

— ਗੁਰੁ ਤੀਰਥੁ, ਗੁਰੁ ਪਾਰਜਾਤੁ, ਗੁਰ ਮਨਸਾ ਪੂਰਣਹਾਰੁ ।
ਗੁਰੁ ਦਾਤਾ, ਹਰਿਨਾਮੁ ਦੇਇ, ਉਧਰੈ ਸਭੁ ਸੰਸਾਰੁ ॥
(ਸਿਰੀ ਰਾਗੁ,ਮ: ੫ ਪੰਨਾ-੫੨)

— ਚੂਕਾ ਗਉਣੁ ਮਿਟਿਆ ਅੰਧਿਆਰੁ ।
ਗੁਰਿ ਦਿਖਲਾਇਆ ਮੁਕਤਿ ਦੁਆਰੁ ॥ (ਪ੍ਰਭਾਤੀ,ਮ: ੫ ਪੰਨਾ-੧੩੪੮)

— ਮਤ ਕੋ ਭਰਮਿ ਭੁਲੈ ਸੰਸਾਰਿ ॥
ਗੁਰ ਬਿਨੁ ਕੋਇ ਨ ਉਤਰਸਿ ਪਾਰਿ ॥੧॥ (ਗੋਂਡ,ਮ: ੫ ਪੰਨਾ-੮੬੪)

— ਸਤਿਗੁਰੁ ਸਿਖ ਕੀ ਕਰੈ ਪ੍ਰਤਿਪਾਲ ॥
ਸੇਵਕ ਕਉ ਗੁਰੁ ਸਦਾ ਦਇਆਲ ॥
ਸਿਖ ਕੀ ਗੁਰੁ ਦੁਰਮਤਿ ਮਲੁ ਹਿਰੈ ॥
ਗੁਰਬਚਨੀ ਹਰਿ ਨਾਮੁ ਉਚਰੈ ॥
ਸਤਿਗੁਰੁ ਸਿਖ ਕੇ ਬੰਧਨ ਕਾਟੈ ॥
ਗੁਰ ਕਾ ਸਿਖੁ ਬਿਕਾਰ ਤੇ ਹਾਟੈ ॥
ਸਤਿਗੁਰੁ ਸਿਖ ਕਉ ਨਾਮ ਧਨੁ ਦੇਇ ।
ਗੁਰ ਕਾ ਸਿਖੁ ਵਡਭਾਗੀ ਹੇ ॥
ਸਤਿਗੁਰੁ ਸਿਖ ਕਾ ਹਲਤੁ ਪਲਤੁ ਸਵਾਰੈ ।
ਨਾਨਕ ਸਤਿਗੁਰੁ ਸਿਖ ਕਉ ਜੀਅ ਨਾਲਿ ਸਮਾਰੈ ॥੧॥
(ਗਉੜੀ,ਸੁਖਮਨੀ,ਮ: ੫ ਪੰਨਾ-੨੮੬)

### ੫. ਗੁਰੂ ਦੀ ਸਿਖਿਆ – ਗੁਰ ਸ਼ਬਦ :

ਗੁਰੂ ਦੀ ਸਿਖਿਆ, ਗੁਰੂ ਦੇ ਬਚਨ, ਗੁਰੂ ਦਾ ਉਪਦੇਸ਼ ਅਥਵਾ ਗੁਰੂ ਦਾ ਸ਼ਬਦ ਹੀ ਸਿੱਖ ਦਾ ਪਾਰ ਨਿਸਤਾਰਾ ਕਰਦਾ ਹੈ, ਸਿੱਖ ਦੀ ਮਾਇਆ ਅਥਵਾ ਵਿਕਾਰਾਂ ਤੋਂ ਰਖਿਆ

ਕਰਦਾ ਹੈ । ਗੁਰ-ਸ਼ਬਦ ਹੀ ਸਿੱਖ ਦੀ ਬੁੱਧੀ ਵਿਚ ਗਿਆਨ ਦਾ ਚਾਨਣ ਕਰਦਾ ਹੈ, ਜਿਸ ਚਾਨਣ ਵਿੱਚੋਂ ਸਿੱਖ ਆਪਣਾ ਜੀਵਨ ਜੀਊਂਦਾ ਹੋਇਆ, ਪ੍ਰਭੂ ਨਾਲ ਸਾਂਝ ਪਾ ਲੈਂਦਾ ਹੈ :

— **ਸਤਿਗੁਰ ਬਚਨ ਤੁਮ੍ਾਰੇ । ਨਿਰਗੁਣ ਨਿਸਤਾਰੇ ।।੧।। ਰਹਾਉ ।।**
**ਮਹਾ ਬਿਖਾਦੀ ਦੁਸਟ ਅਪਵਾਦੀ ਤੇ ਪੁਨੀਤ ਸੰਗਾਰੇ ।।੧।।**
**ਜਨਮ ਭਵੰਤੇ, ਨਰਕ ਪੜੰਤੇ, ਤਿਨ੍ ਕੇ ਕੁਲ ਉਧਾਰੇ ।।੨।।**

(ਆਸਾ,ਮ: ੫, ਪੰਨਾ-੪੦੬)

— **ਗੁਰ ਕੇ ਬਚਨਿ ਮੋਹਿ ਪਰਮ ਗਤਿ ਪਾਈ ।।**
**ਗੁਰਿ ਪੂਰੈ ਮੇਰੀ ਪੈਜ ਰਖਾਈ ।।੧।।**
**ਗੁਰ ਕੈ ਬਚਨਿ ਧਿਆਇਓ ਮੋਹਿ ਨਾਉ ।।**
**ਗੁਰ ਪਰਸਾਦਿ ਮੁਹਿ ਮਿਲਿਆ ਥਾਉ ।।੧।। ਰਹਾਉ ।।**

(ਗਉੜੀ,ਮ: ੫, ਪੰਨਾ-੨੩੯)

— **ਗੁਰ ਕਾ ਸਬਦੁ ਰਖਵਾਰੇ । ਚਉਕੀ ਚਉਗਿਰਦ ਹਮਾਰੇ ।**
**ਰਾਮ ਨਾਮਿ ਮਨੁ ਲਾਗਾ । ਜਮੁ ਲਜਾਇ ਕਰਿ ਭਾਗਾ ।।**

(ਸੋਰਠਿ,ਮ: ੫, ਪੰਨਾ- ੬੨੬)

— **ਗੁਰ ਕਾ ਸਬਦੁ ਅੰਮ੍ਰਿਤ ਰਸੁ ਪੀਉ ।।**
**ਤਾ ਤੇਰਾ ਹੋਇ ਨਿਰਮਲ ਜੀਉ ।।** (ਰਾਮਕਲੀ,ਮ: ੫, ਪੰਨਾ-੮੯੧)

— **ਅੰਧਕਾਰੁ ਮਿਟਿਓ ਤਿਹ ਤਨ ਤੇ, ਗੁਰਿ ਸਬਦਿ ਦੀਪਕੁ ਪਰਗਾਸਾ ।**
**ਭ੍ਰਮ ਕੀ ਜਾਲੀ ਤਾ ਕੀ ਕਾਟੀ, ਜਾਕਉ ਸਾਧ ਸੰਗਤਿ ਬਿਸ੍ਾਸਾ ।।**

(ਗਉੜੀ,ਮ: ੫, ਪੰਨਾ-੨੦੮)

— **ਸਤਿਗੁਰ ਸਬਦਿ ਉਜਾਰੋ ਦੀਪਾ ।।**
**ਬਿਨਸਿਓ ਅੰਧਕਾਰ ਤਿਹ ਮੰਦਰਿ,**
**ਰਤਨ ਕੋਠੜੀ ਖੁਲੀ ਅਨੂਪਾ ।।੧।। ਰਹਾਉ ।।**

(ਬਿਲਾਵਲੁ,ਮ: ੫, ਪੰਨਾ-੮੨੧)

### ੬. ਪ੍ਰਭੂ ਦਾ ਸਿਮਰਨ–ਨਾਮ ਜਪਣਾ :

ਪ੍ਰਭੂ ਦਾ ਸਿਮਰਨ ਕਰਨ ਤੇ ਨਾਮ ਜਪਣ ਦੇ ਇਕੋ ਅਰਥ-ਭਾਵ ਹਨ । ਗੁਰਬਾਣੀ ਵਿੱਚ ਪ੍ਰਭੂ ਦੀ ਯਾਦ ਨੂੰ ਮਨ ਵਿੱਚ ਵਸਾਈ ਰੱਖਣ, ਪ੍ਰਭੂ ਦੀ ਸਿਫ਼ਤ-ਸਲਾਹ ਕਰਨ, ਉਸਦੀਆਂ ਵਡਿਆਈਆਂ ਦੀ ਵੀਚਾਰ ਕਰਨ ਨੂੰ ਨਾਮ ਸਿਮਰਨ ਕਿਹਾ ਗਿਆ ਹੈ । ਇਸ ਦਾ ਸਭ ਤੋਂ ਵੱਡਾ ਲਾਭ ਤਾਂ ਇਹ ਹੁੰਦਾ ਹੈ ਕਿ ਨਾਮ ਜਪਣ ਵਾਲਾ ਪ੍ਰਭੂ-ਗੁਣਾਂ ਦਾ ਧਾਰਨੀ ਹੋ ਜਾਂਦਾ ਹੈ, ਉਸ ਦੀ ਸੁਰਤ ਪ੍ਰਭੂ ਚਰਨਾਂ ਨਾਲ ਜੁੜ ਜਾਂਦੀ ਹੈ । ਐਸਾ ਮਨੁੱਖ ਦੁਖ-ਸੁਖ ਤੋਂ ਨਿਰਲੇਪ ਹੋ ਜਾਂਦਾ ਹੈ, ਮਾਇਆ ਤੇ ਵਿਕਾਰ ਉਸਦੇ ਨੇੜੇ ਨਹੀਂ ਫਟਕਦੇ, ਉਹ ਪ੍ਰਭੂ ਦੀ ਦਰਗਹ ਵਿਚ ਤੇ ਸੰਸਾਰ ਵਿਚ ਆਦਰ ਪ੍ਰਾਪਤ ਕਰਦਾ ਹੈ, ਉਹ ਉਚੇ-ਕਿਰਦਾਰ ਵਾਲਾ ਬਣ ਜਾਂਦਾ ਹੈ, ਪਰਉਪਕਾਰੀ ਬਣ ਜਾਂਦਾ ਹੈ, ਮੌਤ ਦਾ ਡਰ ਉਸ ਦੇ ਮਨ ਵਿਚੋਂ ਜਾਂਦਾ

ਚਹਿੰਦਾ ਹੈ, ਚਿੰਤਾ, ਡਰ, ਫਿਕਰ ਆਦਿ ਤੋਂ ਖਲਾਸੀ ਹੋ ਜਾਂਦੀ ਹੈ ਤੇ ਮਨ ਵਿੱਚ ਖੇੜਾ ਪੈਦਾ ਹੁੰਦਾ ਹੈ । ਜਨਮ ਮਰਨ ਦਾ ਗੇੜ ਕਟਿਆ ਜਾਂਦਾ ਹੈ ਤੇ ਮਨੁੱਖ ਪ੍ਰਭੂ ਵਿੱਚ ਹੀ ਸਮਾ ਜਾਂਦਾ ਹੈ :

— ਨਾਮੁ ਜਪਤ ਮਨੁ ਤਨੁ ਸਭੁ ਹਰਿਆ ।
ਕਲਮਲ ਦੋਖ ਸਗਲ ਪਰਹਰਿਆ ।। (ਆਸਾ,ਮ: ੫ ਪੰਨਾ-੩੯੫)

— ਤ੍ਰਿਸਨਾ ਬੁਝੈ ਹਰਿ ਕੈ ਨਾਮਿ ।।
ਮਹਾ ਸੰਤੋਖੁ ਹੋਵੈ ਗੁਰਬਚਨੀ, ਪ੍ਰਭ ਸਿਉ ਲਾਗੈ ਪੂਰਨ ਧਿਆਨੁ ।।
(ਰਾਗ ਧਨਾਸਰੀ,ਮ: ੫ ਪੰਨਾ-੬੮੨)

— ਮਾਈ ਮੇਰੇ ਮਨ ਕੋ ਸੁਖੁ ।। ਕੋਟਿ ਅਨੰਦ ਰਾਜ ਸੁਖੁ ਭੁਗਵੈ,
ਹਰਿ ਸਿਮਰਤ ਬਿਨਸੈ ਸਭ ਦੂਖੁ ।।੧।। ਰਹਾਉ ।।
ਕੋਟਿ ਜਨਮ ਕੇ ਕਿਲਬਿਖ ਨਾਸਹਿ, ਸਿਮਰਤ ਪਾਵਨ ਤਨ ਮਨ ਸੁਖ ।।
ਦੇਖਿ ਸਰੂਪ ਪੂਰਨੁ ਭਈ ਆਸਾ, ਦਰਸਨੁ ਭੇਟਤ ਉਤਰੀ ਭੁਖ ।।
(ਟੋਡੀ,ਮ: ੫ ਪੰਨਾ-੭੧੭)

— ਜਿਨ੍ਹਾ ਨ ਵਿਸਰੈ ਨਾਮੁ ਸੇ ਕਿਨੇਹਿਆ ।
ਭੇਦੁ ਨ ਜਾਣਹੁ ਮੂਲਿ ਸਾਂਈ ਜੇਹਿਆ ।। (ਆਸਾ,ਮ: ੫ ਪੰਨਾ-੩੯੭)

— ਜਿਸੁ ਨਾਮੁ ਰਿਦੈ ਸੋਈ ਵਡ ਰਾਜਾ ।।
ਜਿਸੁ ਨਾਮੁ ਰਿਦੈ ਤਿਸੁ ਪੂਰੇ ਕਾਜਾ ।।
ਜਿਸੁ ਨਾਮੁ ਰਿਦੈ ਤਿਨਿ ਕੋਟਿ ਧਨ ਪਾਏ ।।
ਨਾਮ ਬਿਨਾ ਜਨਮੁ ਬਿਰਥਾ ਜਾਇ ।। (ਭੈਰਉ,ਮ: ੫ ਪੰਨਾ-੧੧੫੫)

— ਨਿਰਭਉ ਜਪੈ, ਸਗਲ ਭਉ ਮਿਟੈ।। (ਗਉੜੀ,ਸੁਖਮਨੀ,ਮ: ੫ ਪੰਨਾ-੨੯੩)

— ਸੋ ਕਤ ਡਰੈ ਜਿ ਖਸਮੁ ਸਮਾਰੈ ।।
ਡਰਿ ਡਰਿ ਪਚੇ, ਮਨਮੁਖ ਵੇਚਾਰੇ ।। (ਧਨਾਸਰੀ,ਮ: ੫ ਪੰਨਾ-੬੭੭)

— ਸਿਮਰਉ ਸਿਮਰਿ ਸਿਮਰਿ ਸੁਖੁ ਪਾਵਉ ।।
ਕਲਿ ਕਲੇਸ ਤਨ ਮਾਹਿ ਮਿਟਾਵਉ ।। (ਗਉੜੀ,ਸੁਖਮਨੀ,ਮ: ੫ ਪੰਨਾ-੨੬੨)

— ਪ੍ਰਭ ਕੈ ਸਿਮਰਨਿ ਰਿਧਿ ਸਿਧਿ ਨਉ ਨਿਧਿ ।।
ਪ੍ਰਭ ਕੈ ਸਿਮਰਨਿ ਗਿਆਨੁ ਧਿਆਨੁ ਤਤੁ ਬੁਧਿ ।।
ਪ੍ਰਭ ਕੈ ਸਿਮਰਨਿ ਜਪ ਤਪ ਪੂਜਾ।।
ਪ੍ਰਭ ਕੈ ਸਿਮਰਨਿ ਬਿਨਸੈ ਦੂਜਾ ।।
ਪ੍ਰਭ ਕੈ ਸਿਮਰਨਿ ਤੀਰਥ ਇਸਨਾਨੀ ।।
ਪ੍ਰਭ ਕੈ ਸਿਮਰਨਿ ਦਰਗਹ ਮਾਨੀ ।।
ਪ੍ਰਭ ਕੈ ਸਿਮਰਨਿ ਹੋਇ ਸੁ ਭਲਾ ।।

ਪ੍ਰਭ ਕੈ ਸਿਮਰਨਿ ਸੁਫਲ ਫਲਾ ॥
ਸੇ ਸਿਮਰਹਿ ਜਿਨ ਆਪਿ ਸਿਮਰਾਏ ॥
ਨਾਨਕ ਤਾ ਕੈ ਲਾਗਉ ਪਾਏ ॥੩॥ (ਗਉੜੀ ਸੁਖਮਨੀ, ਮ: ੫, ਪੰਨਾ-੨੬੨)

— ਸੂਖਿ ਅਰਾਧਨੁ, ਦੂਖਿ ਅਰਾਧਨੁ, ਬਿਸਰੈ ਨ ਕਾਹੂ ਬੇਰਾ ॥
ਨਾਮੁ ਜਪਤ ਕੋਟਿ ਸੂਰ ਉਜਾਰਾ, ਬਿਨਸੈ ਭਰਮੁ ਅੰਧੇਰਾ ॥
(ਜੈਤਸਰੀ, ਮ: ੫, ਪੰਨਾ-੭੦੦)

— ਜਿਸੁ ਨੀਚ ਕਉ ਕੋਈ ਨ ਜਾਨੈ ॥
ਨਾਮੁ ਜਪਤ ਉਹੁ ਚਹੁ ਕੁੰਟ ਮਾਨੈ ॥ (ਆਸਾ, ਮ: ੫, ਪੰਨਾ- ੩੮੬)

— ਦੂਖੁ ਨ ਲਾਗੈ ਕਦੇ ਤੁਧੁ, ਪਾਰਬ੍ਰਹਮੁ ਚਿਤਾਰੇ ॥
ਜਮ ਕੰਕਰੁ ਨੇੜਿ ਨ ਆਵਈ, ਗੁਰਸਿਖ ਪਿਆਰੇ ॥
(ਬਿਲਾਵਲੁ, ਮ: ੫, ਪੰਨਾ-੮੧੮)

ਨਾਮ ਕਿਉਂਕਿ ਪ੍ਰਭੂ ਦੀ ਯਾਦ ਨੂੰ ਕਿਹਾ ਗਿਆ ਹੈ, ਇਸ ਲਈ ਨਾਮ ਸਿਮਰਣ ਹਰ ਸਮੇਂ ਹਰ ਥਾਂ ਕੀਤਾ ਜਾ ਸਕਦਾ ਹੈ। ਸੌਂਦਿਆਂ, ਜਾਗਦਿਆਂ, ਤੁਰਦਿਆਂ-ਫਿਰਦਿਆਂ, ਕਿਰਤ-ਕਾਰ ਕਰਦਿਆਂ ਪ੍ਰਭੂ ਦੀ ਯਾਦ ਨੂੰ ਪੱਕਿਆਂ ਕੀਤਾ ਜਾ ਸਕਦਾ ਹੈ :

— ਊਠਤ, ਬੈਠਤ, ਸੋਵਤ ਧਿਆਈਐ।
ਮਾਰਗਿ ਚਲਤ ਹਰੇ ਹਰਿ ਗਾਈਐ ॥ (ਆਸਾ, ਮ: ੫, ਪੰਨਾ-੩੮੬)

— ਸੰਤਹੁ ਰਾਮ ਨਾਮਿ ਨਿਸਤਰੀਐ ॥
ਊਠਤ ਬੈਠਤ ਹਰਿ ਹਰਿ ਧਿਆਈਐ, ਅਨਦਿਨੁ ਸੁਕ੍ਰਿਤੁ ਕਰੀਐ ॥
(ਸੋਰਠਿ, ਮ: ੫, ਪੰਨਾ-੬੨੨)

— ਕਾਹੇ ਏਕ ਬਿਨਾ ਚਿਤੁ ਲਾਈਐ।
ਊਠਤ ਬੈਠਤ ਸੋਵਤ ਜਾਗਤ, ਸਦਾ ਸਦਾ ਹਰਿ ਧਿਆਈਐ ॥
(ਆਸਾ, ਘਰੁ ੩, ਮ: ੫, ਪੰਨਾ-੩੭੯)

ਐਸਾ ਨਾਮ ਜਪਣ ਲਈ ਕਿਸੇ ਵਿਸ਼ੇਸ਼ ਵਿਧੀ ਦੀ ਲੋੜ ਨਹੀਂ। ਹਾਂ, ਮਨ ਦਾ ਨਿਰਮਲ ਤੇ ਪਵਿਤਰ ਹੋਣਾ ਜ਼ਰੂਰੀ ਹੈ। ਸਭ ਸਿਆਣਪਾਂ ਛੱਡ ਹਉਮੈ ਦਾ ਤਿਆਗ ਕਰਕੇ, ਨਿਕੇ ਬਾਲ ਦੀ ਤਰ੍ਹਾਂ ਪ੍ਰਭੂ-ਪਿਤਾ ਦੀ ਉਂਗਲੀ ਫੜਨੀ ਚਾਹੀਦੀ ਹੈ। ਫਿਰ ਪ੍ਰਭੂ ਆਪੇ ਹੀ ਗਲ ਲਾ ਲੈਂਦਾ ਹੈ :

— ਆਪੁ ਤਿਆਗਿ, ਸੰਤ ਚਰਨ ਲਾਗਿ,
ਮਨੁ ਪਵਿਤੁ, ਜਾਹਿ ਪਾਪ ॥੧॥
ਨਾਨਕੁ ਬਾਰਿਕੁ ਕਛੂ ਨ ਜਾਨੈ, ਰਾਖਨ ਕਉ ਪ੍ਰਭੁ ਮਾਈ ਬਾਪ॥੨॥
(ਪ੍ਰਭਾਤੀ, ਮ: ੫, ਪੰਨਾ-੧੩੪੧)

— ਆਇ ਪਇਆ ਤੇਰੀ ਸਰਣਾਈ ॥
ਜਿਉ ਭਾਵੈ ਤਿਉ ਲੈਹਿ ਮਿਲਾਈ ॥

ਕਰ ਕਿਰਪਾ ਪ੍ਰਭੁ ਭਗਤੀ ਲਾਵਹੁ,
ਸਚੁ ਨਾਨਕ ਅੰਮ੍ਰਿਤੁ ਪੀਏ ਜੀਉ ॥ (ਮਾਝ,ਮ: ੫ ਪੰਨਾ-੧੦੪)
— ਇਨ ਬਿਧਿ ਰਮਹੁ ਗੋਪਾਲ ਗੋੁਬਿੰਦੁ ॥
ਤਨੁ ਧਨੁ ਪ੍ਰਭ ਕਾ, ਪ੍ਰਭ ਕੀ ਜਿੰਦੁ ॥ (ਗੋਂਡ,ਮ: ੫ ਪੰਨਾ-੮੬੬)

ਨਾਮ ਸਿਮਰਨ ਦਾ ਰਾਹ ਦਸਦੇ ਹੋਏ, ਗੁਰੂ ਅਰਜੁਨ ਪਾਤਸ਼ਾਹ ਜੀ ਆਖਦੇ ਹਨ ਕਿ ਸਤਿਗੁਰੂ ਦਾ ਉਪਦੇਸ਼ ਸੁਣੋ, ਪ੍ਰਭੂ ਨੂੰ ਆਪਣੇ ਨਿਕਟ ਪ੍ਰਤੀਤ ਕਰੋ, ਸੁਆਸ ਸੁਆਸ ਪ੍ਰਭੂ ਦਾ ਸਿਮਰਨ ਕਰੋ (ਯਾਦ ਨੂੰ ਮਨ ਵਿੱਚ ਵਸਾਓ), ਆਸ਼ਾਵਾਂ ਤੇ ਸੰਸਾਰਕ ਵਸਤਾਂ ਦਾ ਮੋਹ ਤਿਆਗ ਦਿਓ, ਗੁਰਮੁਖਾਂ ਦੀ ਸੰਗਤ ਕਰੋ, ਆਪਣੀ ਪ੍ਰਭੂ ਤੋਂ ਵੱਖਰੀ ਹੋਂਦ ਦਾ ਅਹਿਸਾਸ ਤਿਆਗ ਦਿਓ, ਪ੍ਰਭੂ ਅਗੇ ਜੋਦੜੀ ਕਰੋ, ਸਾਧ-ਸੰਗਤ ਵਿਚ ਜਾਵੋ । ਇਸ ਤਰ੍ਹਾਂ ਗੁਰੂ ਦਾ ਹੁਕਮ ਮੰਨਦਿਆਂ ਹੋਇਆਂ (ਗੁਰੂ ਨੂੰ ਨਮਸਕਾਰ ਕਰਦਿਆਂ ਹੋਇਆਂ) ਆਪਣੇ ਮਨ ਨੂੰ ਪ੍ਰਭੂ ਦੇ ਨਾਮ ਦੇ ਭੰਡਾਰ ਨਾਲ ਭਰ ਲਓ :

**ਪੂਰੇ ਗੁਰ ਕਾ ਸੁਨਿ ਉਪਦੇਸੁ ॥ ਪਾਰਬ੍ਰਹਮੁ ਨਿਕਟਿ ਕਰਿ ਪੇਖੁ ॥**
**ਸਾਸਿ ਸਾਸਿ ਸਿਮਰਹੁ ਗੋਬਿੰਦ ॥ ਮਨ ਅੰਤਰ ਕੀ ਉਤਰੈ ਚਿੰਦ ॥**
**ਆਸ ਅਨਿਤ ਤਿਆਗਹੁ ਤਰੰਗ ॥ ਸੰਤ ਜਨਾ ਕੀ ਧੂਰਿ ਮਨ ਮੰਗ ॥**
**ਆਪੁ ਛੋਡਿ ਬੇਨਤੀ ਕਰਹੁ ॥ ਸਾਧ ਸੰਗਿ ਅਗਨਿ ਸਾਗਰੁ ਤਰਹੁ ॥**
**ਹਰਿ ਧਨ ਕੇ ਭਰਿ ਲੇਹੁ ਭੰਡਾਰ ॥ ਨਾਨਕ ਗੁਰ ਪੂਰੇ ਨਮਸਕਾਰ ॥**
(ਗਉੜੀ, ਸੁਖਮਨੀ, ਮ: ੫ ਪੰਨਾ-੨੯੫)

## ੭. ਕਰਮ–ਕਾਂਡ :

ਗੁਰਮਤਿ ਨੇ ਤਾਂ ਪ੍ਰਭੂ ਪ੍ਰਾਪਤੀ ਦਾ ਰਸਤਾ ਗੁਰੂ ਦੀ ਅਗਵਾਈ ਵਿੱਚ ਪ੍ਰਭੂ ਦੀ ਸਿਫ਼ਤ-ਸਲਾਹ (ਨਾਮ ਸਿਮਰਨ) ਕਰਨਾ ਤੇ ਪਵਿੱਤਰ ਆਚਰਣ ਬਣਾਉਣਾ ਦਸਿਆ ਹੈ, ਪਰ ਗੁਰਮਤਿ ਦੇ ਪ੍ਰਕਾਸ਼ ਤੋਂ ਪਹਿਲਾਂ ਲੋਕੀਂ ਪ੍ਰਭੂ ਦੀ ਪ੍ਰਾਪਤੀ ਅਤੇ ਮੁਕਤੀ ਦੀ ਪ੍ਰਾਪਤੀ ਦੀ ਖਾਤਰ ਕਈ ਤਰ੍ਹਾਂ ਦੇ ਧਾਰਮਕ ਕਰਮ ਕਰਦੇ ਸਨ, ਜਿਵੇਂ ਕਿ ਧਾਰਮਿਕ ਪੁਸਤਕਾਂ ਦੇ ਤੋਤਾ-ਰਟਨੀ ਪਾਠ ਕਰਨੇ, ਯੋਗੀਆਂ ਦੀ ਤਰ੍ਹਾਂ ਆਸਣ ਲਗਾਉਣੇ, ਨਿਉਲੀ ਕਰਮ ਕਰਨੇ, ਕੁੰਡਲਨੀ ਜਗਾਉਣੀ, ਮੋਨ ਧਾਰਨ ਕਰਨਾ, ਭਾਂਡਿਆਂ ਦੀ ਥਾਂ ਤੇ ਕੇਵਲ ਹੱਥਾਂ ਉਤੇ ਭੋਜਨ ਛਕਣਾ, ਜੰਗਲਾਂ ਵਿੱਚ ਨੰਗੇ ਰਹਿਣਾ, ਤੀਰਥਾਂ ਦਾ ਰਟਨ ਕਰਨਾ ਜਾਂ ਤੀਰਥਾਂ ਤੇ ਜਾ ਕੇ ਨਿਵਾਸ ਕਰਨਾ, ਮੁਕਤੀ ਲਈ ਸਰੀਰ ਨੂੰ ਆਰੇ ਨਾਲ ਕਟਵਾਉਣਾ; ਸੋਨਾ, ਇਸਤਰੀ, ਵਧੀਆ ਘੋੜੇ, ਹਾਥੀ, ਅੰਨ-ਕਪੜੇ, ਜ਼ਮੀਨ ਆਦਿਕ ਦਾ ਦਾਨ ਕਰਨਾ; ਮੂਰਤੀਆਂ ਦੀ ਪੂਜਾ ਕਰਨੀ, ਦੇਵੀ-ਦੇਵਤਿਆਂ ਦੀ ਪੂਜਾ ਕਰਨੀ, ਪੰਡਿਤਾਂ ਵਾਲੇ ਛੇ ਕਰਮ ਕਰਨੇ ਆਦਿ । ਸਤਿਗੁਰਾਂ ਨੇ ਇਨ੍ਹਾਂ ਕਰਮਾਂ ਨੂੰ ਫੋਕਟ ਅਥਵਾ ਫ਼ਜ਼ੂਲ ਕਰਮ ਦਸਿਆ । ਇਨ੍ਹਾਂ ਨਾਲ ਕੋਈ ਪ੍ਰਾਪਤੀ ਨਹੀਂ ਹੁੰਦੀ ਸਗੋਂ ਸਮਾਂ ਹੀ ਬਰਬਾਦ ਹੁੰਦਾ ਹੈ । ਗੁਰੂ ਅਰਜੁਨ ਦੇਵ ਜੀ ਇਨ੍ਹਾਂ ਕਰਮ-ਕਾਂਡਾਂ ਦੀ ਅਸਲੀਤ ਬਿਆਨ ਕਰਦੇ ਹੋਏ ਫੁਰਮਾਨ ਕਰਦੇ ਹਨ :

ਪਾਠੁ ਪੜਿਓ ਅਰੁ ਬੇਦੁ ਬੀਚਾਰਿਓ, ਨਿਵਲਿ ਭੁਅੰਗਮ ਸਾਧੇ ॥
ਪੰਚ ਜਨਾ ਸਿਉ ਸੰਗੁ ਨ ਛੁਟਕਿਓ, ਅਧਿਕ ਅਹੰਬੁਧਿ ਬਾਧੇ ॥੧॥

ਪਿਆਰੇ ਇਨ ਬਿਧਿ ਮਿਲਣੁ ਨ ਜਾਈ, ਮੈ ਕੀਏ ਕਰਮ ਅਨੇਕਾ ॥
ਹਾਰਿ ਪਰਿਓ ਸੁਆਮੀ ਕੈ ਦੁਆਰੈ, ਦੀਜੈ ਬੁਧਿ ਬਿਬੇਕਾ ॥ ਰਹਾਉ ॥
ਮੋਨਿ ਭਇਓ ਕਰਪਾਤੀ ਰਹਿਓ, ਨਗਨ ਫਿਰਿਓ ਬਨ ਮਾਹੀ ॥
ਤਟ ਤੀਰਥ ਸਭ ਧਰਤੀ ਭ੍ਰਮਿਓ, ਦੁਬਿਧਾ ਛੁਟਕੈ ਨਾਹੀ ॥੨॥
ਮਨ ਕਾਮਨਾ ਤੀਰਥ ਜਾਇ ਬਸਿਓ, ਸਿਰਿ ਕਰਵਤ ਧਰਾਏ ॥
ਮਨ ਕੀ ਮੈਲੁ ਨ ਉਤਰੈ ਇਹ ਬਿਧਿ, ਜੇ ਲਖ ਜਤਨ ਕਰਾਏ ॥੩॥
ਕਨਿਕ, ਕਾਮਨੀ, ਹੈਵਰ, ਗੈਵਰ, ਬਹੁ ਬਿਧਿ ਦਾਨੁ ਦਾਤਾਰਾ ॥
ਅੰਨ ਬਸਤ੍ਰ ਭੂਮਿ ਬਹੁ ਅਰਪੇ, ਨਹ ਮਿਲੀਐ ਹਰਿ ਦੁਆਰਾ ॥੪॥
ਪੂਜਾ, ਅਰਚਾ, ਬੰਦਨ, ਡੰਡਉਤ, ਖਟ ਕਰਮਾ ਰਤੁ ਰਹਤਾ ॥
ਹਉ ਹਉ ਕਰਤ ਬੰਧਨ ਮਹਿ ਪਰਿਆ, ਨਹਿ ਮਿਲੀਐ ਇਹ ਜੁਗਤਾ॥੫॥
ਜੋਗ ਸਿਧ ਆਸਣ ਚਉਰਾਸੀਹ, ਏ ਭੀ ਕਰਿ ਕਰਿ ਰਹਿਆ ॥
ਵਡੀ ਆਰਜਾ ਫਿਰਿ ਫਿਰਿ ਜਨਮੈ, ਹਰਿ ਸਿਉ ਸੰਗੁ ਨ ਗਹਿਆ ॥੬॥
ਰਾਜ ਲੀਲਾ ਰਾਜਨ ਕੀ ਰਚਨਾ, ਕਰਿਆ ਹੁਕਮੁ ਅਫਾਰਾ ॥
ਸੇਜ ਸੋਹਨੀ ਚੰਦਨੁ ਚੋਆ, ਨਰਕ ਘੋਰ ਕਾ ਦੁਆਰਾ ॥੭॥
ਹਰਿ ਕੀਰਤਿ ਸਾਧ ਸੰਗਤਿ ਹੈ, ਸਿਰਿ ਕਰਮਨ ਕੈ ਕਰਮਾ ॥
ਕਹੁ ਨਾਨਕ ਤਿਸੁ ਭਇਓ ਪਰਾਪਤਿ, ਜਿਸੁ ਪੁਰਬ ਲਿਖੇ ਕਾ ਲਹਨਾ॥੮॥
ਤੇਰੋ ਸੇਵਕੁ ਇਹ ਰੰਗਿ ਮਾਤਾ ॥ ਭਇਓ ਕ੍ਰਿਪਾਲੁ ਦੀਨ ਦੁਖ ਭੰਜਨੁ ॥
ਹਰਿ ਹਰਿ ਕੀਰਤਨਿ ਇਹੁ ਮਨੁ ਰਾਤਾ ॥ ਰਹਾਉ ਦੂਜਾ ॥

(ਸੋਰਠਿ,ਮ: ੫, ਪੰਨਾ-੬੪੧)

**ਪਦ ਅਰਥ** : ਨਿਵਲਿ-ਨਿਉਲੀ, ਖੜ੍ਹੇ ਹੋ ਕੇ, ਗੋਡਿਆਂ ਉਤੇ ਹਥ ਰੱਖ ਕੇ, ਸਾਹ ਬਾਹਰ ਵਲ ਖਿੱਚ ਕੇ, ਆਂਦਰਾਂ ਨੂੰ ਭਵਾਉਣਾ — ਇਸ ਨਾਲ ਪੇਟ ਦੀਆਂ ਆਂਦਰਾਂ ਸਾਫ਼ ਰਹਿੰਦੀਆਂ ਹਨ। ਭੁਅੰਗਮ = ਭੁਇਅੰਗਮ, ਪਿੱਠ ਦੀ ਰੀੜ੍ਹ ਦੀ ਹੱਡੀ ਦੇ ਨਾਲ ਨਾਲ ਕੁੰਡਲਨੀ ਨਾੜੀ ਜਿਸਦੀ ਸ਼ਕਲ ਸਰਪਣੀ ਵਰਗੀ (ਮਿਥੀ ਗਈ) ਹੈ, ਇਸ ਦੇ ਰਾਹ ਯੋਗੀ ਸੁਆਸ ਚੜ੍ਹਾਉਂਦੇ ਹਨ। ਸਾਧੇ = ਸਾਧਨ ਕੀਤੇ। ਅਹੰਬੁਧਿ = ਅਹੰਕਾਰ ਭਰੀ ਮੱਤ। ਬੁਧਿ ਬਿਬੇਕਾ = ਬੁਰੇ ਭਲੇ ਦੀ ਪਰਖ ਕਰਨ ਵਾਲੀ ਅਕਲ। ਮੋਨਿ ਭਇਓ = ਚੁਪ ਸਾਧੀ ਬੈਠਾ ਹੈ। ਕਰਪਾਤੀ = ਹੱਥਾਂ ਨੂੰ ਹੀ ਭਾਂਡਾ ਬਣਾ ਰਖਣ ਵਾਲਾ। ਤਟ = ਦਰਿਆ ਦਾ ਕੰਢਾ। ਦੁਬਿਧਾ = ਡਾਵਾਂ ਡੋਲ ਮਾਨਸਕ ਦਸ਼ਾ। ਕਾਮਨਾ = ਇੱਛਾ। ਕਰਵਤ = ਆਰਾ, ਸ਼ਿਵ ਜੀ ਵਾਲਾ ਆਰਾ ਜੋ ਬਨਾਰਸ ਦੇ ਸ਼ਿਵ ਮੰਦਰ ਵਿਚ ਹੈ, ਜਿਸ ਨਾਲ ਸਰੀਰ ਚਿਰਾਉਣ ਨਾਲ ਬ੍ਰਾਹਮਣੀ ਵਿਸ਼ਵਾਸ ਅਨੁਸਾਰ ਸ਼ਿਵ ਲੋਕ ਵਿਚ ਵਾਸਾ ਮਿਲਦਾ ਹੈ। ਕਨਿਕ = ਸੋਨਾ। ਕਾਮਿਨੀ = ਇਸਤਰੀ। ਹੈਵਰ = ਵਧੀਆ ਘੋੜੇ। ਗੈਵਰ = ਵਧੀਆ ਹਾਥੀ। ਅਰਪੇ = ਦਾਨ ਕਰਦਾ ਹੈ। ਅਰਚਾ = ਮੂਰਤੀ ਦੀ ਪੂਜਾ। ਡੰਡਉਤ = ਡੰਡੇ ਵਾਂਗ ਸਿਧੇ ਲੰਮੇ ਪੈ ਕੇ ਨਮਸਕਾਰ ਕਰਨੀ। ਖਟ ਕਰਮ = ਬ੍ਰਾਹਮਣ ਵਾਸਤੇ ਛੇ ਜ਼ਰੂਰੀ ਧਾਰਮਿਕ ਕਰਮ - ਵਿਦਿਆ

ਪੜ੍ਹਨੀ ਤੇ ਪੜ੍ਹਾਉਣੀ, ਜਗ ਕਰਨਾ ਤੇ ਕਰਾਉਣਾ, ਦਾਨ ਦੇਣਾ ਤੇ ਲੈਣਾ। ਰਤੁ ਰਹਤਾ = ਮਗਨ ਰਹਿੰਦਾ ਹੈ। ਇਹ ਜੁਗਤਾ = ਇਸ ਤਰੀਕੇ ਨਾਲ। ਸਿਧ = ਪੁਗੇ ਹੋਏ ਯੋਗੀ। ਆਰਜਾ = ਉਮਰ। ਅਫਾਰਾ = ਜਿਸ ਨੂੰ ਕੋਈ ਮੋੜ ਨਾ ਸਕੇ। ਕੀਰਤਿ = ਸਿਫਤ - ਸਲਾਹ। ਸਿਰਿ ਕਰਮਨ ਕੈ = ਸਭ ਧਾਰਮਿਕ ਕੰਮਾਂ ਦੇ ਸਿਰ ਉਤੇ, ਸਭ ਤੋਂ ਸ੍ਰੇਸ਼ਟ। ਪੁਰਬ ਲਿਖੇ ਕਾ = ਪਹਿਲੇ ਜਨਮ ਵਿਚ ਕੀਤੇ ਕਰਮਾਂ ਦੇ ਲਿਖੇ ਲੇਖ ਅਨੁਸਾਰ। ਮਾਤਾ = ਮਸਤ। ਕੀਰਤਨਿ = ਕੀਰਤਨ ਵਿਚ। ਰਾਤਾ = ਰੰਗਿਆ ਹੋਇਆ।

ਗੁਰੂ ਅਰਜੁਨ ਦੇਵ ਜੀ ਨੇ ਕਰਮ-ਕਾਂਡਾਂ ਦਾ ਬਾਣੀ ਵਿਚ ਕਈ ਥਾਵਾਂ ਤੇ ਖੰਡਨ ਕੀਤਾ ਹੈ, ਅਤੇ ਕਈ ਪੂਰੇ ਪੂਰੇ ਸ਼ਬਦ ਇਸ ਪਰਥਾਇ ਉਚਾਰੇ ਹਨ। ਉਨ੍ਹਾਂ ਚੋਂ ਕੁਝ ਪ੍ਰਮਾਣ ਹੇਠਾਂ ਦਿਤੇ ਜਾ ਰਹੇ ਹਨ:

**— ਸਿੰਮ੍ਰਿਤਿ ਸਾਸਤ੍ਰ ਬਹੁ ਕਰਮ ਕਮਾਏ।**
**ਪ੍ਰਭ ਤੁਮਰੇ ਦਰਸ ਬਿਨੁ ਸੁਖੁ ਨਾਹੀ।।** (ਆਸਾ,ਮ: ੫ - ੪੦੮)

**— ਕਰਮ ਧਰਮ ਪਾਖੰਡ ਜੋ ਦੀਸਹਿ, ਤਿਨ ਜਮੁ ਜਾਗਾਤੀ ਲੂਟੈ।।**
**ਨਿਰਬਾਣ ਕੀਰਤਨੁ ਗਾਵਹੁ ਕਰਤੇ ਕਾ, ਨਿਮਖ ਸਿਮਰਤ ਜਿਤੁ ਛੂਟੈ।।**
(ਸੂਹੀ,ਮ: ੫ - ੭੪੭)

**— ਹਰਿ ਬਿਨੁ ਅਵਰ ਕ੍ਰਿਆ ਬਿਰਥੇ।**
**ਜਪ ਤਪ ਸੰਜਮ ਕਰਮ ਕਮਾਣੇ; ਇਹਿ ਓਰੈ ਮੂਸੇ।।**
(ਗਉੜੀ ਮਾਲਾ,ਮ: ੫ - ੨੧੬)

**— ਖਟੁ ਸਾਸਤ ਬਿਚਰਤ ਮੁਖਿ ਗਿਆਨਾ।।**
**ਪੂਜਾ ਤਿਲਕੁ ਤੀਰਥ ਇਸਨਾਨਾ।।**
**ਨਿਵਲੀ ਕਰਮ ਆਸਨ ਚਉਰਾਸੀਹ,**
**ਇਨ ਮਹਿ ਸਾਂਤਿ ਨ ਆਵੈ ਜੀਉ।੨।।**
**ਅਨਿਕ ਬਰਖ ਕੀਏ ਜਪ ਤਾਪਾ।।**
**ਗਵਨੁ ਕੀਆ ਧਰਤੀ ਭਰਮਾਤਾ।।**
**ਇਕੁ ਖਿਨੁ ਹਿਰਦੈ ਸਾਂਤਿ ਨ ਆਵੈ,**
**ਜੋਗੀ ਬਹੁੜਿ ਬਹੁੜਿ ਉਠਿ ਧਾਵੈ ਜੀਉ।।੩।।** (ਮਾਝ,ਮ: ੫ - ੯੮)

## ੮. ਭੇਖ ਤੇ ਭੇਖੀ ਮਨੁਖ:

ਧਰਮ ਮਨੁਖ ਨੂੰ ਉਚੇ ਸੁਚੇ ਆਚਰਣ ਵਾਲਾ ਬਣਾਕੇ, ਲੋਕਾਈ ਦੀ ਸੇਵਾ ਵਿਚ ਲਗਾ ਕੇ ਅੰਤ ਪ੍ਰਭੂ ਨਾਲ ਜੋੜਦਾ ਹੈ। ਸੱਚੇ ਧਰਮ ਦੀ ਕਮਾਈ ਕਰਨ ਵਾਲੇ ਮਨੁਖ ਲਈ ਇਹ ਜਰੂਰੀ ਹੈ ਕਿ ਉਹ ਪ੍ਰਭੂ ਦਾ ਨਾਮ ਜਪੇ, ਧਰਮ ਦੀ ਕਿਰਤ ਕਰੇ, ਵੰਡ ਕੇ ਛਕੇ, ਮਾਇਆ ਦਾ ਮੋਹ, ਸੰਸਾਰਕ ਪਦਾਰਥਾਂ ਦਾ ਮੋਹ ਤਿਆਗੇ ਤੇ ਵਿਕਾਰਾਂ ਤੋਂ ਬਚ ਕੇ ਰਹੇ; ਹੋਰਨਾ ਦੇ ਦੁਖਾਂ ਉਤੋਂ ਆਪਣੇ ਸੁਖ ਵਾਰ ਦੇਵੇ, ਸੱਚ ਬੋਲੇ, ਗਰੀਬਾਂ ਨਾਲ ਹਮਦਰਦੀ ਕਰੇ, ਮਜ਼ਲੂਮਾਂ ਦੀ ਰਖਿਆ ਕਰੇ, ਅਤੇ ਬੇਇਨਸਾਫ਼ੀ, ਧਕੇਸ਼ਾਹੀ, ਕਮਜ਼ੋਰਾਂ ਦੀ ਲੁੱਟ - ਖਸੁੱਟ, ਰਾਜਸੀ ਅਤਿਆਚਾਰਾਂ ਵਿਰੁਧ ਸੰਘਰਸ਼ - ਰੱਤ ਰਹੇ, ਅਤੇ ਸੱਚ- ਇਨਸਾਫ਼ ਦੀ ਖਾਤਰ ਜਾਨ ਵੀ

ਵਾਰ ਤੇਵੇ। ਇਹ ਰਸਤਾ ਹੈ ਬੜਾ ਮੁਸ਼ਕਿਲ। ਏਸੇ ਲਈ ਇਸ ਉਤੇ ਚਲਣ ਨੂੰ ਖੰਡੇ ਦੀ ਤੇਜ਼ ਅਤੇ ਬਰੀਕ ਧਾਰ ਉਤੇ ਚਲਣ ਸਮਾਨ ਕਿਹਾ ਗਿਆ ਹੈ, ਪਰ ਸੱਚੇ ਧਰਮੀ ਮਨੁਖ ਇਸ ਮਾਰਗ ਤੇ ਚਲਦਿਆਂ ਹੋਇਆਂ ਵੀ ਅਨੰਦ ਦੀ ਪ੍ਰਾਪਤੀ ਕਰਦੇ ਹਨ।

ਸੱਚੇ - ਧਰਮੀਆਂ ਦੇ ਉਲਟ, ਸੰਸਾਰ ਵਿਚ ਬਹੁਤੇ ਮਨੁਖ ਐਸੇ ਹਨ ਜੋ ਧਰਮ ਨੂੰ ਆਪਣੇ ਫ਼ਾਇਦੇ ਲਈ ਵਰਤਦੇ ਹਨ। ਇਹ ਲੋਕ ਐਸਾ ਪਹਿਰਾਵਾ ਪਾ ਲੈਂਦੇ ਹਨ, ਐਸੇ ਚਿੰਨ੍ਹ ਧਾਰਨ ਕਰ ਲੈਂਦੇ ਹਨ ਅਥਵਾ ਐਸਾ ਭੇਖ ਬਣਾ ਲੈਂਦੇ ਹਨ ਕਿ ਜਿਸ ਨਾਲ ਉਹ ਵੇਖਣ ਨੂੰ ਧਰਮੀ ਜਾਪਣ। ਅਜਿਹੇ ਮਨੁਖ ਆਮ ਸੰਸਾਰੀਆਂ ਵਲੋਂ ਜਿਥੇ ਸਤਿਕਾਰੇ ਜਾਂਦੇ ਹਨ, ਉਥੇ ਇਹ ਲੋਕਾਂ ਦੇ 'ਦਾਨ' ਆਦਿ ਨਾਲ ਆਪਣੇ ਲਈ ਸੁਖ ਦੇ ਸਾਧਨ ਜੁਟਾ ਲੈਂਦੇ ਹਨ। ਪਹਿਲੇ ਸਮਿਆਂ ਵਿਚ ਕਈ ਲੋਕ ਬਾਲ -ਬੱਚੇ ਦੀ ਪਾਲਣਾ ਤੋਂ ਅਸਮਰਥ ਹੋ ਕੇ ਜਾਂ ਗ੍ਰਿਹਸਥ ਦੇ ਫ਼ਰਜ਼ਾਂ ਤੋਂ ਡਰ ਕੇ, ਜਾਂ ਸੰਸਾਰਕ ਦੁਖਾਂ ਤੋਂ ਘਬਰਾ ਕੇ ਵੀ ਘਰੋਂ ਨੱਸ ਜਾਂਦੇ ਸਨ ਤੇ ਸੰਨਿਆਸੀ, ਯੋਗੀ ਆਦਿ ਬਣ ਜਾਂਦੇ ਸਨ। ਗੁਰੂ ਅਰਜੁਨ ਦੇਵ ਜੀ ਨੇ ਭੇਖਾਂ ਅਤੇ ਭੇਖੀਆਂ ਦਾ ਜ਼ੋਰਦਾਰ ਖੰਡਨ ਕੀਤਾ ਹੈ:-

**— ਭੇਖ ਦਿਖਾਵੈ, ਸਚੁ ਨ ਕਮਾਵੈ।**
**ਕਹਤੋ ਮਹਲੀ, ਨਿਕਟਿ ਨ ਆਵੈ।। ੨।।**
**ਅਤੀਤੁ ਸਦਾਏ ਮਾਇਆ ਕਾ ਮਾਤਾ।।**
**ਮਨਿ ਨਹੀ ਪ੍ਰੀਤਿ, ਕਹੈ ਮੁਖਿ ਰਾਤਾ।। ੩।।** (ਸੂਹੀ,ਮ:੫ - ੭੩੮)

**ਭਾਵ ਅਰਥ:–** ਭੇਖੀ ਮਨੁਖ ਹੋਰਨਾ ਨੂੰ ਆਪਣੇ ਧਰਮੀ ਹੋਣ ਦੇ ਨਿਰੇ ਭੇਖ, ਵਿਖਾ ਰਿਹਾ ਹੈ; ਸਦਾ - ਥਿਰ ਪ੍ਰਭੂ ਦੇ ਨਾਮ ਸਿਮਰਨ ਦੀ ਕਮਾਈ ਨਹੀਂ ਕਰਦਾ। ਮੂੰਹੋਂ ਆਖਦਾ ਹੈ ਮੈਂ ਪ੍ਰਭੂ ਦੀ ਹਜ਼ੂਰੀ ਵਿਚ ਪਹੁਚਿਆ ਹੋਇਆ ਹਾਂ, ਪਰ ਉਹ ਪ੍ਰਭੂ ਚਰਨਾਂ ਦੇ ਨੇੜੇ ਭੀ ਨਹੀਂ ਢੁਕਿਆ ਹੋਇਆ। ਇਹ ਆਪਣੇ ਆਪ ਨੂੰ ਤਿਆਗੀ (ਅਤੀਤ) ਅਖਵਾਉ 'ਦਾ ਹੈ, ਪਰ ਮਾਇਆ ਦੀ ਲਾਲਸਾ ਵਿਚ ਮਸਤ ਰਹਿੰਦਾ ਹੈ। ਇਸਦੇ ਮਨ ਵਿਚ ਪ੍ਰਭੂ ਚਰਨਾਂ ਦਾ ਪਿਆਰ ਨਹੀ ਹੈ, ਪਰ ਮੂੰਹੋਂ ਆਖਦਾ ਹੈ ਕਿ ਮੈਂ ਪ੍ਰਭੂ ਦੇ ਪ੍ਰੇਮ ਵਿਚ ਰੰਗਿਆ ਹੋਇਆ ਹਾਂ।

**— ਮਨ ਮਹਿ ਕ੍ਰੋਧੁ ਮਹਾ ਅਹੰਕਾਰਾ।।**
**ਪੂਜਾ ਕਰਹਿ ਬਹੁਤੁ ਬਿਸਥਾਰਾ।।**
**ਕਰਿ ਇਸਨਾਨੁ ਤਨਿ ਚਕ੍ਰ ਬਣਾਏ।।**
**ਅੰਤਰ ਕੀ ਮਲੁ ਕਬਹੀ ਨ ਜਾਏ।। ੧।।**
**ਇਤੁ ਸੰਜਮਿ ਪ੍ਰਭੁ ਕਿਨਹੀ ਨ ਪਾਇਆ।।**
**ਭਗਉਤੀ ਮੁਦ੍ਰਾ ਮਨੁ ਮੋਹਿਆ ਮਾਇਆ।। ੧।। ਰਹਾਉ।।**
**ਪਾਪ ਕਰਹਿ ਪੰਚਾਂ ਕੇ ਬਸਿ ਰੇ।। ਤੀਰਥਿ ਨਾਇ ਕਹਹਿ ਸਭਿ ਉਤਰੇ।।**
**ਬਹੁਰਿ ਕਮਾਵਹਿ ਹੋਇ ਨਿਸੰਕ।। ਜਮਪੁਰਿ ਬਾਂਧ ਖਰੇ ਕਾਲੰਕ ।। ੨।।**
**ਘੂਘਰ ਬਾਧਿ ਬਜਾਵਹਿ ਤਾਲਾ।। ਅੰਤਰਿ ਕਪਟੁ ਫਿਰਹਿ ਬੇਤਾਲਾ।।**
**ਵਰਮੀ ਮਾਰੀ ਸਾਪੁ ਨ ਮੂਆ।**
**ਪ੍ਰਭੁ ਸਭ ਕਿਛੁ ਜਾਨੈ, ਜਿਨਿ ਤੁ ਕੀਆ।। ੩।।**

ਪੂੰਅਰ ਤਾਪ ਗੇਰੀ ਕੇ ਬਸਤ੍ਰਾ। ਅਪਦਾ ਕਾ ਮਾਰਿਆ ਗ੍ਰਿਹ ਤੇ ਨਸਤਾ।।
ਦੇਸੁ ਛੋਡਿ ਪਰਦੇਸਹਿ ਧਾਇਆ।।
ਪੰਚ ਚੰਡਾਲ ਨਾਲੇ ਲੈ ਆਇਆ।।੪।।
ਕਾਨ ਫਰਾਇ ਹਿਰਾਏ ਟੂਕਾ।।
ਘਰਿ ਘਰਿ ਮਾਗੈ ਤ੍ਰਿਪਤਾਵਨ ਤੇ ਚੂਕਾ।।
ਬਨਿਤਾ ਛੋਡਿ ਬਦ ਨਦਰਿ ਪਰ ਨਾਰੀ।।
ਵੇਸਿ ਨ ਪਾਈਐ ਮਹਾ ਦੁਖਿਆਰੀ।।੫।।
ਬੋਲੈ ਨਾਹੀ ਹੋਇ ਬੈਠਾ ਮੋਨੀ।। ਅੰਤਰਿ ਕਲਪ ਭਵਾਈਐ ਜੋਨੀ।।
ਅੰਨ ਤੇ ਰਹਤਾ ਦੁਖੁ ਦੇਹੀ ਸਹਤਾ।।
ਹੁਕਮੁ ਨ ਬੂਝੈ ਵਿਆਪਿਆ ਮਮਤਾ।।੬।।
ਬਿਨੁ ਸਤਿਗੁਰ ਕਿਨੈ ਨ ਪਾਈ ਪਰਮ ਗਤੇ।।
ਪੂਛਹੁ ਸਗਲ ਬੇਦ ਸਿੰਮ੍ਰਿਤੇ।।
ਮਨਮੁਖ ਕਰਮ ਕਰੈ ਅਜਾਈ।। ਜਿਉ ਬਾਲੂ ਘਰ ਠਉਰ ਨ ਠਾਈ।।੭।।
ਜਿਸ ਨੋ ਭਏ ਗੋੁਬਿੰਦ ਦਇਆਲਾ।।
ਗੁਰ ਕਾ ਬਚਨ ਤਿਨਿ ਬਾਧਿਓ ਪਾਲਾ।
ਕੋਟਿ ਮਧੇ ਕੋਈ ਸੰਤੁ ਦਿਖਾਇਆ।।
ਨਾਨਕੁ ਤਿਨ ਕੈ ਸੰਗਿ ਤਰਾਇਆ।।੮।।
ਜੇ ਹੋਵੈ ਭਾਗੁ ਤਾ ਦਰਸਨੁ ਪਾਈਐ।।
ਆਪਿ ਤਰੈ ਸਭੁ ਕੁਟੰਬੁ ਤਰਾਈਐ।।ਰਹਾਉ ਦੂਜਾ।।੨।।

(ਪ੍ਰਭਾਤੀ,ਮ: ੫ - ੧੩੪੭ - ੪੮)

ਪਦ ਅਰਥ :- ਚਕ੍ਰ = ਧਾਰਮਿਕ ਚਿਨ੍ਹਾਂ ਦੇ ਨਿਸ਼ਾਨ। ਇਤੁ ਸੰਜਮਿ = ਇਸ ਤਰੀਕੇ ਨਾਲ। ਭਗਉਤੀ ਮੁਦ੍ਰਾ = ਵਿਸ਼ਨੂ ਭਗਤੀ ਦੇ ਚਿੰਨ੍ਹ। ਨਾਇ = ਨ੍ਹਾ ਕੇ। ਨਿਸੰਕ = ਝਾਕਾ ਲਾਹ ਕੇ, ਨਿਸ਼ੰਗ ਹੋ ਕੇ। ਕਾਲੰਕ = ਪਾਪਾਂ ਦੇ ਕਾਰਨ। ਬੇਤਾਲਾ = ਆਤਮਕ ਜੀਵਨ ਦੇ ਤਾਲ ਤੋਂ ਖੁੰਝੇ ਹੋਏ। ਵਰਮੀ = ਸੱਪ ਦੀ ਖੁੱਡ। ਪੂੰਅਰ = ਧੂਣੀਆ। ਤਾਪ = ਤਪਾਇਆਂ। ਅਪਦਾ = ਬਿਪਤਾ। ਧਾਇਆ = ਦੌੜਦਾ ਫਿਰਦਾ ਹੈ। ਪੰਚ ਚੰਡਾਲ = ਪੰਜ ਚੰਦਰੇ ਵਿਕਾਰ। ਫਰਾਇ = ਪੜਵਾਕੇ। ਹਿਰਾਇ = ਤੱਕਦਾ ਫਿਰਦਾ ਹੈ। ਟੂਕਾ = ਟੁੱਕਰ, ਰੋਟੀ। ਚੂਕਾ = ਰਹਿ ਜਾਂਦਾ ਹੈ। ਬਨਿਤਾ = ਇਸਤ੍ਰੀ। ਬਦ = ਮੰਦੀ, ਭੈੜੀ। ਨਦਰਿ = ਨਿਗਾਹ। ਵੇਸਿ = ਭੇਖ ਨਾਲ। ਮੋਨੀ = ਮੋਨਧਾਰੀ। ਕਲਪ = ਕਲਪਣਾ। ਵਿਆਪਿਆ = ਫਸਿਆ ਹੋਇਆ ਹੈ। ਮਮਤਾ = ਅਪਣੱਤ। ਪਰਮ ਗਤੇ = ਸਭ ਤੋਂ ਉਚੀ ਆਤਮਕ ਅਵੱਸਥਾ। ਅਜਾਈ = ਵਿਅਰਥ। ਬਾਲੂ = ਰੇਤ। ਠਉਰ = ਥਾਂ। ਪਾਲਾ = ਪੱਲੇ।

— ਕਰਤੂਤਿ ਪਸੂ ਕੀ, ਮਾਨਸ ਜਾਤਿ।।
ਲੋਕ ਪਚਾਰਾ ਕਰੈ ਦਿਨੁ ਰਾਤਿ।।

ਬਾਹਰਿ ਭੇਖ, ਅੰਤਰਿ ਮਲੁ ਮਾਇਆ।।
ਛਪਸਿ ਨਾਹਿ,ਕਛੁ ਕਰੈ ਛਪਾਇਆ।।
ਬਾਹਰਿ ਗਿਆਨ ਧਿਆਨ ਇਸਨਾਨ।।
ਅੰਤਰਿ ਬਿਆਪੈ ਲੋਭੁ ਸੁਆਨੁ।।
ਅੰਤਰਿ ਅਗਨਿ, ਬਾਹਰਿ ਤਨੁ ਸੁਆਹ।।
ਗਲਿ ਪਾਥਰ, ਕੈਸੇ ਤਰੈ ਅਥਾਹ।।
ਜਾ ਕੈ ਅੰਤਰਿ ਬਸੈ ਪ੍ਰਭੁ ਆਪਿ।।
ਨਾਨਕ ਤੇ ਜਨ ਸਹਿਜ ਸਮਾਤਿ।। (ਗਉੜੀ,ਸੁਖਮਨੀ, ਮ:੫ - ੨੬੭)

## ੯. ਮਾਇਆ ਅਤੇ ਵਿਕਾਰ:

ਹਰ ਅਜਿਹੀ ਵਸਤੂ ਜੋ ਪ੍ਰਭੂ ਤੋਂ ਦੂਰੀ ਦਾ ਕਾਰਨ ਬਣੇ, ਜੋ ਮਨੁਖ ਨੂੰ ਪ੍ਰਭੂ ਪ੍ਰੀਤ ਦੇ ਮਾਰਗ (ਨਾਮ - ਮਾਰਗ) ਤੋਂ ਹਟਾਵੇ, ਧਰਮ ਦੇ ਮਾਰਗ ਤੋਂ ਹਟਾਵੇ, ਮਾਇਆ ਹੈ। ਬਿਨਸਣਹਾਰ ਵਸਤਾਂ ਨੂੰ ਵੀ ਮਾਇਆ ਕਿਹਾ ਗਿਆ ਹੈ। ਇਕ ਪ੍ਰਭੂ ਹੀ ਸੱਤਿ ਹੈ, ਸਦੀਵੀ ਹੋਂਦ ਵਾਲਾ ਹੈ; ਉਸ ਤੋਂ ਸਿਵਾ ਹਰੇਕ ਚੀਜ਼, ਜੀਵ - ਜੰਤੂ ਬਿਨਸਣਹਾਰ ਹੈ, 'ਅੱਸਤਿ' ਹੈ, ਅਵਥਾ ਮਾਇਆ ਹੈ। ਮਾਇਆ ਨਾਲ ਵਧਿਆ ਹੋਇਆ ਮੋਹ ਮਨੁਖ ਨੂੰ 'ਸੱਤਿ' ਅਥਵਾ ਪ੍ਰਭੂ ਤੋਂ ਦੂਰ ਲੈ ਜਾਂਦਾ ਹੈ। ਜਗਤ ਦੇ ਪਦਾਰਥ ਮਾਇਆ ਦਾ ਅਸਥੂਲ ਸਰੂਪ ਹਨ ਅਤੇ ਮਨੁਖ ਦੀ ਮਾਇਆ ਵਾਲੀ ਬਿਰਤੀ ਅਥਵਾ ਮਾਇਆ ਦੇ ਸੰਸਕਾਰ ਮਾਇਆ ਦਾ ਸੂਖਮ ਸਰੂਪ ਹੈ। ਆਮ ਇਨਸਾਨ ਮਾਇਆ ਦੇ ਅਸਥੂਲ ਤੇ ਸੂਖਮ ਸਰੂਪ ਦੋਹਾਂ ਨਾਲ ਮੋਹ ਪਾਈ ਰਖਦਾ ਹੈ। ਪਰ ਉਹ ਲੋਕ ਜੋ ਰੱਬ ਜਾਂ ਧਰਮ ਦੀਆਂ ਗੱਲਾਂ ਕਰਦੇ ਹਨ, ਵਿਦਵਾਨ, ਗਿਆਨਵਾਨ (ਪੰਡਿਤ), ਉਦਾਸੀ, ਜੋਗੀ, ਸੰਨਿਆਸੀ, ਬ੍ਰਹਮਚਾਰੀ, ਸੰਤ - ਸਾਧ, ਤਪੱਸਵੀ, ਆਦਿਕ, ਵੀ ਮਾਇਆ ਦੇ ਸੂਖਮ ਸਰੂਪ ਦੇ ਪ੍ਰਭਾਵ ਥਲੇ ਰਹਿੰਦੇ ਹਨ। ਕੋਈ ਵਿਰਲਾ ਹੀ ਸਤਿਗੁਰੂ ਦੀ ਕਿਰਪਾ ਸਦਕਾ ਮਾਇਆ ਦੇ ਪ੍ਰਭਾਵ ਤੋਂ ਬਚਦਾ ਹੈ, ਤੇ ਪ੍ਰਭੂ ਦੇ ਚਰਨਾਂ ਨਾਲ ਚਿਤ ਜੋੜਦਾ ਹੈ:

— ਇਕਿ ਫਿਰਹਿ ਉਦਾਸੀ ਤਿਨ ਕਾਮਿ ਵਿਆਪੈ।।
ਇਕਿ ਸੰਚਹਿ ਗਿਰਹੀ, ਤਿਨ ਹੋਇ ਨ ਆਪੈ।।
ਇਕਿ ਸਤੀ ਕਹਾਵਹਿ, ਤਿਨ ਬਹੁਤੁ ਕਲਪਾਵੈ।।
ਹਮ ਹਰਿ ਰਾਖੇ ਲਗਿ ਸਤਿਗੁਰ ਪਾਵੈ।।੨।।
ਤਪ ਕਰਤੇ ਤਪਸੀ ਭੂਲਾਏ।। ਪੰਡਿਤ ਮੋਹੇ ਲੋਭਿ ਸਬਾਏ।।
ਤ੍ਰੈ ਗੁਣ ਮੋਹੇ ਮੋਹਿਆ ਆਕਾਸੁ।।
ਹਮ ਸਤਿਗੁਰ ਰਾਖੇ ਦੇ ਕਰਿ ਹਾਥੁ ।।੩।।
(ਆਸਾ,ਮ: ੫ - ੩੭੦)

— ਮੁਨਿ, ਜੋਗੀ, ਸਾਸਤ੍ਰਗਿ ਕਹਾਵਤ, ਸਭ ਕੀਨੇ ਬਸਿ ਅਪਨਹੀ।।
ਤੀਨਿ ਦੇਵ ਅਰੁ ਕੋੜਿ ਤੇਤੀਸਾ,
ਤਿਨ ਕੀ ਹੈਰਤਿ ਕਛੁ ਨ ਰਹੀ।।੧।।
ਬਲਵੰਤਿ ਬਿਆਪਿ ਰਹੀ ਸਭ ਮਹੀ।।

ਅਵਰੁ ਨ ਜਾਨਸਿ ਕੋਊ ਮਰਮਾ,
ਗੁਰ ਕਿਰਪਾ ਤੇ ਲਹੀ।। ੧।। ਰਹਾਉ।। (ਗੂਜਰੀ,ਮ: ੫, ਪੰਨਾ-੪੯੮)

ਮਾਇਆ ਦਾ ਸਰੂਪ, ਇਸਦਾ ਪ੍ਰਭਾਵ ਤੇ ਇਸਤੋਂ ਬਚਣ ਦਾ ਰਾਹ ਦੱਸਦਿਆਂ ਹੋਇਆਂ ਸਤਿਗੁਰੂ ਜੀ ਫੁਰਮਾਉਂਦੇ ਹਨ ਕਿ ਮਾਇਆ ਇਕ ਅਜਿਹੀ ਇਸਤ੍ਰੀ ਹੈ ਜਿਸਦੇ ਮੱਥੇ ਤੇ ਤਿਊੜੀ ਰਹਿੰਦੀ ਹੈ, ਜਿਸਦੀ ਨਿਗਾਹ ਗੁੱਸੇ ਨਾਲ ਭਰੀ ਰਹਿੰਦੀ ਹੈ, ਜੋ ਸਦਾ ਕੌੜਾ ਬੋਲ ਬੋਲਦੀ ਹੈ, ਜੀਭ ਦੀ ਖਰਵੀ ਹੈ ਤੇ ਜਗਤ ਵਿਚ ਆ ਰਹੇ ਸਭ ਜੀਵਾਂ ਨੂੰ ਹੜੱਪ ਕਰਨ ਲਈ ਤ੍ਰਿਆਰ ਰਹਿੰਦੀ ਹੈ। ਉਹ ਪ੍ਰਭੂ - ਪਤੀ ਨੂੰ ਕਿਤੇ ਦੂਰ ਵਸਦਾ ਸਮਝਦੀ ਹੈ (ਪ੍ਰਭੂ - ਪਤੀ ਦੀ ਪ੍ਰਵਾਹ ਨਹੀਂ ਕਰਦੀ।)

ਮਾਇਆ ਨੇ ਜਗਤ ਨੂੰ ਠਗਬੂਟੀ ਖਵਾ ਕੇ ਆਪਣੀ ਨਜ਼ਰ ਹੇਠ ਰਖਿਆ ਹੋਇਆ ਹੈ। ਆਮ ਲੋਕੀਂ ਤਾਂ ਕੀ, ਮਾਇਆ ਨੇ ਤਾਂ ਬ੍ਰਹਮਾਂ, ਵਿਸ਼ਨੂੰ ਤੇ ਸ਼ਿਵ ਆਦਿਕ ਦੇਵਤਿਆਂ ਨੂੰ ਭੀ ਆਪਣੇ ਮੋਹ ਵਿਚ ਫਸਾਇਆ ਹੋਇਆ ਹੈ। ਜਿਹੜੇ ਮਨੁਖ ਗੁਰੂ ਦੀ ਸ਼ਰਨ ਪੈ ਕੇ ਪ੍ਰਮਾਤਮਾ ਦੇ ਨਾਮ ਵਿਚ ਜੁੜੇ ਰਹਿੰਦੇ ਹਨ, ਉਹ ਮਾਇਆ ਤੋਂ ਬਚ ਕੇ ਸੁਹਣੇ ਆਤਮਕ ਜੀਵਨ ਵਾਲੇ ਬਣੇ ਰਹਿੰਦੇ ਹਨ।

ਅਨੇਕਾਂ ਲੋਕ ਵਰਤ ਰੱਖ ਰੱਖ ਕੇ, ਧਾਰਮਿਕ ਨੇਮ ਨਿਭਾ ਨਿਭਾ ਕੇ ਅਤੇ ਧਾਰਮਿਕ ਰਸਮਾਂ ਕਰ ਕਰ ਕੇ ਥਕ ਗਏ ਹਨ, ਅਨੇਕਾਂ ਤੀਰਥਾਂ ਉਤੇ, ਸਾਰੀ ਧਰਤੀ ਉਤੇ, ਫਿਰ ਚੁਕੇ ਹਨ, ਪਰ ਮਾਇਆ ਰੂਪੀ ਇਸਤਰੀ ਤੋਂ ਨਹੀਂ ਬਚ ਸਕੇ। ਮਾਇਆ ਤੋਂ ਤਾਂ ਸਿਰਫ ਉਹ ਹੀ ਬਚਦੇ ਹਨ ਜੋ ਗੁਰੂ ਦੀ ਸ਼ਰਨ ਪੈਂਦੇ ਹਨ। ਸਾਰਾ ਸੰਸਾਰ ਹੀ ਮਾਇਆ ਦੇ ਮੋਹ ਵਿੱਚ ਬੱਝਾ ਪਿਆ ਹੈ । ਆਪਣੇ ਮਨ ਦੇ ਪਿਛੇ ਤੁਰਨ ਵਾਲਾ ਮੂਰਖ ਮਨੁਖ ਹਉਮੈ ਵਿਚ ਖੁਆਰ ਰਹਿੰਦਾ ਹੈ। ਗੁਰੂ ਹੀ ਮਾਇਆ ਤੋਂ ਬਚਾਉਂਦਾ ਹੈ:-

ਮਾਥੈ ਤ੍ਰਿਕੁਟੀ ਦ੍ਰਿਸਟਿ ਕਰੂਰਿ।।
ਬੋਲੈ ਕਉੜਾ ਜਿਹਬਾ ਕੀ ਫੂੜਿ।।
ਸਦਾ ਭੂਖੀ, ਪਿਰੁ ਜਾਨੈ ਦੂਰਿ।।੧।।
ਐਸੀ ਇਸਤ੍ਰੀ ਇਕ ਰਾਮਿ ਉਪਾਈ।।
ਉਨਿ ਸਭੁ ਜਗੁ ਖਾਇਆ,
ਹਮ ਗੁਰਿ ਰਾਖੇ, ਮੇਰੇ ਭਾਈ।। ਰਹਾਉ।।
ਪਾਇ ਠਗਉਲੀ ਸਭੁ ਜਗੁ ਜੋਹਿਆ।।
ਬ੍ਰਹਮਾ ਬਿਸਨੁ ਮਹਾਦੇਉ ਮੋਹਿਆ।।
ਗੁਰਮੁਖਿ ਨਾਮਿ ਲਗੇ ਸੇ ਸੋਹਿਆ।। ੨।।
ਵਰਤ ਨੇਮ ਕਰਿ ਥਾਕੇ ਪੁਨਹ ਚਰਨਾ।।
ਤਟ ਤੀਰਥ ਭਵੇ ਸਭ ਧਰਨਾ।।
ਸੇ ਉਬਰੇ ਜਿ ਸਤਿਗੁਰ ਕੀ ਸਰਨਾ।।੩।।
ਮਾਇਆ ਮੋਹਿ ਸਭੋ ਜਗੁ ਬਾਧਾ।। ਹਉਮੈ ਪਚੈ ਮਨਮੁਖ ਮੂਰਾਖਾ।।
ਗੁਰ ਨਾਨਕ ਬਾਹ ਪਕਰਿ ਹਮ ਰਾਖਾ।। ੪।। (ਆਸਾ,ਮ: ੫ - ੩੯੪)

ਮਾਇਆ ਆਪਣੇ ਪੰਜ ਹਥਿਆਰਾਂ - ਕਾਮ, ਕ੍ਰੋਧ, ਲੋਭ, ਮੋਹ, ਹੰਕਾਰ - ਨਾਲ ਮਨੁਖ ਤੇ ਵਾਰ ਕਰਦੀ ਹੈ। ਗੁਰੂ ਅਰਜੁਨ ਦੇਵ ਜੀ ਫੁਰਮਾਉਂਦੇ ਹਨ ਕਿ ਚਾਰਾਂ ਹੀ ਵਰਣਾ ਦੇ (ਸਭ) ਲੋਕਾਂ ਨੂੰ ਪੰਜ ਵਿਕਾਰ ਮਲਣ ਵਾਲੇ (ਨਾਸ ਕਰਨ ਵਾਲੇ) ਹਨ। ਇਹ ਛਿਆਂ ਭੇਖਾਂ ਦੇ ਸਾਧੂਆਂ ਨੂੰ ਭੀ ਹੱਥਾਂ ਦੀਆਂ ਤਲੀਆਂ ਤੇ ਨਚਾਉਂਦੇ ਹਨ। ਸੁਹਣੇ, ਸੁੱਨਖੇ, ਬਾਂਕੇ ਸਿਆਣੇ - ਸਭ ਨੂੰ ਪੰਜਾਂ ਵਿਕਾਰਾਂ ਨੇ ਮੋਹ ਕੇ ਛਲ ਲਿਆ ਹੈ। ਕੋਈ ਵਿਰਲਾ ਹੀ ਐਸਾ ਮਨੁਖ ਹੈ, ਜਿਸ ਨੇ ਗੁਰੂ ਨੂੰ ਮਿਲ ਕੇ ਪੰਜਾਂ ਹੀ ਸੂਰਮਿਆਂ (ਵਿਕਾਰਾਂ) ਨੂੰ ਮਾਰ ਲਿਆ ਹੋਵੇ। ਇਸ ਸੰਸਾਰ ਵਿਚ ਉਹ ਹੀ ਪੂਰਨ ਮਨੁਖ ਹੈ, ਜਿਸਨੇ ਇਨ੍ਹਾਂ ਪੰਜਾਂ ਨੂੰ ਮਾਰਕੇ ਲੀਰਾਂ ਲੀਰਾਂ ਕਰ ਹੈ।

ਇਨ੍ਹਾਂ ਵਿਕਾਰਾਂ ਦਾ ਬੜਾ ਭਾਰਾ ਕੋੜਮਾ ਹੈ, ਨਾ ਇਹ ਕਿਸੇ ਦੇ ਕਾਬੂ ਵਿਚ ਆਉਂਦੇ ਹਨ ਤੇ ਨਾ ਹੀ ਕਿਸੇ ਪਾਸੋਂ ਡਰ ਕੇ ਭਜਦੇ ਹਨ। ਇਨ੍ਹਾਂ ਦੀ ਫੌਜ ਬੜੀ ਮਜ਼ਬੂਤ ਤੇ ਹਠ ਵਾਲੀ ਹੈ। ਸਿਰਫ ਉਸੇ ਮਨੁਖ ਨੇ ਹੀ ਇਨ੍ਹਾਂ ਨੂੰ ਚੰਗੀ ਤਰ੍ਹਾਂ ਲਿਤਾੜਿਆ ਹੈ, ਜਿਹੜਾ ਸਾਧ ਸੰਗਤ ਦੇ ਆਸਰੇ ਵਿਚ ਰਹਿੰਦਾ ਹੈ:-

**ਚਾਰਿ ਬਰਨ ਚਉਹਾ ਕੇ ਮਰਦਨ, ਖਟੁ ਦਰਸਨ ਕਰ ਤਲੀ ਰੇ।।**
**ਸੁੰਦਰ ਸੁਘਰ ਸਰੂਪ ਸਿਆਨੇ, ਪੰਚਹੁ ਹੀ ਮੋਹਿ ਛਲੀ ਰੇ।।੧।।**
**ਜਿਨਿ ਮਿਲਿ ਮਾਰੇ ਪੰਚ ਸੂਰਬੀਰ, ਐਸੋ ਕਉਨੁ ਬਲੀ ਰੇ।।**
**ਜਿਨਿ ਪੰਚ ਮਾਰਿ ਬਿਦਾਰਿ ਗੁਦਾਰੇ,**
**ਸੋ ਪੂਰਾ ਇਹ ਕਲੀ ਰੇ।।੧।। ਰਹਾਉ।।**
**ਵਡੀ ਕੋਮ ਵਸਿ ਭਾਗਹਿ ਨਾਹੀ, ਮੁਹਕਮ ਫਉਜ ਹਠਲੀ ਰੇ।।੨।।**
**ਕਹੁ ਨਾਨਕ ਤਿਨਿ ਜਨ ਨਿਰਦਲਿਆ, ਸਾਧ ਸੰਗਤਿ ਕੈ ਝਲੀ ਰੇ ।।੨।।**

(ਆਸਾ, ਮ: ੫, ਪੰਨਾ-੪੦੪)

ਜਿਹੜਾ ਮਨੁੱਖ ਗੁਰੂ ਦੀ ਸ਼ਰਨ ਵਿੱਚ ਆ ਜਾਂਦਾ ਹੈ, ਗੁਰੂ ਦੀ ਕਿਰਪਾ ਹਾਸਲ ਕਰ ਲੈਂਦਾ ਹੈ, ਉਹ ਆਤਮਕ ਬਲ ਨਾਲ ਭਰਪੂਰ ਹੋ ਕੇ, ਇਨ੍ਹਾਂ ਵਿਕਾਰਾਂ ਨੂੰ ਆ ਵੰਗਾਰਦਾ ਹੈ, ਅਤੇ ਇਨ੍ਹਾਂ ਤੇ ਜਿੱਤ ਪ੍ਰਾਪਤ ਕਰ ਲੈਂਦਾ ਹੈ :-

**ਹਉ ਗੋਸਾਈ ਦਾ ਪਹਿਲਵਾਨੜਾ।। ਮੈ ਗੁਰ ਮਿਲਿ ਉਚ ਦੁਮਾਲੜਾ।।**
**ਸਭ ਹੋਈ ਛਿੰਝ ਇਕਠੀਆ, ਦਯੁ ਬੈਠਾ ਵੇਖੈ ਆਪਿ ਜੀਉ।।੧੭।।**
**ਵਾਤ ਵਜਨਿ ਟੰਮਕ ਭੇਰੀਆ।। ਮਲ ਲਥੇ ਲੈਦੇ ਫੇਰੀਆ।।**
**ਨਿਹਤੇ ਪੰਜਿ ਜੁਆਨ ਮੈ, ਗੁਰਿ ਥਾਪੀ ਦਿਤੀ ਕੰਡਿ ਜੀਉ।।੧੮।।**

(ਸਿਰੀ ਰਾਗ, ਮ: ੫ - ੭੪)

## ੧੦. ਜੀਵਨ ਮੁਕਤੀ – ਸਵੱਰਗ ਨਰਕ:

ਹੋਰਨਾ ਧਰਮਾਂ ਵਿਚ ਮਰਨ ਤੋ ਬਾਅਦ ਮੁਕਤੀ ਦੇ ਸਿਧਾਂਤ ਨੂੰ ਮੰਨਿਆ ਗਿਆ ਹੈ। ਕਈ ਕਲਪਿਤ ਸਵਰਗਾਂ ਦੀ ਪ੍ਰਾਪਤੀ ਨੂੰ ਮੁਕਤੀ ਦਾ ਨਾਮ ਦਿੰਦੇ ਹਨ। ਪਰ ਗੁਰਮਤਿ ਵਿਚ ਜੀਉਂਦਿਆਂ ਹੀ ਮਾਇਆ ਅਤੇ ਵਿਕਾਰਾਂ ਦੇ ਪ੍ਰਭਾਵ ਤੋਂ ਬਚ ਕੇ ਰਹਿਣ ਅਤੇ ਪ੍ਰਭੂ ਚਰਨਾਂ ਨਾਲ ਜੁੜੇ ਰਹਿਣ ਨੂੰ ਮੁਕਤੀ ਪ੍ਰਾਪਤ ਕਰਨਾ ਮੰਨਿਆ ਗਿਆ ਹੈ, ਇਸੇ ਨੂੰ ਜੀਵਨ

ਮੁਕਤੀ ਆਖਦੇ ਹਨ। ਗੁਰੂ ਅਰਜੁਨ ਦੇਵ ਜੀ ਫੁਰਮਾਉਂਦੇ ਹਨ ਕਿ ਜੀਵਨ - ਮੁਕਤ ਵਿਅਕਤੀ ਪ੍ਰਭੂ ਦੇ ਭਾਣੇ ਵਿਚ ਰਹਿੰਦਾ ਹੈ, ਪ੍ਰਭੂ ਦੀ ਆਗਿਆ ਨੂੰ ਭਲੀ ਕਰਕੇ ਜਾਣਦਾ ਹੈ। ਉਹ ਖੁਸ਼ੀ - ਗਮੀ, ਸੋਨਾ - ਮਿਟੀ, ਮਾਨ - ਅਪਮਾਨ, ਅਮੀਰੀ - ਗਰੀਬੀ ਆਦਿਕ ਨੂੰ ਇਕ ਸਮਾਨ ਕਰਕੇ ਜਾਣਦਾ ਹੈ; ਭਾਵ ਕਿ ਇਹ ਚੀਜ਼ਾਂ ਉਸਦੇ ਮਨ ਉਤੇ ਅਸਰ ਨਹੀਂ ਪਾ ਸਕਦੀਆਂ ਤੇ ਉਹ ਆਤਮਕ ਅਡੋਲਤਾ ਦੀ ਅਵਸਥਾ ਪ੍ਰਾਪਤ ਕਰ ਲੈਂਦਾ ਹੈ। ਪ੍ਰਭੂ ਜੋ ਵੀ ਰਜ਼ਾ ਵਰਤਾਉਂਦਾ ਹੈ; ਉਹ ਮਨੁਖ ਉਸਨੂੰ ਗਾਡੀ ਰਾਹ ਸਮਝਦਾ ਹੈ:-

**ਪ੍ਰਭ ਕੀ ਆਗਿਆ ਆਤਮ ਹਿਤਾਵੈ ।। ਜੀਵਨ ਮੁਕਤਿ ਸੋਊ ਕਹਾਵੈ ।।**
**ਤੈਸਾ ਹਰਖੁ, ਤੈਸਾ ਉਸੁ ਸੋਗੁ ।। ਸਦਾ ਅਨੰਦੁ ਤਹ ਨਹੀ ਬਿਓਗੁ ।।**
**ਤੈਸਾ ਸੁਵਰਨੁ, ਤੈਸੀ ਉਸੁ ਮਾਟੀ ।। ਤੈਸਾ ਅੰਮ੍ਰਿਤੁ, ਤੈਸੀ ਬਿਖੁ ਖਾਟੀ ।।**
**ਤੈਸਾ ਮਾਨੁ, ਤੈਸਾ ਅਭਿਮਾਨੁ ।। ਤੈਸਾ ਰੰਕੁ, ਤੈਸਾ ਰਾਜਾਨੁ ।।**
**ਜੋ ਵਰਤਾਏ, ਸਾਈ ਜੁਗਤਿ ।।**
**ਨਾਨਕ, ਓਹੁ ਪੁਰਖੁ ਕਹੀਐ, ਜੀਵਨ ਮੁਕਤਿ ।। ੭ ।।**

(ਗਉੜੀ,ਸੁਖਮਨੀ,ਮ: ੫ - ੨੭੫)

ਜੀਵਨ - ਮੁਕਤੀ ਦੀ ਅਵੱਸਥਾ ਨੂੰ ਅੱਪੜ ਚੁਕੇ ਮਨੁਖ ਮੌਤ ਮਗਰੋਂ ਹੋਣ ਵਾਲੀ ਮੁਕਤੀ ਤੇ ਸਵਰਗ - ਨਰਕ ਦੇ ਖਿਆਲ ਨੂੰ ਹੀ ਮਨ ਵਿਚੋਂ ਕੱਢ ਦਿੰਦੇ ਹਨ:

**— ਕਈ ਬੈਕੁੰਠ ਨਾਹੀ ਲਵੈ ਲਾਗੇ ।।**
**ਮੁਕਤਿ ਬਪੁੜੀ ਭੀ ਗਿਆਨੀ ਤਿਆਗੇ ।।** (ਮਾਰੂ,ਮ: ੫ - ੧੦੭੮)

ਜੀਵਨ ਦੇ ਸੱਚ ਨੂੰ ਜਾਣ ਚੁਕੇ ਮਨੁਖਾਂ ਲਈ ਤਾਂ ਸਾਧ ਸੰਗਤ ਹੀ ਅਸਲੀ ਸਵਰਗ (ਬੈਕੁੰਠ) ਹੈ:

**— ਬੈਕੁੰਠ ਨਗਰੁ ਜਹਾ ਸੰਤ ਵਾਸਾ ।।**
**ਪ੍ਰਭ ਚਰਣ ਕਮਲ ਰਿਦ ਮਾਹਿ ਨਿਵਾਸਾ ।।** (ਸੂਹੀ,ਮ: ੫ - ੭੪੨)

**– ਮੁਕਤਿ ਬੈਕੁੰਠ ਸਾਧ ਕੀ ਸੰਗਤਿ, ਜਨ ਪਾਇਓ ਹਰਿ ਕਾ ਧਾਮ ।।**

(ਧਨਾਸਰੀ,ਮ: ੫ ਪੰਨਾ-੬੭੨)

**੧੧. ਸਾਧ – ਸੰਗਤ:**

'ਸਤਿ' (ਪ੍ਰਭੂ) ਦੇ ਖੋਜੀਆਂ ਦੇ ਇੱਕਠ ਨੂੰ ਸਤਿ - ਸੰਗਤ ਅਥਵਾ ਸਾਧ ਸੰਗਤਿ ਆਖਿਆ ਗਿਆ ਹੈ। ਸਤਿ ਸੰਗਤ ਵਿਚ ਪ੍ਰਭੂ ਦੀ ਵੀਚਾਰ ਹੁੰਦੀ ਹੈ, ਪ੍ਰਭੂ ਦੀਆਂ ਵਡਿਆਈਆਂ ਦੀ ਵਿਆਖਿਆ ਹੁੰਦੀ ਹੈ, ਤੇ ਪ੍ਰਭੂ ਲੜ ਲਗਣ ਬਾਣੇ ਚਰਚਾ ਹੁੰਦੀ ਹੈ। ਇਸ ਲਈ ਸਤਿ ਸੰਗਤ ਨੂੰ ਪ੍ਰਭੂ ਦਾ ਘਰ, ਪ੍ਰਭੂ ਦਾ ਨਿਵਾਸ ਅਸਥਾਨ ਆਖਿਆ ਗਿਆ ਹੈ । ਸਤਿ-ਸੰਗਤ ਤੋਂ ਹੀ ਧਰਮ ਦੇ ਮਾਰਗ, ਗੁਰ - ਉਪਦੇਸ਼ਾਂ ਦਾ ਪਤਾ ਲਗਦਾ ਹੈ। ਏਥੇ ਤੇਰ - ਮੇਰ, ਊਚ - ਨੀਚ, ਜਾਤ - ਪਾਤ, ਅਮੀਰੀ - ਗਰੀਬੀ ਦੀਆਂ ਭਾਵਨਾਵਾਂ ਘਟਦੀਆਂ ਹਨ ਅਥਵਾ ਖਤਮ ਹੋ ਜਾਂਦੀਆ ਹਨ। ਸਤਿ - ਸੰਗਤ ਇਕ ਸੱਚੇ - ਸੁੱਚੇ ਮਨੁਖ ਦੀ ਘਾੜਤ ਘੜਨ ਦੀ ਥਾਂ ਹੈ। ਇਸ ਲਈ ਸਤਿ - ਸੰਗਤ ਦੀ ਸਿਖ ਧਰਮ ਵਿਚ ਵਿਸ਼ੇਸ਼ ਮਹੱਤਤਾ ਹੈ। ਏਸ ਸਬੰਧ ਵਿਚ ਗੁਰੂ ਅਰਜੁਨ ਦੇਵ ਜੀ ਦੇ ਕੁਝ ਫੁਰਮਾਨ ਹੇਠਾਂ ਦਿਤੇ ਜਾਂਦੇ ਹਨ:-

— ਸਾਧ ਸੰਗਿ ਮਲੁ ਲਾਥੀ।। ਪਾਰਬ੍ਰਹਮੁ ਭਇਓ ਸਾਥੀ।।
ਨਾਨਕ ਨਾਮੁ ਧਿਆਇਆ।। ਆਦਿ ਪੁਰਖ ਪ੍ਰਭੁ ਪਾਇਆ।।
(ਸੋਰਠਿ,ਮ: ੫ ਪੰਨਾ-੬੨੫)

— ਬਿਸਰਿ ਗਈ ਸਭ ਤਾਤਿ ਪਰਾਈ ।।
ਜਬ ਤੇ ਸਾਧ ਸੰਗਤਿ ਮੋਹਿ ਪਾਈ ।। ੧।। ਰਹਾਉ ।।
ਨਾ ਕੋ ਬੈਰੀ ਨਹੀ ਬਿਗਾਨਾ, ਸਗਲ ਸੰਗਿ ਹਮ ਕਉ ਬਨਿ ਆਈ ।।
(ਕਾਨੜਾ,ਮ: ੫ ਪੰਨਾ-੧੨੯੯)

— ਸਭ ਮਹਿ ਜਾਨਉ ਕਰਤਾ ਏਕ ।।
ਸਾਧ ਸੰਗਤਿ ਮਿਲਿ ਬੁਧਿ ਬਿਬੇਕ ।। (ਆਸਾ,ਮ: ੫ ਪੰਨਾ-੩੭੭)

— ਸਤ ਸੰਗਤਿ ਮਹਿ ਬਿਸਾਸੁ ਹੋਇ, ਹਰਿ ਜੀਵਤ ਮਰਤ ਸੰਗਾਰੀ ।।
(ਆਸਾ,ਮ: ੫ ਪੰਨਾ-੪੦੧)

— ਕਉਨੁ ਸੁ ਜਤਨੁ, ਉਪਾਉ ਕਿਨੇਹਾ, ਸੇਵਾ ਕਉਨ ਬੀਚਾਰੀ ।।
ਮਾਨੁ ਅਭਿਮਾਨੁ ਮੋਹੁ ਤਜਿ, ਨਾਨਕ, ਸੰਤਹ ਸੰਗਿ ਉਧਾਰੀ ।।
(ਕੇਦਾਰਾ,ਮ: ੫ ਪੰਨਾ-੧੧੨੦)

— ਭਗਤਿ ਪ੍ਰੇਮ ਪਰਮ ਪਦੁ ਪਾਇਆ, ਸਾਧ ਸੰਗਿ ਦੁਖ ਨਾਠੇ ।।
ਛਿਜੈ ਨ ਜਾਇ, ਕਿਛੁ ਭਉ ਨ ਬਿਆਪੇ, ਹਰਿ ਧਨੁ ਨਿਰਮਲੁ ਗਾਠੇ ।।
(ਆਸਾ,ਮ: ੫ ਪੰਨਾ-੩੮੨)

### ੧੨. ਪਰਚਾਰਕ ਦੇ ਗੁਣ :

ਧਰਮ ਪ੍ਰਚਾਰਕ ਲਈ ਬਹੁਤ ਜ਼ਰੂਰੀ ਹੈ ਕਿ ਉਹ ਧਾਰਮਿਕ ਫ਼ਲਸਫ਼ੇ ਅਤੇ ਪ੍ਰਭੂ-ਗਿਆਨ (ਅਧਿਆਤਮਕ ਗਿਆਨ) ਨਾਲ ਭਰਪੂਰ ਹੋਵੇ । ਉਹ ਜਿਨ੍ਹਾਂ ਉਪਦੇਸ਼ਾਂ ਦਾ ਪਰਚਾਰ ਕਰਦਾ ਹੋਵੇ, ਉਨ੍ਹਾਂ ਦਾ ਆਪ ਧਾਰਨੀ ਹੋਵੇ ਅਥਵਾ ਉਸਨੇ ਧਰਮ ਨੂੰ ਆਪਣੇ ਜੀਵਨ ਵਿੱਚ ਕਮਾਇਆ ਹੋਵੇ। ਜਿਹੜਾ ਪਰਚਾਰਕ ਨਿਰੀ ਚੁੰਚ- ਚਰਚਾ ਦੀ ਖਾਤਰ ਵਖਿਆਨ ਕਰਦਾ ਹੈ, ਜਾਂ ਆਪਣੀ ਵਿਦਵਤਾ ਦਾ ਪ੍ਰਗਟਾਵਾ ਕਰਨਾ ਚਾਹੁੰਦਾ ਹੈ, ਉਹ ਪ੍ਰਵਾਨ ਨਹੀ ਹੈ । ਜਿਨ੍ਹਾਂ ਵਿਦਵਾਨਾਂ ਦੀ ਕਥਨੀ ਤੇ ਕਰਨੀ ਵਿੱਚ ਮੇਲ ਨਹੀ ਹੁੰਦਾ, ਉਹ ਆਪ ਜਨਮ-ਮਰਨ ਦੇ ਗੇੜ ਵਿੱਚ ਪਏ ਰਹਿੰਦੇ ਹਨ :

— ਪ੍ਰਥਮੇ ਮਨੁ ਪਰਬੋਧੈ ਅਪਨਾ, ਪਾਛੈ ਅਵਰ ਰੀਝਾਵੈ ।।
ਰਾਮ ਨਾਮ ਜਪੁ ਹਿਰਦੈ ਜਾਪੈ, ਮੁਖ ਤੇ ਸਗਲ ਸੁਨਾਵੈ ।।
(ਆਸਾ,ਮ: ੫ ਪੰਨਾ-੩੮੧)

— ਦੂਖ ਰੋਗ ਭੈ ਸਗਲ ਬਿਨਾਸੇ, ਜੋ ਆਵੈ ਹਰਿ ਸੰਤ ਸਰਨ ।।
ਆਪਿ ਜਪੈ ਅਵਰਹ ਨਾਮੁ ਜਪਾਵੈ, ਵਡ ਸਮਰਥ ਤਾਰਨ ਤਰਨ ।।
(ਸਾਰੰਗ,ਮ: ੫ ਪੰਨਾ-੧੨੦੬)

[ਗੁਰੂ ਦੀ ਸ਼ਰਨ ਵਿੱਚ ਆਉਣ ਵਾਲੇ ਦੇ ਸਭ ਦੁਖ, ਰੋਗ, ਡਰ ਨਾਸ ਹੋ ਜਾਂਦੇ ਹਨ। ਉਹ ਵੱਡੀ ਸਮਰਥਾ ਵਾਲੇ ਹਰੀ ਦਾ ਸੰਸਾਰ-ਸਮੁੰਦਰ ਤੋਂ ਪਾਰ ਲੰਘਾਉਣ-ਯੋਗ ਨਾਮ ਆਪ ਜਪਦਾ ਹੈ ਤੇ ਹੋਰਨਾਂ ਤੋਂ ਜਪਾਉਂਦਾ ਹੈ ।]

— ਰਹਤ ਅਵਰ ਕਛੁ ਅਵਰ ਕਮਾਵਤ ॥
ਮਨਿ ਨਹੀ ਪ੍ਰੀਤਿ ਮੁਖਹੁ ਗੰਢ ਲਾਵਤ ॥
ਜਾਨਨਹਾਰ ਪ੍ਰਭੂ ਪਰਬੀਨ ॥
ਬਾਹਰਿ ਭੇਖ ਨ ਕਾਹੂ ਭੀਨ ॥
ਅਵਰ ਉਪਦੇਸੈ, ਆਪਿ ਨ ਕਰੈ ॥
ਆਵਤ ਜਾਵਤ ਜਨਮੈ ਮਰੈ ॥ (ਗਉੜੀ, ਸੁਖਮਨੀ, ਪੰਨਾ-੨੬੯)

— ਕਰਮ ਧਰਮ ਜੁਗਤਿ ਬਹੁ ਕਰਤਾ, ਕਰਣੈਹਾਰੁ ਨ ਜਾਨੈ ॥
ਉਪਦੇਸੁ ਕਰੇ, ਆਪਿ ਨ ਕਮਾਵੈ, ਤਤੁ ਸਬਦੁ ਨ ਪਛਾਨੈ ॥
ਨਾਂਗੋ ਆਇਆ, ਨਾਂਗੋ ਜਾਸੀ, ਜਿਉ ਹਸਤੀ ਖਾਕੁ ਛਾਨੈ ॥੩॥
(ਆਸਾ,ਘਰ ੩, ਮ: ੫, ਪੰਨਾ-੩੮੦)

## ੧੩. ਧਨ ਅਤੇ ਧਨ ਦੀ ਸਾਂਵੀ ਵੰਡ :

ਧਨ ਜੀਵਨ ਦੀ ਇਕ ਮੁੱਢਲੀ ਲੋੜ ਹੈ । ਪਰ ਕਈ ਲੋਕ ਧਨ ਪ੍ਰਾਪਤੀ, ਧਨ ਇਕੱਤਰ ਕਰਨ ਅਤੇ ਜਾਇਦਾਦਾਂ ਬਣਾਉਣ ਨੂੰ ਹੀ ਆਪਣਾ ਜੀਵਨ ਮਨੋਰਥ ਬਣਾ ਲੈਂਦੇ ਹਨ । ਧਨ ਦੀ ਖਾਤਿਰ ਕਈ ਪਾਪ ਕਰਦੇ ਹਨ । ਧਨ ਦੇ ਚੱਕਰ ਵਿੱਚ ਜੀਵਨ ਬਰਬਾਦ ਕਰ ਲੈਂਦੇ ਹਨ । ਪ੍ਰਭੂ ਦੀ ਸਿਫ਼ਤ-ਸਲਾਹ ਤੋਂ ਦੂਰ ਹੀ ਰਹਿੰਦੇ ਹਨ । ਐਸੇ ਮਨੁੱਖ ਧਰਮ ਦੀ ਕਸੌਟੀ ਤੇ ਅੱਤ ਨੀਵੇਂ ਦਰਜੇ ਦੇ ਗਿਣੇ ਗਏ ਹਨ । ਇਸ ਲਈ ਧਨ (ਰੁਪਏ ਪੈਸੇ, ਜਾਇਦਾਦ ਆਦਿਕ) ਨੂੰ 'ਕਾਚਾ ਧਨ' ਕਿਹਾ ਗਿਆ ਹੈ ਅਤੇ ਇਸਦੇ ਮੁਕਾਬਲੇ ਪ੍ਰਭੂ ਦੀ ਸਿਫਤ-ਸਲਾਹ ਨੂੰ 'ਸਾਚਾ ਧਨ' ਆਖਿਆ ਗਿਆ ਹੈ । 'ਕਾਚਾ ਧਨ' ਇੱਕਤਰ ਕਰਨ ਵਾਲਿਆਂ ਨੂੰ ਮੂਰਖ, ਗੰਵਾਰ ਕਿਹਾ ਗਿਆ ਹੈ ।

ਗੁਰੂ ਅਰਜੁਨ ਦੇਵ ਜੀ ਨੇ ਖੁਸ਼ਹਾਲ ਸਮਾਜ ਲਈ ਇਹ ਜ਼ਰੂਰੀ ਦਸਿਆ ਹੈ ਕਿ ਸਮਾਜ ਵਿਚ ਨਾ ਤਾਂ ਲੋਕਾਂ ਕੋਲ ਬਹੁਤਾ ਧਨ ਹੋਣਾ ਚਾਹੀਦਾ, ਨਾ ਬਹੁਤ ਥੋੜ੍ਹਾ । ਜਿਸ ਸਮਾਜ ਵਿੱਚ ਰੁਪਏ- ਪੈਸੇ ਦੀ ਸਾਵੀਂ ਵੰਡ ਹੈ, ਉਹੀ ਸਮਾਜ ਸੁਖੀ ਰਹਿ ਸਕਦਾ ਹੈ :

— ਸੰਗਿ ਨ ਚਾਲਸਿ ਤੇਰੈ ਧਨਾ ।
ਤੂੰ ਕਿਆ ਲਪਟਾਵਹਿ ਮੂਰਖ ਮਨਾ ॥
(ਗਉੜੀ, ਸੁਖਮਨੀ ਮ: ੫, ਪੰਨਾ-੨੮੮)

— ਰਾਜੁ ਮਾਲੁ ਜੰਜਾਲੁ ਕਾਜਿ ਨ ਕਿਤੈ ਗਨੋ ।
ਹਰਿ ਕੀਰਤਨੁ ਆਧਾਰ ਨਿਹਚਲੁ ਏਹੁ ਧਨੋ ॥
(ਆਸਾ, ਮ: ੫, ਪੰਨਾ-੩੯੮)

— ਕਰਿ ਕਰਿ ਪਾਪ ਦਰਬੁ ਕੀਆ ਵਰਤਣ ਕੈ ਤਾਈ ॥
ਮਾਟੀ ਸਿਉ ਮਾਟੀ ਰਲੀ, ਨਾਗਾ ਉਠਿ ਜਾਈ ॥ (ਬਿਲਾਵਲੁ,ਮ: ੫-ਪੰਨਾ-੮੦੯)

— ਧਨੁ ਧਨੁ ਕਹਾ ਪੁਕਾਰਤੇ, ਮਾਇਆ ਮੋਹ ਸਭ ਕੂਰਿ ।।
ਨਾਮ ਬਿਹੂਨੇ ਨਾਨਕਾ, ਹੋਤ ਜਾਤ ਸਭ ਧੂਰ ।।

(ਗਉੜੀ, ਬਾਵਨ ਅਖਰੀ,ਮ: ੫ ਪੰਨਾ-੨੫੦)

— ਮਾਇਆ ਮਨਹੁ ਨ ਵੀਸਰੈ, ਮਾਂਗੈ ਦੰਮਾ ਦੰਮ ।।
ਸੋ ਪ੍ਰਭੁ ਚਿਤਿ ਨ ਆਵਈ, ਨਾਨਕ ਨਹੀ ਕਰੰਮ ।।੧।।
।।ਮ: ੫।। ਮਾਇਆ ਸਾਥਿ ਨ ਚਲਈ, ਕਿਆ ਲਪਟਾਵਹਿ ਅੰਧ ।।
ਗੁਰ ਕੇ ਚਰਣ ਧਿਆਇ ਤੂ, ਤੂਟਹਿ ਮਾਇਆ ਬੰਧ ।।੨।।

(ਮਾਰੂ ਕੀ ਵਾਰ, ਸਲੋਕ,ਮ: ੫ ਪੰਨਾ-੧੦੯੩)

— ਸਹਸ ਖਟੇ, ਲਖ ਕਉ ਉਠਿ ਧਾਵੈ ।।
ਤ੍ਰਿਪਤਿ ਨ ਆਵੈ, ਮਾਇਆ ਪਾਛੈ ਪਾਵੈ ।। (ਗਉੜੀ, ਸੁਖਮਨੀ-੨੭੯)

— ਜਿਸੁ ਗ੍ਰਿਹਿ ਬਹੁਤੁ, ਤਿਸੈ ਗ੍ਰਿਹਿ ਚਿੰਤਾ ।।
ਜਿਸੁ ਗ੍ਰਿਹਿ ਥੋਰੀ, ਸੁ ਫਿਰੈ ਭ੍ਰਮੰਤਾ ।।
ਦੁਹੂ ਬਿਵਸਥਾ ਤੇ ਜੋ ਮੁਕਤਾ,
ਸੋਈ ਸੁਹੇਲਾ ਭਾਲੀਐ ।। (ਮਾਰੂ,ਮ: ੫ ਪੰਨਾ-੧੦੧੯)

## ੧੪. ਜੀਵਨ ਜੁਗਤੀ :

ਗੁਰੂ ਸਾਹਿਬਾਨ ਨੇ ਇਨ੍ਹਾਂ ਪੁਰਾਤਨ ਵਿਚਾਰਾਂ ਨੂੰ ਰੱਦ ਕਰ ਦਿਤਾ ਸੀ ਕਿ ਰੱਬ ਦੀ ਪ੍ਰਾਪਤੀ ਲਈ ਗ੍ਰਿਹਸਥ ਨੂੰ ਤਿਆਗ ਕੇ ਜੰਗਲਾਂ ਜਾਂ ਤੀਰਥ ਅਸਥਾਨਾ ਤੇ ਜਾ ਕੇ ਵਸਣਾ ਚਾਹੀਦਾ ਹੈ, ਸੰਨਿਆਸ ਧਾਰਨ ਕਰਨਾ ਚਾਹੀਦਾ ਹੈ, ਜਾਂ ਉਥੇ ਜਪ-ਤਪ ਆਦਿ ਕਰਨੇ ਚਾਹੀਦੇ ਹਨ । ਸਗੋਂ ਗੁਰੂ ਸਾਹਿਬਾਨ ਨੇ ਤਾਂ ਗ੍ਰਿਹਸਥ ਮਾਰਗ ਨੂੰ ਪ੍ਰਧਾਨਤਾ ਦਿਤੀ ਹੈ । ਸੰਸਾਰ ਵਿੱਚ ਰਹਿੰਦਿਆਂ ਹੋਇਆਂ, ਗੁਰੂ ਦੀ ਸਿਖਿਆ ਦੇ ਅਨੁਸਾਰ ਜੀਵਨ ਬਤੀਤ ਕਰਨਾ ਹੈ । ਨਾਮ ਜਪਣਾ, ਧਰਮ ਦੀ ਕਿਰਤ ਕਰਨੀ ਤੇ ਵੰਡ ਛਕਣਾ ਹੈ—ਇਹ ਗੁਰਸਿੱਖੀ ਜੀਵਨ ਦੇ ਮੁਖ ਅੰਗ ਹਨ । ਗੁਰੂ ਅਰਜੁਨ ਦੇਵ ਜੀ ਫੁਰਮਾਉਂਦੇ ਹਨ :

— ਨਾਨਕ ਸਤਿਗੁਰਿ ਭੇਟਿਐ, ਪੂਰੀ ਹੋਵੈ ਜੁਗਤਿ ।
ਹਸੰਦਿਆ, ਖੇਲੰਦਿਆ, ਪੈਨੰਦਿਆ, ਖਾਵੰਦਿਆ, ਵਿਚੇ ਹੋਵੈ ਮੁਕਤਿ ।।

(ਵਾਰ ਗੂਜਰੀ,ਮ:੫ ਪੰਨਾ-੫੨੨)

— ਉਦਮੁ ਕਰੇਦਿਆ ਜੀਉ ਤੂੰ, ਕਮਾਵਦਿਆ ਸੁਖ ਭੁੰਚੁ ।।
ਧਿਆਇਦਿਆ ਤੂੰ ਪ੍ਰਭੂ ਮਿਲੁ, ਨਾਨਕ ਉਤਰੀ ਚਿੰਤ ।।

(ਵਾਰ ਗੂਜਰੀ, ਸਲੋਕ ਮ: ੫ ਪੰਨਾ-੫੨੨)

ਮਨੁੱਖ ਦਾ ਸਭ ਤੋਂ ਪਹਿਲਾ ਫਰਜ਼ ਹੈ ਪ੍ਰਭੂ ਦਾ ਨਾਮ ਜਪਣਾ, ਉਸ ਦੀ ਸਿਫ਼ਤ-ਸਲਾਹ ਕਰਨੀ । ਨਾਮ ਸਿਮਰਨ ਨਾਲ ਹੀ ਦੁਖਾਂ-ਕਲੇਸ਼ਾਂ ਤੋਂ ਖਲਾਸੀ ਹੁੰਦੀ ਹੈ ਅਤੇ ਸੁਖਾਂ ਦੀ ਪ੍ਰਾਪਤੀ ਹੁੰਦੀ ਹੈ :

— ਝਾਲਾਘੇ ਉਠਿ ਨਾਮੁ ਜਪਿ, ਨਿਸਿ ਬਾਸੁਰ ਆਰਾਧਿ ।।
ਕਾਰ੍ਹਾ ਤੁਝੇ ਨ ਬਿਆਪਈ, ਨਾਨਕ ਮਿਟੈ ਉਪਾਧਿ ।।
(ਗਉੜੀ,ਮ: ੫ ਪੰਨਾ-੨੫੫)

— ਡਿਠਾ ਸਭੁ ਸੰਸਾਰੁ, ਸੁਖੁ ਨ ਨਾਮ ਬਿਨੁ ।।
ਤਨੁ ਧਨੁ ਹੋਸੀ ਛਾਰੁ, ਜਾਣੈ ਕੋਇ ਜਨੁ ।।
(ਗਉੜੀ ਕੀ ਵਾਰ,ਮ: ੫ ਪੰਨਾ-੩੨੨)

ਸਿਮਰਨ ਕਰਦਿਆਂ ਹੋਇਆਂ ਤੇ ਜੀਵਨ ਵਿੱਚ ਵਿਚਰਦਿਆਂ ਹੋਇਆਂ ਨਿਮ੍ਰਤਾ ਨੂੰ ਮਨ ਵਿੱਚ ਧਾਰਨ ਕਰਨਾ ਹੈ, ਹੰਕਾਰ ਨੂੰ ਨੇੜੇ ਨਹੀ ਆਉਣ ਦੇਣਾ । ਨਿਮ੍ਰਤਾ ਅਤੇ ਪ੍ਰੇਮ ਦੇ ਹਥਿਆਰ ਨਾਲ ਜਗਤ ਨੂੰ ਜਿਤਣਾ ਹੈ :

— ਆਠ ਪਹਰ ਪ੍ਰਭੁ ਅਪਨਾ ਧਿਆਈਐ,
ਗੁਰਪ੍ਰਸਾਦਿ ਭਉ ਤਰੀਐ ।।
ਆਪੁ ਤਿਆਗਿ ਹੋਈਐ ਸਭ ਰੇਣਾ,
ਜੀਵਤਿਆ ਇਉ ਮਰੀਐ ।। (ਸੂਹੀ,ਮ: ੫ ਪੰਨਾ-੭੫੦)

— ਗਰੀਬੀ ਗਦਾ ਹਮਾਰੀ । ਖੰਨਾ ਸਗਲ ਰੇਨੁ ਛਾਰੀ ।।
ਇਸੁ ਆਗੈ ਕੋ ਨ ਟਿਕੈ ਵੇਕਾਰੀ ।। ਗੁਰ ਪੂਰੇ ਇਹ ਗਲ ਸਾਰੀ ।।
(ਸੋਰਠਿ,ਮ: ੫ ਪੰਨਾ-੬੨੮)

— ਹੋਇ ਰਹੀਐ ਸਗਲ ਕੀ ਰੀਨਾ ।।
ਘਟਿ ਘਟਿ ਰਮਈਆ ਸਭ ਮਹਿ ਚੀਨਾ ।। (ਗੋਂਡ,ਮ: ੫ ਪੰਨਾ-੮੬੬)

— ਰੋਸੁ ਨ ਕਾਹੂ ਸੰਗ ਕਰਹੁ, ਆਪਨ ਆਪੁ ਬੀਚਾਰਿ ।।
ਹੋਇ ਨਿਮਾਨਾ ਜਗਿ ਰਹਹੁ, ਨਾਨਕ ਨਦਰੀ ਪਾਰਿ ।।
(ਗਉੜੀ, ਬਾਵਨ ਅਖਰੀ, ਸਲੋਕ ਮ: ੫ ਪੰਨਾ-੨੫੯)

ਜੋ ਪ੍ਰਭੂ ਨਾਲ ਜੁੜੇ ਹੋਏ ਹਨ, ਗੁਰੂ ਦੇ ਉਪਦੇਸ਼ ਦੀ ਕਮਾਈ ਕਰਦੇ ਹਨ, ਉਨ੍ਹਾਂ ਦੀ ਸੰਗਤ ਕਰਨੀ ਚਾਹੀਦੀ ਹੈ। ਉਹ ਅਸਲੀ ਸੱਜਣ-ਮਿਤਰ ਤੇ ਰਿਸ਼ਤੇਦਾਰ ਹਨ :

— ਜਿਨਾ ਦਿਸੰਦੜਿਆ ਦੁਰਮਤਿ ਵੰਞੈ, ਮਿਤ੍ਰ ਅਸਾਡੜੇ ਸੇਈ ।।
ਹਉ ਢੂਢੇਦੀ ਜਗੁ ਸਬਾਇਆ, ਜਨ ਨਾਨਕ ਵਿਰਲੇ ਕੇਈ ।।
(ਗੂਜਰੀ ਕੀ ਵਾਰ, ਮ: ੫ ਪੰਨਾ-੫੨੦)

— ਨਾਨਕ, ਕਚੜਿਆ ਸਿਉ ਤੋੜਿ, ਢੂਢਿ ਸਜਣ ਸੰਤ ਪਕਿਆ ।।
ਓਇ ਜੀਵੰਦੇ ਵਿਛੁੜਹਿ, ਓਇ ਮੁਇਆ ਨਾ ਜਾਹੀ ਛੋੜਿ ।।
(ਮਾਰੂ ਕੀ ਵਾਰ,ਮ: ੫, ਡਖਣੇ ਪੰਨਾ-੧੧੦੨)

— ਸਾਜਨੁ ਬੰਧੁ ਸੁ, ਮਿਤ੍ਰੁ ਸੋ, ਹਰਿ ਨਾਮੁ ਹਿਰਦੈ ਦੇਇ ।।
ਅਉਗਣ ਸਭਿ ਮਿਟਾਇਕੈ, ਪਰਉਪਕਾਰੁ ਕਰੇਇ ।।
(ਗਉੜੀ ਮਾਝ,ਮ: ੫ ਪੰਨਾ-੨੧੮)

ਜਿਹੜੇ ਗੁਰੂ ਦੀ ਗੱਲ ਨਹੀ ਮੰਨਦੇ, ਆਪਣੇ ਮਨ ਦੀ ਮੱਤ ਪਿਛੇ ਚਲਦੇ ਹਨ, ਉਨ੍ਹਾਂ ਦੀ ਸੰਗਤ ਨਹੀਂ ਕਰਨੀ ਚਾਹੀਦੀ । ਅਜਿਹੇ ਬੰਦੇ ਕਿਸੇ ਦੀ ਭਲਾਈ ਨਹੀ ਕਰਦੇ, ਕਦੇ ਮਿਤ੍ਰਤਾ ਦੀ ਗੰਢ ਪੱਕੀ ਨਹੀਂ ਪਾਉਂਦੇ, ਛੇਤੀ ਹੀ ਸਾਥ ਛੱਡ ਜਾਂਦੇ ਹਨ । ਫਿੱਕਾ ਬੋਲਦੇ ਹਨ ਤੇ ਇਨ੍ਹਾਂ ਗਿਆਨਹੀਨ ਮਨੁੱਖਾਂ ਨੂੰ ਆਤਮਾ ਦੀ ਸੂਝ ਨਹੀਂ ਹੁੰਦੀ :

**ਮਨਮੁਖਾ ਕੇਰੀ ਦੋਸਤੀ, ਮਾਇਆ ਕਾ ਸਨਬੰਧੁ ॥**
**ਵੇਖਦਿਆਂ ਹੀ ਭਜਿ ਜਾਨਿ, ਕਦੇ ਨ ਪਾਇਨਿ ਬੰਧੁ ॥**
**ਜਿਚਰੁ ਪੈਨਨਿ ਖਾਵਨੇ, ਤਿਚਰੁ ਰਖਨਿ ਗੰਢੁ ॥**
**ਜਿਤੁ ਦਿਨਿ ਕਿਛੁ ਨ ਹੋਵਈ, ਤਿਤੁ ਦਿਨਿ ਬੋਲਨਿ ਗੰਧੁ ॥**

(ਰਾਮਕਲੀ ਕੀ ਵਾਰ,ਮ: ੫ ਪੰਨਾ-੯੫੯)

ਗੁਰੂ ਦੀ ਸ਼ਰਨ ਵਿਚ ਜਾ ਕੇ ਪ੍ਰਭੂ ਦੇ ਹੁਕਮ ਨੂੰ ਸਮਝਣਾ ਚਾਹੀਦਾ ਹੈ ਤੇ ਪ੍ਰਭੂ ਦੇ ਭਾਣੇ (ਹੁਕਮ) ਵਿੱਚ ਜੀਵਨ ਬਤੀਤ ਕਰਨਾ ਚਾਹੀਦਾ ਹੈ :

**— ਮਨ ਕੀ ਮਤਿ ਤਿਆਗਹੁ ਹਰਿ ਜਨ, ਹੁਕਮੁ ਬੂਝਿ ਸੁਖੁ ਪਾਈਐ ਰੇ ॥**
**ਜੋ ਪ੍ਰਭੁ ਕਰੈ ਸੋਈ ਭਲ ਮਾਨਹੁ, ਸੁਖਿ ਦੁਖਿ ਓਹੀ ਧਿਆਈਐ ਰੇ ॥**

(ਗਉੜੀ,ਮ: ੫ ਪੰਨਾ-੨੦੯)

ਧਰਮ ਦੇ ਮਾਰਗ ਤੇ ਚਲਣ ਵਾਲਿਆਂ ਲਈ ਇਹ ਅੱਤ ਜ਼ਰੂਰੀ ਹੈ ਕਿ ਅਧਰਮ ਅਥਵਾ ਪਾਪ ਦੇ ਪਾਸੇ ਵਲ ਕਦਮ ਨਾ ਚੁੱਕਣ । ਮੰਦ-ਕਰਮੀ ਮਨੁੱਖ ਧਰਮੀ ਨਹੀਂ ਹੋ ਸਕਦੇ, ਸਗੋਂ ਉਹ ਆਪਣਾ ਲੋਕ ਪਰਲੋਕ ਗੁਆ ਲੈਂਦੇ ਹਨ । ਧਰਮੀ ਮਨੁੱਖਾਂ ਨੂੰ ਵਿਕਾਰਾਂ ਦੇ ਪ੍ਰਭਾਵ ਅਤੇ ਮਾਇਆ ਦੇ ਮੋਹ ਤੋਂ ਬਚਣਾ ਚਾਹੀਦਾ ਹੈ । ਆਪਣੇ ਆਚਰਣ ਨੂੰ ਪਾਕ-ਪਵਿਤਰ ਰੱਖਣਾ ਚਾਹੀਦਾ ਹੈ :

**— ਅਨ ਕਾਏ ਰਾਤੜਿਆ ਵਾਟ ਦੁਹੇਲੀ ਰਾਮ ॥**
**ਪਾਪ ਕਮਾਵਦਿਆ ਤੇਰਾ ਕੋਇ ਨ ਬੇਲੀ ਰਾਮ ।**

(ਬਿਹਾਗੜਾ,ਮ: ੫ ਛੰਤ-੫੪੬)

**— ਸੰਗਿ ਦੇਖੈ ਕਰਣਹਾਰਾ, ਕਾਇ ਪਾਪੁ ਕਮਾਈਐ ॥**
**ਸੁਕ੍ਰਿਤੁ ਕੀਜੈ, ਨਾਮੁ ਲੀਜੈ, ਨਰਕਿ ਮੂਲਿ ਨ ਜਾਈਐ ॥**

(ਆਸਾ,ਮ: ੫ ਪੰਨਾ-੪੬੧)

**— ਰੇ ਨਰ ਕਾਇ ਪਰ ਗ੍ਰਿਹਿ ਜਾਇ ॥**
**ਕੂਚਲ ਕਠੋਰ ਕਾਮਿ ਗਰਧਭ, ਤੁਮ ਨਹੀ ਸੁਨਿਓ ਧਰਮ ਰਾਇ ॥**

(ਮਾਰੂ,ਮ: ੫ ਪੰਨਾ-੧੦੦੧)

**— ਪਲਕ ਦ੍ਰਿਸਟਿ ਦੇਖਿ ਭੂਲੋ, ਆਕ, ਨੀਮ ਕੋ ਤੂੰਮਰੁ ॥**
**ਜੈਸਾ ਸੰਗੁ ਬਿਸੀਅਰ ਸਿਉ ਹੈ ਰੇ, ਤੈਸੋ ਹੀ ਇਹੁ ਪਰਗ੍ਰਿਹੁ ॥**

(ਆਸਾ,ਮ: ੫ ਪੰਨਾ-੪੦੩)

**ਅਰਥ** : ਹੇ ਮਨੁੱਖ ! ਅੱਕ ਤੇ ਨਿੰਮ ਵਰਗੇ ਕੌੜੇ ਤੁੰਮੇ ਨੂੰ (ਜੋ ਵੇਖਣ ਨੂੰ ਸੁਹਣਾ ਹੁੰਦਾ ਹੈ) ਥੋੜ੍ਹੇ ਜਿਤਨੇ ਸਮੇਂ ਲਈ ਵੇਖ ਕੇ ਤੂੰ ਭੁਲ ਜਾਂਦਾ ਹੈਂ। ਹੇ ਅੰਨੇ ! ਪਰਾਈ ਇਸਤ੍ਰੀ ਦਾ ਸੰਗ ਇਉਂ ਹੈ, ਜਿਵੇਂ ਸੱਪ ਨਾਲ ਸਾਥ ਹੈ।

**– ਭਰਮੁ ਚੁਕਾਵਹੁ, ਗੁਰਮੁਖਿ ਲਿਵ ਲਾਵਹੁ, ਆਤਮੁ ਚੀਨਹੁ ਭਾਈ।।**
**ਨਿਕਟਿ ਕਰਿ ਜਾਣਹੁ ਸਦਾ ਪ੍ਰਭੁ ਹਾਜ਼ਰੁ, ਕਿਸੁ ਸਿਉ ਕਰਹੁ ਬੁਰਾਈ।।**

(ਰਾਮਕਲੀ,ਮ: ੫ - ੮੮੩)

**— ਨੈਨ ਅਲੋਵਉ ਸਾਧ ਜਨੋ।। ਹਿਰਦੈ ਗਾਵਹੁ ਨਾਮ ਨਿਧੋ।।੫।।**
**ਕਾਮ ਕ੍ਰੋਧ ਲੋਭੁ ਮੋਹੁ ਤਜੋ।। ਜਨਮ ਮਰਨ ਦੁਹੁ ਰਹਿਓ।।੬।।**

(ਗਉੜੀ,ਮ: ੫ - ੨੪੧)

ਧਰਮ ਦੇ ਰਾਹ ਤੇ ਚਲਣ ਵਾਲੇ ਵੀ ਕਈ ਵਾਰ ਅਜਿਹੇ ਕੰਮ ਕਰਨ ਲਗ ਪੈਂਦੇ ਹਨ, ਜਿਹੜੇ ਕੰਮ ਅਗਿਆਨਤਾ ਵਿਚ ਫਸੇ ਹੋਏ ਲੋਕ ਕਰਦੇ ਹਨ; ਜਿਹੜੇ ਕੰਮ ਸੱਚ ਧਰਮ ਦੀ ਕਸੌਟੀ ਉਤੇ ਵੀ ਗਲਤ ਸਿੱਧ ਹੁੰਦੇ ਹਨ। ਜਿਵੇ; ਅੱਜ ਕਲ ਵੀ ਕਈ ਲੋਕ ਕੁਝ ਦਿਨਾਂ ਨੂੰ ਚੰਗੇ ਤੇ ਕੁਝ ਨੂੰ ਬੁਰਾ ਸਮਝਦੇ ਹਨ। ਜਨਮ - ਪੱਤਰੀਆਂ ਬਣਾਉਂਦੇ ਹਨ ਅਤੇ ਵਿਆਹ ਆਦਿ ਦੇ ਸਮੇਂ ਤੇ ਮਹੂਰਤ ਕਢਵਾਉਂਦੇ ਹਨ। ਪੜ੍ਹੇ ਲਿਖੇ ਲੋਕ ਵੀ ਜੋਤਸ਼ੀਆਂ ਦੇ ਢਹੇ ਚੜ੍ਹੇ ਰਹਿੰਦੇ ਹਨ। ਸਤਿਗੁਰਾਂ ਨੇ ਸਗਨ, ਅਪਸਗਨ ਤੇ ਮਹੂਰਤਾਂ ਆਦਿ ਦੇ ਵੀਚਾਰਾਂ ਨੂੰ ਰੱਦ ਕਰ ਦਿਤਾ ਸੀ ਅਤੇ ਨਿਰਣਾ ਦਿਤਾ ਕਿ ਉਹ ਦਿਨ, ਵਾਰ, ਮਹੀਨਾ ਚੰਗਾ (ਸ਼ੁਭ) ਹੈ ਜਿਸ ਵਿਚ ਪ੍ਰਮਾਤਮਾਂ ਦੀ ਯਾਦ ਮਨ ਵਿਚ ਵਸੀ ਰਹਿੰਦੀ ਹੈ। ਜਦੋਂ ਪਰਮਾਤਮਾ ਵਿਸਰ ਜਾਵੇ, ਉਹ ਸਮਾਂ (ਦਿਨ, ਮਹੀਨਾ, ਵਾਰ) ਬੁਰਾ ਅਥਵਾ ਅਸ਼ੁਭ ਹੈ:-

**— ਸਗੁਨ ਅਪਸਗੁਨ ਤਿਸ ਕਉ ਲਗਹਿ, ਜਿਸੁ ਚੀਤਿ ਨ ਆਵੈ।।**
**ਤਿਸੁ ਜਮੁ ਨੇੜਿ ਨ ਆਵਈ, ਜੋ ਹਰਿ ਪ੍ਰਭਿ ਭਾਵੈ।।**

(ਆਸਾ,ਮ: ੫ - ੪੦੧)

**— ਰਾਮ ਨਾਮੁ ਜੋ ਜਨੁ ਜਪੈ, ਅਨਦਿਨੁ ਸਦ ਜਾਗੈ।।**
**ਤੰਤੁ ਮੰਤੁ ਨਹ ਜੋਹਈ, ਤਿਤੁ ਚਾਖ ਨ ਲਾਗੈ।।**

(ਬਿਲਾਵਲੁ,ਮ: ੫ - ੮੧੭)

**— ਸੋਈ ਸਾਸਤੁ, ਸਉਣ ਸੋਇ, ਜਿਤੁ ਜਪੀਐ ਹਰਿ ਨਾਉ।।**
**ਚਰਨ ਕਮਲ ਗੁਰਿ ਧਨੁ ਦੀਆ, ਮਿਲਿਆ ਨਿਥਾਵੇ ਥਾਉ।।**

(ਸਿਰੀ ਰਾਗੁ,ਮ: ੫ - ੪੮)

**ਅਰਥ**:– ਉਹ (ਗੁਰੂ) ਸ਼ਾਸਤ੍ਰ ਹੈ, ਉਹੀ (ਗੁਰੂ) ਜੋਤਿਸ਼ - ਸ਼ਾਸਤਰ (ਸਉਣ) ਹੈ; ਕਿਉਂਕਿ ਉਸ ਗੁਰੂ ਦੀ ਰਾਹੀਂ ਹੀ ਪਰਮਾਤਮਾ ਦਾ ਨਾਮ ਜਪਿਆ ਜਾ ਸਕਦਾ ਹੈ। ਜਿਸ ਨਿਆਸਰੇ ਬੰਦੇ ਨੂੰ ਭੀ ਗੁਰੂ ਨੇ ਪਰਮਾਤਮਾਂ ਦੇ ਸੁਹਣੇ ਚਰਨਾਂ ਦੀ ਪ੍ਰੀਤ ਦਾ ਧਨ ਦਿਤਾ ਹੈ, ਉਸਨੂੰ ਲੋਕ - ਪਰਲੋਕ ਵਿਚ ਆਦਰ ਮਿਲਦਾ ਹੈ।

**— ਪ੍ਰਭੂ ਹਮਾਰੇ ਸਾਸਤ੍ਰ ਸਉਣ।।**
**ਸੂਖ ਸਹਜ ਆਨੰਦ ਗ੍ਰਿਹ ਭਉਣ।।** (ਭੈਰਉ,ਮ: ੫ - ੧੧੩੭)

ਅਰਥ:- ਹੇ ਭਾਈ! ਪ੍ਰਭੂ ਦਾ ਨਾਮ ਹੀ ਸਾਡੇ ਵਾਸਤੇ ਚੰਗਾ ਮਹੂਰਤ ਦੱਸਣ ਵਾਲਾ ਸ਼ਾਸਤ੍ਰ (ਸਾਸਤ੍ਰ ਸਉਣ) ਹੈ। ਜਿਸਦੇ ਹਿਰਦੇ ਵਿਚ ਪ੍ਰਭੂ ਦਾ ਨਾਮ ਵਸਦਾ ਹੈ, ਉਸ ਹਿਰਦੇ - ਘਰ ਵਿਚ ਸਦਾ ਆਤਮਕ ਅਡੋਲਤਾ ਦੇ ਸੁਖ ਹਨ, ਆਨੰਦ ਹਨ।

— ਨਾਨਕ, ਸੋਈ ਦਿਨਸੁ ਸੁਹਾਵੜਾ, ਜਿਤੁ ਪ੍ਰਭੁ ਆਵੈ ਚਿਤਿ ।।
ਜਿਤੁ ਦਿਨਿ ਵਿਸਰੈ ਪਾਰਬ੍ਰਹਮੁ, ਫਿਟੁ ਭਲੇਰੀ ਰੁਤਿ ।।
(ਗਉੜੀ ਕੀ ਵਾਰ, ਸਲੋਕ, ਮ: ੫ - ੩੧੮)

[ਭਲੇਰੀ = ਭਲੀ ਤੋਂ ਉਲਟ, ਮੰਦੀ । ਫਿਟ = ਫਿਟਕਾਰ - ਯੋਗ।]

## ੧੫. ਭਗਤ ਜਨਾਂ ਦੀ ਰਹਿਤ:

ਸ੍ਰੀ ਗੁਰੂ ਅਰਜੁਨ ਦੇਵ ਜੀ ਦੀ ਬਾਣੀ ਵਿਚ ਗੁਰਮੁਖਾਂ (ਸੰਤਾਂ, ਸਾਧਾਂ, ਭਗਤਾਂ, ਬ੍ਰਹਮ ਗਿਆਨੀਆਂ) ਦੀ ਬਹੁਤ ਵਿਸਥਾਰ ਵਿਚ ਵਡਿਆਈ ਕੀਤੀ ਗਈ ਹੈ; ਗੁਣ - ਗਾਇਨ ਕੀਤਾ ਗਿਆ ਹੈ। ਇਸ ਦੇ ਨਾਲ ਹੀ ਸਾਧਾਂ - ਸੰਤਾਂ (ਗੁਰਮੁਖਾਂ) ਦੀ ਰਹਿਤ ਦਾ ਵੀ ਵਿਸਥਾਰ ਵਿਚ ਜ਼ਿਕਰ ਕੀਤਾ ਗਿਆ ਹੈ; ਤਾਂ ਕਿ ਸੱਚੇ ਭਗਤ - ਜਨਾਂ ਦੀ ਪਛਾਣ ਵੀ ਹੋ ਸਕੇ ਤੇ ਨਕਲੀ ਸਾਧ - ਸੰਤ (ਭੇਖਧਾਰੀ ਸੰਤ) ਗੁਰਬਾਣੀ - ਪ੍ਰੇਮੀਆਂ ਨੂੰ ਸੰਤਾਂ ਦੀ ਵਡਿਆਈ ਵਿਚ ਲਿਖੇ ਸ਼ਬਦਾਂ ਨੂੰ ਸੁਣਾ ਸੁਣਾ ਕੇ ਆਪਣੇ ਮਗਰ ਨਾ ਲਾ ਲੈਣ। ਸੰਤਾਂ ਦੀ ਰਹਿਤ ਬਾਰੇ ਆਪ ਦੱਸਦੇ ਹਨ:

— ਜਿਨਾ ਸਾਸਿ ਗਿਰਾਸਿ ਨ ਵਿਸਰੈ, ਹਰਿ ਨਾਮਾ ਮਨਿ ਮੰਤੁ।
ਧੰਨੁ ਸਿ ਸੇਈ ਨਾਨਕਾ, ਪੂਰਨੁ ਸੋਈ ਸੰਤੁ ।।
(ਗਉੜੀ ਕੀ ਵਾਰ, ਸਲੋਕ, ਮ: ੫ - ੩੧੯)

— ਸ੍ਰਵਣੀ ਕੀਰਤਨੁ, ਸਿਮਰਨੁ ਸੁਆਮੀ, ਇਹੁ ਸਾਧ ਕੋ ਆਚਾਰੁ ।।
(ਸਾਰੰਗ, ਮ: ੫ - ੧੨੨੨)

— ਹਉ ਬਲਿਹਾਰੀ ਸੰਤਨ ਤੇਰੇ, ਜਿਨਿ ਕਾਮੁ ਕ੍ਰੋਧੁ ਲੋਭੁ ਪੀਠਾ ਜੀਉ ।।
(ਮਾਝ, ਮ: ੫ - ੧੦੮)

ਅਰਥ:- ਤੇਰੇ ਜਿਨ੍ਹਾਂ ਸੰਤਾਂ ਨੇ ਆਪਣੇ ਅੰਦਰੋਂ ਕਾਮ, ਕ੍ਰੋਧ, ਲੋਭ ਨੂੰ ਪੀਹ ਦਿਤਾ (ਨਾਸ ਕਰ ਦਿਤਾ) ਹੈ, ਮੈਂ ਉਨ੍ਹਾਂ ਤੋਂ ਕੁਰਬਾਨ ਜਾਂਦਾ ਹਾਂ।

— ਆਠ ਪਹਰ ਨਿਕਟਿ ਕਰਿ ਜਾਨੈ ।। ਪ੍ਰਭ ਕਾ ਕੀਆ ਮੀਠਾ ਮਾਨੈ ।।
ਏਕੁ ਨਾਮੁ ਸੰਤਨ ਆਧਾਰੁ । ਹੋਇ ਰਹੇ ਸਭ ਕੀ ਪਗ ਛਾਰੁ ।।੧।।
ਸੰਤ ਰਹਤ ਸੁਨਹੁ ਮੇਰੇ ਭਾਈ ।।
ਉਆ ਕੀ ਮਹਿਮਾ ਕਥਨੁ ਨ ਜਾਈ ।।੧।। ਰਹਾਉ ।।
ਵਰਤਣਿ ਜਾਕੈ ਕੇਵਲ ਨਾਮ ।। ਅਨਦ ਰੂਪ ਕੀਰਤਨੁ ਬਿਸ੍ਰਾਮ ।।
ਮਿਤ੍ਰ ਸਤ੍ਰ ਜਾ ਕੈ ਏਕ ਸਮਾਨੈ ।।
ਪ੍ਰਭ ਅਪਨੇ ਬਿਨੁ ਅਵਰੁ ਨ ਜਾਨੈ ।। ੨ ।।
ਕੋਟਿ ਕੋਟਿ ਅਘ ਕਾਟਨੁਹਾਰਾ ।।

ਦੁਖ ਦੂਰਿ ਕਰਨ ਜੀਅ ਕੇ ਦਾਤਾਰਾ।।
ਸੂਰਬੀਰ ਬਚਨ ਕੇ ਬਲੀ।।
ਕਉਲਾ ਬਪੁਰੀ ਸੰਤੀ ਛਲੀ।੩।। (ਆਸਾ,ਮ: ੫ - ੩੯੨)

— ਜਾਕੈ ਮਨਿ ਗੁਰ ਕੀ ਪਰਤੀਤ।।
ਤਿਸੁ ਜਨ ਆਵੈ ਹਰਿ ਪ੍ਰਭੁ ਚੀਤਿ।।
ਭਗਤੁ ਭਗਤੁ ਸੁਨੀਐ ਤਿਹੁ ਲੋਇ।। ਜਾ ਕੈ ਹਿਰਦੈ ਏਕੋ ਹੋਇ।।
ਸਚੁ ਕਰਣੀ, ਸਚੁ ਤਾ ਕੀ ਰਹਤ।। ਸਚੁ ਹਿਰਦੈ, ਸਤਿ ਮੁਖਿ ਕਹਤ।।
ਸਾਚੀ ਦ੍ਰਿਸਟਿ, ਸਾਚਾ ਆਕਾਰੁ।। ਸਚੁ ਵਰਤੈ, ਸਾਚਾ ਪਾਸਾਰੁ।।
ਪਾਰਬ੍ਰਹਮੁ ਜਿਨਿ ਸਚੁ ਕਰਿ ਜਾਤਾ।। ਨਾਨਕ, ਸੋ ਜਨੁ ਸਚਿ ਸਮਾਤਾ।।
(ਗਉੜੀ, ਸੁਖਮਨੀ,ਮ: ੫ - ੨੮੩)

— ਬ੍ਰਹਮ ਗਿਆਨੀ ਨਿਰਮਲ ਤੇ ਨਿਰਮਲਾ।।
ਜੈਸੇ ਮੈਲੁ ਨ ਲਾਗੈ ਜਲਾ।।
ਬ੍ਰਹਮ ਗਿਆਨੀ ਕੈ ਮਨਿ ਹੋਇ ਪ੍ਰਗਾਸੁ।। ਜੈਸੇ ਧਰ ਊਪਰਿ ਆਕਾਸੁ।।
ਬ੍ਰਹਮ ਗਿਆਨੀ ਕੈ ਮਿਤ੍ਰ ਸਤ੍ਰ ਸਮਾਨਿ।।
ਬ੍ਰਹਮ ਗਿਆਨੀ ਕੈ ਨਾਹੀ ਅਭਿਮਾਨ।।
ਬ੍ਰਹਮ ਗਿਆਨੀ ਊਚ ਤੇ ਊਚਾ।। ਮਨਿ ਅਪਨੈ ਹੈ ਸਭ ਤੇ ਨੀਚਾ।।
ਬ੍ਰਹਮ ਗਿਆਨੀ ਸੇ ਜਨ ਭਏ।। ਨਾਨਕ ਜਿਨ ਪ੍ਰਭੁ ਆਪਿ ਕਰੇਇ।੨।।
ਬ੍ਰਹਮ ਗਿਆਨੀ ਸਗਲ ਕੀ ਰੀਨਾ।।
ਆਤਮ ਰਸੁ ਬ੍ਰਹਮ ਗਿਆਨੀ ਚੀਨਾ।।
ਬ੍ਰਹਮ ਗਿਆਨੀ ਕੀ ਸਭ ਊਪਰਿ ਮਇਆ।।
ਬ੍ਰਹਮ ਗਿਆਨੀ ਤੇ ਕਛੁ ਬੁਰਾ ਨ ਭਇਆ।।
ਬ੍ਰਹਮ ਗਿਆਨੀ ਸਦਾ ਸਮਦਰਸੀ।।
ਬ੍ਰਹਮ ਗਿਆਨੀ ਕੀ ਦ੍ਰਿਸਟਿ ਅੰਮ੍ਰਿਤੁ ਬਰਸੀ।।
ਬ੍ਰਹਮ ਗਿਆਨੀ ਬੰਧਨ ਤੇ ਮੁਕਤਾ।।
ਬ੍ਰਹਮ ਗਿਆਨੀ ਕੀ ਨਿਰਮਲ ਜੁਗਤਾ।।
ਬ੍ਰਹਮ ਗਿਆਨੀ ਕਾ ਭੋਜਨੁ ਗਿਆਨ।।
ਨਾਨਕ ਬ੍ਰਹਮ ਗਿਆਨੀ ਕਾ ਬ੍ਰਹਮ ਧਿਆਨੁ।੩।।
(ਗਉੜੀ,ਸੁਖਮਨੀ,ਮ: ੫ - ੨੭੨)

# ਗੁਰੂ ਅਰਜਨ ਵਿਟਹੁ ਕੁਰਬਾਣੀ

## (ਸਮੁੱਚੇ ਜੀਵਨ ਤੇ ਇੱਕ ਝਾਤ)

ਗੁਰੂ ਅਰਜੁਨ ਦੇਵ ਜੀ ਦਾ ਗੁਰਿਆਈ ਕਾਲ (ਸੰਨ ੧੫੮੧ - ੧੬੦੬) ਲਗਭਗ ੨੫ ਕੁ ਵਰਿਆਂ ਦਾ ਹੈ। ਏਸ ਸਮੇਂ ਵਿਚ ਐਸੇ ਮਹਾਨ ਕੰਮ ਹੋਏ, ਕਿ ਗੁਰੂ ਨਾਨਕ ਪਾਤਸ਼ਾਹ ਦੇ ਸਿੱਖ ਇੱਕ ਮਜਬੂਤ ਕੌਮ ਦੇ ਰੂਪ ਵਿਚ ਬਦਲ ਗਏ। ਗਿਣਤੀ ਦੇ ਪੱਖੋਂ ਵੀ ਸਿੱਖਾਂ ਵਿਚ ਬਹੁਤ ਵਾਧਾ ਹੋਇਆ। ਮੋਹਸਿਨ ਫਾਨੀ ਦੇ ਕਹੇ ਅਨੁਸਾਰ ਹਿਦੁੰਸਤਾਨ ਦਾ ਕੋਈ ਅਜਿਹਾ ਵੱਡਾ ਸ਼ਹਿਰ ਨਹੀਂ ਸੀ ਜਿਥੇ ਸਿੱਖ ਨਾ ਵਸਦੇ ਹੋਣ। ਗੁਰੂ ਜੀ ਨੇ ਅੰਮ੍ਰਿਤਸਰ ਸ਼ਹਿਰ ਦਾ ਇਸ ਤਰ੍ਹਾਂ ਵਿਕਾਸ ਕੀਤਾ ਕਿ ਉਹ ਮਗਰੋਂ ਸਿੱਖਾਂ ਦੀ ਧਾਰਮਿਕ ਰਾਜਧਾਨੀ ਬਣ ਗਿਆ। ਇਸਦੇ ਨਾਲ ਕੇਂਦਰੀ ਧਰਮ - ਮੰਦਰ 'ਸ੍ਰੀ ਹਰਮੰਦਰ ਸਾਹਿਬ' ਦੀ ਰਚਨਾ ਕਰਕੇ ਆਪ ਜੀ ਨੇ ਸਿੱਖਾਂ ਅੰਦਰ ਵੱਖਰੀ ਕੌਮੀਅਤ ਦੀ ਭਾਵਨਾ ਨੂੰ ਜਗਾਇਆ। 'ਸ੍ਰੀ ਗੁਰੂ ਗ੍ਰੰਥ ਸਾਹਿਬ' ਦੀ ਸੰਪਾਦਨਾ ਕਰਕੇ ਅਤੇ ਉਸਦਾ ਹਰਿਮੰਦਰ ਸਾਹਿਬ ਵਿਚ ਪ੍ਰਕਾਸ਼ ਕਰਕੇ ਸਿੱਖਾਂ ਅੰਦਰ ਵਿਚਾਰਧਾਰਕ ਏਕਤਾ ਅਤੇ ਕੌਮੀਅਤ ਦੀ ਭਾਵਨਾ ਨੂੰ ਬਲਵਾਨ ਕੀਤਾ। ਸਿੱਖਾਂ ਨੂੰ ਅਨਮਤੀ ਪ੍ਰਭਾਵਾਂ ਤੋਂ ਬਚਾਉਣ ਲਈ, ਸਿੱਖੀ ਦੇ ਪਰਚਾਰ ਲਈ ਅਤੇ ਸਿੱਖਾਂ ਦੀ ਆਰਥਕ ਦਸ਼ਾ ਸੁਧਾਰਨ ਲਈ ਆਪ ਜੀ ਨੇ ਤਰਨ ਤਾਰਨ ਅਤੇ ਕਰਤਾਰਪੁਰ (ਜਲੰਧਰ) ਵਰਗੇ ਆਦਰਸ਼ਕ ਸਿੱਖ - ਨਗਰ ਵਸਾਏ। ਸਿੱਖ - ਸਮਾਜ ਦੀ ਆਰਥਕਤਾ ਨੂੰ ਮਜ਼ਬੂਤ ਕਰਨ ਲਈ ਮਸੰਦ - ਸੰਗਠਨ ਨੂੰ ਸੁਧਾਰਿਆ ਤੇ ਮਜ਼ਬੂਤ ਕੀਤਾ, ਸਿੱਖਾਂ ਅੰਦਰ ਵਪਾਰ ਕਰਨ ਦੀ ਰੁਚੀ ਪੈਦਾ ਕੀਤੀ, ਸਿੱਖ - ਪ੍ਰਭਾਵੀ ਨਗਰਾਂ (ਸ੍ਰੀ ਅੰਮ੍ਰਿਤਸਰ, ਤਰਨ ਤਾਰਨ ਅਤੇ ਕਰਤਾਰਪੁਰ) ਵਿਚ ਦਸਤਕਾਰਾਂ ਨੂੰ ਉਤਸ਼ਾਹਿਤ ਕੀਤਾ - ਛੋਟੇ ਛੋਟੇ ਉਦਯੋਗ ਚਾਲੂ ਕੀਤੇ। ਲੋਕਾਂ ਦੇ ਦੁਖ ਦੂਰ ਕਰਨ ਲਈ ਖੂਹ ਤੇ ਹਰਟ ਆਦਿ ਲਗਵਾਏ ਤੇ ਕਾਲ ਪੀੜਤਾਂ ਦੀ ਧਨ, ਦਵਾਈਆਂ, ਕੱਪੜਿਆਂ, ਭੋਜਨ, ਅਤੇ ਰੋਜ਼ਗਾਰ ਮੁਹਈਆ ਕਰਕੇ ਸਹਾਇਤਾ ਕੀਤੀ। ਆਪਜੀ ਦੇ ਇਨ੍ਹਾਂ ਤੇ ਹੋਰ ਅਨੇਕਾਂ ਯਤਨਾਂ ਸਦਕਾ ਸਿੱਖ - ਧਰਮ ਹਰਮਨ ਪਿਆਰਾ ਹੋ ਗਿਆ ਤੇ ਅਨੱਮਤੀਆਂ ਨੇ ਭਾਰੀ ਗਿਣਤੀ ਵਿਚ ਚਰਨ - ਪਾਹੁਲ ਲੈ ਕੇ ਸਿੱਖੀ ਵਿਚ ਪ੍ਰਵੇਸ਼ ਕੀਤਾ।

ਸਿੱਖ - ਲਹਿਰ ਦਾ ਮਜ਼ਬੂਤ ਹੋਣਾ, ਫੈਲਣਾ ਤੇ ਸਿੱਖਾਂ ਦਾ ਇਕ ਵੱਖਰੇ ਸਮਾਜ (ਜਾਂ ਕੌਮ) ਵਿਚ ਬਦਲਣਾ, ਇਸ ਗਲ ਦਾ ਸੰਕੇਤ ਦਿੰਦਾ ਸੀ ਕਿ ਇਹ ਲਹਿਰ ਇਕ ਰਾਜਨੀਤਕ ਸ਼ਕਤੀ ਦੇ ਰੂਪ ਵਿਚ ਵੀ ਉਭਰੇਗੀ। ਇਸੇ ਲਈ ਰਾਜ - ਮੱਦ ਵਿਚ ਹੰਕਾਰੇ ਹੋਏ ਬੰਦਿਆਂ/ ਸੰਸਥਾਵਾਂ ਨੇ ਇਸ ਲਹਿਰ ਦੇ ਵਿਰੁਧ ਜਹਾਦ ਖੜਾ ਕਰ ਦਿਤਾ। ਇਸਨੂੰ ਭੰਡਣ ਲਈ ਇਸਨੂੰ 'ਝੂਠ ਦੀ ਦੁਕਾਨ' ਆਖਿਆ ਗਿਆ ਤੇ ਅੰਤ ਗੁਰੂ ਅਰਜੁਨ ਦੇਵ ਜੀ ਨੂੰ , ਖੁਸਰੋ ਦੀ ਸਹਾਇਤਾ' ਦੀ ਝੂਠੀ ਕਹਾਣੀ ਘੜ ਕੇ, ਸ਼ਹੀਦ ਕਰ ਦਿਤਾ ਗਿਆ। ਇਸ ਸ਼ਹੀਦੀ ਨੇ ਸਗੋਂ ਸਿੱਖ ਲਹਿਰ ਨੂੰ ਅਪਾਰ ਬਲ ਬਖਸ਼ਿਆ।

ਸਿੱਖ ਲਹਿਰ ਦੁਆਰਾ ਕੀਤੀ ਗਈ ਅਸਾਧਾਰਣ ਉਨਤੀ ਦਾ ਕਾਰਨ ਸ੍ਰੀ ਗੁਰੂ ਅਰਜੁਨ ਦੇਵ ਜੀ ਦੀ ਮਹਾਨ ਸ਼ਖਸੀਅਤ ਸੀ। ਆਪ ਜੀ ਦੇ ਸਮੁਚੇ ਜੀਵਨ ਤੇ ਝਾਤ ਮਾਰੀਏ ਤਾਂ ਆਪ ਜੀ ਦੀ ਸ਼ਖਸੀਅਤ ਦੇ ਹੇਠ ਲਿਖੇ ਪੱਖ ਉਘੜ ਕੇ ਸਾਹਮਣੇ ਆਉਂਦੇ ਹਨ:-

### ੳ) ਸੁਭਾਅ:

ਗੁਰੂ ਅਰਜੁਨ ਦੇਵ ਜੀ ਸ਼ਾਂਤ, ਤੇ ਠੰਢੇ ਸੁਭਾ ਦੇ ਮਾਲਕ ਸਨ। ਆਪਦੇ ਮਨ ਵਿਚ ਸੰਤੋਖ ਸੀ, ਹਿਰਦੇ ਵਿਚ ਨਾਮ ਤੇ ਆਪ ਸਹਿਜ (ਆਤਮਕ ਅਡੋਲਤਾ) ਵਿਚ ਵਿਚਰਨ ਵਾਲੇ ਸਨ। ਸਹਿਨਸ਼ੀਲਤਾ, ਨਿਮ੍ਰਤਾ, ਹਲੀਮੀ, ਤਿਆਗ, ਖਿਮਾਂ, ਨਿਰਭੈਤਾ ਤੇ ਨਿਰਵੈਰਤਾ ਆਪਦੇ ਸੁਭਾਅ ਦੇ ਵਿਸ਼ੇਸ਼ ਗੁਣ ਸਨ।

### ਅ) ਪ੍ਰਭੂ ਨਾਲ ਡੂੰਘੀ ਸਾਂਝ ਅਤੇ ਪ੍ਰਭੂ ਤੇ ਅਥਾਹ ਭਰੋਸਾ:

ਗੁਰੂ ਅਮਰਦਾਸ ਜੀ ਅਤੇ ਗੁਰੂ ਰਾਮਦਾਸ ਜੀ ਦੀ ਦੇਖ - ਰੇਖ ਵਿਚ ਪਲਣ ਕਰਕੇ ਆਪ ਬਚਪਨ ਤੋਂ ਹੀ ਅਧਿਆਤਮਕ ਗੁਣਾਂ ਨਾਲ ਭਰਪੂਰ ਹੋ ਗਏ ਸਨ ਤੇ ਪ੍ਰਭੂ-ਪ੍ਰੀਤ ਦਾ ਰਸ ਮਾਨਣ ਲਗ ਪਏ ਸਨ। ਏਸੇ ਲਈ ਭਟੱ ਕਲਸਹਾਰ ਨੇ ਆਪਜੀ ਨੂੰ "ਤੈ ਜਨਮਤ ਗੁਰਮਤਿ ਬ੍ਰਹਮੁ ਪਛਾਣਿਓ" ਆਖਿਆ ਸੀ। ਭਟਾਂ ਨੇ ਆਪਨੂੰ 'ਭਗਤ ਜੋਗ ਕੋ ਜੈਤਵਾਰ' (ਜੇਤੂ), ਪਰਤਖ ਹਰਿ, ਪ੍ਰਮਾਣ ਪੁਰਖ' ਆਖ ਕੇ ਵਡਿਆਇਆ ਹੈ। ਭਾਈ ਗੁਰਦਾਸ ਜੀ ਦੇ ਕਥਨ ਅਨੁਸਾਰ ਗੁਰੂ ਅਰਜੁਨ ਦੇਵ ਜੀ ਨੇ ਗੁਰਬਾਣੀ ਦਾ ਭੰਡਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਭਰ ਦਿਤਾ ਹੈ ਤੇ ਆਪ ਅਠੇ ਪਹਿਰ ਕਥਾ ਕੀਰਤਨ ਦੇ ਰੰਗ ਵਿਚ ਰੰਗੇ ਰਹਿੰਦੇ ਹਨ। ਇਕ ਰਸ ਅਨਹਦ ਧੁਨੀ ਝਰਦੀ ਹੈ। ਪੂਰਨ ਪ੍ਰੇਮ, ਅੰਮ੍ਰਿਤ ਰਸ ਵਿਚ ਆਪ ਮਸਤ ਰਹਿੰਦੇ ਹਨ। ਗੁਰੂ ਜੀ ਦੀ ਸਭਾ ਵਿਚ ਬਾਣੀ ਰੂਪੀ ਰਤਨ ਦਾ ਵਣਜ ਹੁੰਦਾ ਹੈ। ਉਨ੍ਹਾਂ ਦੇ ਨੀਸ਼ਾਣ ਅਤੇ ਦੀਵਾਨ ਸ ਚੇ ਹਨ। ਮਾਣ ਤਾਣ ਅਤੇ ਮਹੱਤਾ ਸਭ ਸੱਚ ਹਨ। ਉਨ੍ਹਾਂ ਦਾ ਆਤਮਕ ਰਾਜ ਅਬਚਲ ਅਤੇ ਸ੍ਰੇਸ਼ਟ ਹੈ:-

— ਗੁਰਬਾਣੀ ਭੰਡਾਰੁ ਭਰਿ, ਕੀਰਤਨੁ ਕਥਾ ਰਹੈ ਰੰਗ ਰਤਾ।।<br>
ਧੁਨਿ ਅਨਾਹਦ ਨਿਝਰੁ ਝਰੈ, ਪੂਰਨ ਪ੍ਰੇਮ ਅਮਿਓ ਰਸ ਮਤਾ।।<br>
ਸਾਧ ਸੰਗਤੁ ਹੈ ਗੁਰੂੰ ਸਭਾ; ਰਤਨ ਪਦਾਰਥ ਵਣਜੁ ਸਹਤਾ।।<br>
ਸਚੁ ਨੀਸਾਣੁ ਦੀਬਾਣੁ ਸਚੁ; ਸਚੁ ਤਾਣੁ, ਸਚੁ ਮਾਣ ਮਹਤਾ ।<br>
ਅਬਚਲੁ ਰਾਜੁ ਹੋਆ ਸਣਖਤਾ।। ੧੯।। (ਵਾਰ ੨੪)

ਗੁਰੂ ਜੀ ਨੂੰ ਅਕਾਲ ਪੁਰਖ ਦੀ ਹੋਂਦ ਉਤੇ ਅਥਾਹ ਭਰੋਸਾ ਸੀ। ਜੀਵਨ ਵਿਚ ਪੈਰ ਪੈਰ ਤੇ ਔਕੜਾਂ ਆਉਣ ਦੇ ਬਾਵਜੂਦ ਵੀ ਆਪ ਜੀ ਨੇ ਜਿਹੜੇ ਅਸੰਭਵ ਦਿਸਣ ਵਾਲੇ ਕੰਮ ਸਿਰੇ ਚਾੜ੍ਹ ਵਿਖਾਏ, ਉਹ ਇਸ ਅਥਾਹ ਭਰੋਸੇ ਦਾ ਹੀ ਫਲ ਸਨ। ਪ੍ਰਿਥੀ ਚੰਦ ਦਾ ਭੇਜਿਆ ਸੁਲਹੀਖਾਨ ਫੌਜ ਲੈ ਕੇ ਆਇਆ। ਸੰਗਤਾਂ ਵਿਚੋਂ ਕਈਆਂ ਨੇ ਆਪਨੂੰ ਚਿਠੀ ਲਿਖ ਕੇ ਭੇਜਣ, ਗੱਲਬਾਤ ਲਈ ਕੁਝ ਸਮਝਦਾਰ ਬੰਦੇ ਘੱਲਣ ਜਾਂ ਕੋਈ ਹੋਰ ਉਪਾ ਕਰਨ ਦੀ ਸਲਾਹ ਦਿਤੀ ਤਾਂ ਕਿ ਸੁਲਹੀ ਖਾਂ ਦੀ ਕਰੋਪੀ ਤੋਂ ਬਚਿਆ ਜਾ ਸਕੇ, ਪਰ ਆਪਨੇ ਸਭ ਆਸਰਿਆਂ/ਯਤਨਾਂ ਦਾ ਖਿਆਲ ਛੱਡ ਕੇ ਕੇਵਲ ਇਕ ਪ੍ਰਭੂ ਨੂੰ ਹੀ ਯਾਦ ਕੀਤਾ ਤੇ ਪ੍ਰਭੂ ਨੇ ਸੁਲਹੀ ਖਾਂ ਨੂੰ ਬੁਰੀ ਮੌਤੇ ਮਾਰਿਆ।

ਆਪ ਤਾਂ ਹਮੇਸ਼ਾ ਹੀ ਇਹੀ ਆਖਦੇ ਸਨ:<br>
ਤਾਤੀ ਵਾਉ ਨ ਲਗਈ, ਪਾਰਬ੍ਰਹਮ ਸਰਣਾਈ।।

ਚਉਗਿਰਦ ਹਮਾਰੈ ਰਾਮਕਾਰ, ਦੁਖੁ ਲਗੈ ਨ ਭਾਈ॥

(ਬਿਲਾਵਲ ਮ: ੫ - ੮੧੯)

ਸਿਰੀ ਰਾਗ ਵਿਚ ਉਚਾਰੇ ਸਬਦ 'ਜਾ ਕਉ ਮੁਸਕਲੁ ਅਤਿ ਬਣੈ, ਢੋਈ ਕੋਇ ਨ ਦੇਇ' ਵਿਚ ਆਪ ਜੀ ਨੇ ਸਮਝਾਇਆ ਹੈ ਕਿ ਭਿਆਨਕ ਮੁਸ਼ਕਲਾਂ, ਮੁਸੀਬਤਾਂ, ਚਿੰਤਾਵਾਂ, ਗਰੀਬੀ ਦੀ ਹਾਲਤ, ਰੋਗਾਂ, ਮਨ ਦੀ ਭਟਕਣ, ਵਿਕਾਰਾਂ ਦੀ ਮਾਰ, ਕਈ ਤਰ੍ਹਾਂ ਦੇ ਸਮਾਜਕ ਡਰਾਂ, ਗ੍ਰਿਹਸਥ ਅਤੇ ਪਰਿਵਾਰ ਦੇ ਜੰਜਾਲ, ਤੋਂ ਪ੍ਰਭੂ ਦੀ ਸ਼ਰਨ ਵਿਚ ਜਾ ਕੇ ਸਹਿਜੇ ਹੀ ਬਚਿਆ ਜਾ ਸਕਦਾ ਹੈ। ਪ੍ਰਭੂ ਦਾ ਨਾਮ ਮਨ ਵਿਚ ਵਸਾਉਣ ਨਾਲ ਆਰਥਕ, ਸਰੀਰਕ ਅਤੇ ਆਤਮਕ ਸੰਤਾਪ ਮਿਟ ਜਾਂਦੇ ਹਨ।

### ੲ) ਕੀਰਤਨੀਏ ਤੇ ਕੀਰਤਨ ਰਸੀਏ:-

ਗੁਰਮਤਿ ਵਿੱਚ ਕੀਰਤਨ ਨੂੰ ਪ੍ਰਭੂ ਭਗਤੀ ਦਾ ਸਭ ਤੋਂ ਉੱਤਮ ਵਸੀਲਾ ਮੰਨਿਆ ਗਿਆ ਹੈ । ਇਸੇ ਲਈ ਗੁਰੂ ਅਰਜੁਨ ਦੇਵ ਜੀ ਨੇ ਸ੍ਰੀ ਹਰਿਮੰਦਰ ਸਾਹਿਬ ਵਿੱਚ ਅਠੋ ਪਹਿਰ ਕੀਰਤਨ ਦੀ ਮਰਯਾਦਾ ਤੋਰੀ ਸੀ । ਜਦ ਭਾਈ ਬਲਵੰਡ ਤੇ ਸਤਾ ਕੀਰਤਨ ਕਰਨੋਂ ਹਟ ਗਏ ਤਾਂ ਗੁਰੂ ਪਾਤਸ਼ਾਹ ਉਨ੍ਹਾਂ ਨੂੰ ਮਨਾਉਣ ਆਪ ਉਨ੍ਹਾਂ ਦੇ ਘਰ ਗਏ । ਜਦ ਉਹ ਨਾ ਮੰਨੇ, ਤਾਂ ਸਤਿਗੁਰਾਂ ਨੇ ਆਪ ਕੀਰਤਨ ਕਰਨਾ ਸ਼ੁਰੂ ਕਰ ਦਿਤਾ। ਸਿੱਖ ਵੀ ਆਪ ਦੇ ਨਾਲ ਕੀਰਤਨ ਕਰਨ ਲੱਗੇ । ਆਪ ਸਿਰੰਦਾ ਤਾਂ ਪਹਿਲਾਂ ਹੀ ਬਹੁਤ ਚੰਗਾ ਵਜਾਉਂਦੇ ਸਨ ।

### (ਸ) ਭਾਣਾ ਮੰਨਣ ਵਾਲੇ :

ਪਰਮਾਤਮਾ ਨਾਲ ਜੁੜਿਆਂ ਭਾਣਾ-ਮੰਨਣ ਦੀ, ਪ੍ਰਭੂ ਦੀ ਰਜ਼ਾ ਵਿਚ ਰਹਿਣ ਦੀ ਸ਼ਕਤੀ ਮਿਲਦੀ ਹੈ । ਭਾਣਾ ਮੰਨਣਾ ਕੋਈ ਕਮਜ਼ੋਰੀ ਨਹੀਂ ਸਗੋਂ ਇਹ ਤਾਂ ਪ੍ਰਭੂ ਮਿਲਾਪ, ਨਿਮਰਤਾ, ਨਿਰਵੈਰਤਾ, ਨਿਰਭੈਤਾ ਅਤੇ ਅਡੋਲ ਭਰੋਸੇ ਤੋਂ ਪੈਦਾ ਹੋਇਆ ਆਤਮਕ ਬਲ ਹੈ । ਭਾਣਾ ਮੰਨਣ ਵਾਲੇ ਦਾ ਨਜ਼ਰੀਆ ਹੀ ਬਦਲ ਜਾਂਦਾ ਹੈ । ਉਸਨੂੰ ਸੰਸਾਰ ਵਿਚ ਕਿਧਰੇ ਵੀ ਦੁਖ, ਬੁਰਾਈ, ਹਾਰ, ਸੋਗ ਨਜ਼ਰ ਨਹੀਂ ਆਉਂਦੇ । ਪ੍ਰਭੂ ਮਾਰਗੀ ਹੋਣ ਕਰਕੇ ਉਹ ਦੁਖਾਂ ਨੂੰ ਸੁਖ, ਬੁਰਾਈ ਨੂੰ ਭਲਾ, ਹਾਰ ਨੂੰ ਜਿਤ ਅਤੇ ਸੋਗ ਨੂੰ ਅਨੰਦ ਕਰਕੇ ਜਾਣਦਾ ਹੈ । ਉਹ ਸਹਿਜ (ਆਤਮਕ ਅਡੋਲਤਾ) ਵਿੱਚ ਵਿਚਰਦਾ ਹੈ । ਗੁਰੂ ਸਾਹਿਬ ਦਾ ਫੁਰਮਾਨ ਹੈ :

'ਦੁਖੁ ਨਾਹੀ, ਸਭੁ ਸੁਖੁ ਹੀ ਹੈ ਰੇ, ਏਕੈ ਏਕੀ ਨੇਤੈ ॥
ਬੁਰਾ ਨਹੀ, ਸਭੁ ਭਲਾ ਹੀ ਹੈ ਰੇ, ਹਾਰ ਨਹੀ ਸਭ ਜੇਤੈ ॥੧॥
ਸੋਗੁ ਨਾਹੀ, ਸਦਾ ਹਰਖੀ ਹੈ ਰੇ, ਛੋਡਿ ਨਾਹੀ ਕਿਛੁ ਲੇਤੈ ॥

(ਕਾਨੜਾ,ਮ: ੫ ਪੰਨਾ-੧੩੦੨)

ਗੁਰੂ ਅਰਜੁਨ ਦੇਵ ਜੀ ਨੇ ਆਪਣੇ ਜੀਵਨ ਵਿੱਚ ਸਹਿਜ ਅਨੰਦ ਦੀ ਅੱਵਸਥਾ ਵਿਚ ਰਹਿ ਕੇ ਪ੍ਰਭੂ-ਆਗਿਆ ਦਾ ਸੱਚੇ ਨਾਮ ਦੀ ਤਰ੍ਹਾਂ ਪਾਲਣ ਕੀਤਾ । ਉਸ ਦੀ ਆਗਿਆ ਵਿਚ ਹੀ ਸੋਗ-ਹਰਖ, ਦੁਖ-ਸੁਖੁ ਨੂੰ ਇਕ ਕਰਕੇ ਜਾਣਿਆ। 'ਜੀਵਤ' ਵੀ ਉਸਦੀ ਸੇਵਾ ਕੀਤੀ ਤੇ 'ਚਲਤ' ਵੀ ਉਸ ਨੂੰ ਚੇਤੇ ਰਖਿਆ । ਇੰਝ ਭਾਣੇ ਵਿਚ ਉਨ੍ਹਾਂ ਦੀ ਪ੍ਰੀਤ ਓੜਕਿ ਨਿਭ ਹੀ ਗਈ । ਜਹਾਂਗੀਰ ਦੇ ਕੈਦਖ਼ਾਨੇ ਵਿੱਚ ਉਨ੍ਹਾਂ ਨੂੰ ਅਸਹਿ ਅਤੇ ਅਕਹਿ ਸਰੀਰਕ

ਕਸ਼ਟ ਦਿਤੇ ਗਏ, ਪਰ ਆਪ ਨੇ ਅਜਰ ਨੂੰ ਜਰਦਿਆਂ ਹੋਇਆਂ, 'ਤੇਰਾ ਕੀਆ ਮੀਠਾ ਲਾਗੈ' ਹੀ ਉਚਾਰਿਆ ।

### (ਹ) ਨਿਮ੍ਰਤਾ ਅਤੇ ਸੇਵਾ ਦੀ ਭਾਵਨਾ :

ਨਿਮ੍ਰਤਾ ਅਤੇ ਸੇਵਾ ਤਾਂ ਗੁਰੂ ਜੀ ਨੂੰ ਵਿਰਸੇ ਵਿੱਚ ਮਿਲੀ ਸੀ । ਆਪਦੇ ਨਾਲ ਗੁਰੂ ਅਮਰਦਾਸ ਜੀ ਅਤੇ ਪਿਤਾ ਗੁਰੂ ਰਾਮਦਾਸ ਜੀ ਇਨ੍ਹਾਂ ਗੁਣਾ ਨਾਲ ਭਰਪੂਰ ਸਨ । ਆਪ ਨੇ ਨਿਮ੍ਰਤਾ ਦੀ ਇਸ ਵਿਰਾਸਤ ਨੂੰ ਅੱਗੇ ਵਧਾਉਂਦਿਆਂ ਹੋਇਆਂ, ਅਨੇਕਾਂ ਮਹਾਨ ਕਾਰਜ ਕਰਦਿਆਂ ਹੋਇਆਂ ਵੀ ਇਹ ਹੀ ਆਖਿਆ :

**ਜਿਸ ਕਾ ਕਾਰਜੁ, ਤਿਨ ਹੀ ਕੀਆ, ਮਾਣਸੁ ਕਿਆ ਵੇਚਾਰਾ ਰਾਮ ।।**

(ਸੂਹੀ ਮ: ੫ ਪੰਨਾ-੭੮੪)

ਪ੍ਰਭੂ ਵਰਗੇ ਹੁੰਦੇ ਹੋਇਆਂ ਵੀ ਆਪ ਨੇ ਆਪਣੇ ਆਪ ਨੂੰ 'ਨੀਚ ਕਰੰਮਾ' ਹੀ ਆਖਿਆ । ਆਪਦੀ ਸੇਵਾ ਭਾਵਨਾ ਨੂੰ ਉਜਾਗਰ ਕਰਦਿਆਂ ਹੋਇਆਂ ਇਕ ਲੇਖਕ ਨੇ ਬਹੁਤ ਹੀ ਸੁੰਦਰ ਆਖਿਆ ਹੈ, " ਆਪ ਅਜਿਹੇ ਗੁਰੂ ਨਹੀਂ ਸਨ ਜਿਹੜੇ ਆਪਣੇ ਸਿੱਖਾਂ ਨੂੰ ਪੈਰੀਂ ਪਵਾ ਕੇ ਖੁਸ਼ ਹੁੰਦੇ, ਸਗੋਂ ਆਪ ਗੁਰਸਿੱਖਾਂ ਨੂੰ ਭਾਲ ਕੇ ਲਿਆਂਦੇ, ਉਨ੍ਹਾਂ ਦੇ ਪੈਰ ਧੋਂਦੇ, ਪੱਖਾ ਝਲਦੇ ਤੇ ਨਿੰਵ ਨਿੰਵ ਪੈਰੀਂ ਲਗਦੇ ਸਨ । ਸੰਤਾਂ ਨੂੰ ਚਉਰ ਝੁਲਾਣ ਲਈ ਕੇਸਾਂ ਦਾ ਪੱਖਾ ਬਣਾਉਣਾ ਅਤੇ ਸਿਰ ਨੀਵਾਂ ਕਰਕੇ ਸੰਤਾਂ (ਗੁਰਮੁਖਾਂ) ਦੀ ਚਰਨ-ਧੂੜ ਮੁਖ ਲਾਉਣਾ ਆਪ ਦੀ ਰੀਝ ਸੀ । ਉਹ ਆਪਣੇ ਆਪ ਨੂੰ 'ਸੰਤ' ਜਾਂ 'ਗੁਰੂ' ਨਹੀਂ, ਸਗੋਂ 'ਦਾਸ' ਜਾਂ 'ਸੇਵਕ' ਆਖਦੇ ਸਨ । ਸੇਵਕ ਦਾ ਕੰਮ ਸੇਵਾ ਕਰਨਾ ਹੈ । ਮਾਨ ਅਪਮਾਨ ਦੇ ਗੇੜ ਵਿਚ ਪੈਣ ਵਾਲਾ ਸੇਵਕ ਨਹੀਂ ਅਖਵਾਉਂਦਾ" । ਆਪ ਦੇ ਕੁਝ ਬਚਨ ਇਸ ਪ੍ਰਕਾਰ ਹਨ :

**— ਮੈ ਬਧੀ ਸਚੁ ਧਰਮਸਾਲ ਹੈ ।। ਗੁਰਸਿਖਾ ਲਹਦਾ ਭਾਲਿ ਕੈ ।।**
**ਪੈਰ ਧੋਵਾ ਪਖਾ ਫੇਰਦਾ, ਤਿਸੁ ਨਿਵਿ ਨਿਵਿ ਲਗਾ ਪਾਇ ਜੀਉ ।।**

(ਸਿਰੀ ਰਾਗੁ,ਮ: ੫ ਪੰਨਾ-੭੩)

**— ਕੇਸਾ ਕਾ ਕਰਿ ਬੀਜਨਾ, ਸੰਤ ਚਉਰੁ ਢੁਲਾਵਉ ।।**
**ਸੀਸ ਨਿਹਾਰਉ ਚਰਣ ਤਲਿ, ਧੂਰਿ ਮੁਖਿ ਲਾਵਉ ।।**

(ਸੂਹੀ,ਮ: ੫ ਪੰਨਾ-੭੪੫)

**— ਨੀਚ ਤੇ ਨੀਚੁ ਅਤਿ ਨੀਚੁ ਹੋਇ ਕਰਿ, ਬਿਨਉ ਬੁਲਾਵਉ ।।**
**ਪਾਵ ਮਲੋਵਾ ਆਪੁ ਤਿਆਗਿ, ਸੰਤ ਸੰਗਿ ਸਮਾਵਉ ।।**

(ਬਿਲਾਵਲੁ,ਮ: ੫ ਪੰਨਾ-੮੧੨)

### (ਕ) ਨਿਰਭਉ ਅਤੇ ਨਿਰਵੈਰ :

ਸਤਿਗੁਰੂ ਸਭ ਦਾ ਭਲਾ ਚਾਹੁਣ ਵਾਲਾ ਹੁੰਦਾ ਹੈ, ਉਹ ਨਾ ਕਿਸੇ ਤੋਂ ਡਰਦਾ ਹੈ ਤੇ ਨਾ ਹੀ ਕਿਸੇ ਪ੍ਰਤਿ ਵੈਰ ਦੀ ਭਾਵਨਾ ਰਖਦਾ ਹੈ ।

ਜਦੋਂ ਸੁਲਹੀ ਖਾਨ ਦੇ ਆਉਣ ਬਾਰੇ ਪਤਾ ਲੱਗਾ ਤਾਂ ਸੰਗਤਾਂ ਵਿੱਚ ਬੇਚੈਨੀ ਜਿਹੀ ਫੈਲ ਗਈ । ਆਪ ਜੀ ਨੂੰ ਕੁਝ ਸੁਝਾਅ ਦਿਤੇ ਗਏ । ਪਰ 'ਨਿਰਭਉ ਸਤਿਗੁਰੂ' ਉਤੇ ਸੁਲਹੀ

ਦੇ ਚੜ੍ਹ ਆਉਣ ਦਾ ਰਤਾ ਭਰ ਵੀ ਅਸਰ ਨਹੀਂ ਸੀ ਹੋਇਆ । ਬੜਾ ਨਿਸਚਿੰਤ ਹੋ ਕੇ ਆਪ ਜੀ ਨੇਂ ਆਖਿਆ ਸੀ– ਮੈ ਸਭੁ ਕਿਛੁ ਛੋਡਿ, ਪ੍ਰਭ ਤੁਹੀ ਧਿਆਇਆ ।

ਇਕ ਵਾਰ ਬੀਰਬਲ ਨੇ ਅੰਮ੍ਰਿਤਸਰ ਦੇ ਖਤਰੀਆਂ ਤੇ ਜੀਅ-ਪ੍ਰਤੀ ਕਰ ਲਾ ਦਿਤਾ, ਪਰ ਉਨ੍ਹਾਂ ਨੇ ਗੁਰੂ ਅਰਜਨ ਸਾਹਿਬ ਦੀ ਅਗਵਾਈ ਵਿਚ ਉਹ ਕਰ ਭਰਨ ਤੋਂ ਨਾਂਹ ਕਰ ਦਿਤੀ* । ਬੀਰਬਲ ਨੇ ਸੈਨਾ ਲਿਆ ਕੇ ਗੁਰੂ ਜੀ ਨੂੰ ਸਜਾ ਦੇਣ ਦੀ ਧਮਕੀ ਦਿਤੀ । ਗੁਰੂ ਜੀ ਨੇ ਇਸ ਧਮਕੀ ਨੂੰ ਅਣਗੌਲਿਆ ਕਰ ਦਿਤਾ । ਜੁਆਬ ਆਦਿ ਦੇਣ ਦੀ ਲੋੜ ਹੀ ਨਾ ਸਮਝੀ । (ਇਹ ਵੱਖਰੀ ਗੱਲ ਹੈ ਕਿ ਬੀਰਬਲ ਨੂੰ ਉਸੇ ਸਮੇਂ ਸਰਹੱਦੀ ਇਲਾਕਿਆਂ ਵਿਚ ਜਾਣਾ ਪੈ ਗਿਆ ਸੀ, ਜਿਥੇ ਉਹ ਜੰਗ ਵਿੱਚ ਮਾਰਿਆ ਗਿਆ।)

ਸਤਿਗੁਰੂ ਨਿਰਵੈਰ ਤਾਂ ਏਨੇ ਸਨ ਕਿ ਉਨ੍ਹਾਂ ਦਾ ਵੱਡਾ ਭਰਾ ਪ੍ਰਿਥੀ ਚੰਦ ਸਾਰੀ ਉਮਰ ਉਹਨਾਂ ਦਾ ਵੈਰੀ ਬਣਿਆ ਰਿਹਾ । ਉਨ੍ਹਾਂ ਦੇ ਬੱਚੇ (ਗੁਰੂ ਹਰਗੋਬਿੰਦ ਸਾਹਿਬ) ਨੂੰ ਮਰਵਾਉਣ ਦੇ ਵਾਰ ਵਾਰ ਯਤਨ ਕੀਤੇ, ਪਰ ਸਤਿਗੁਰੂ ਸਹਿਜ ਵਿਚ ਰਹੇ । ਬਦਲਾ ਤਾਂ ਕੀ ਲੈਣਾ ਸੀ, ਕੋਈ ਕੌੜਾ ਬਚਨ ਵੀ ਨਾ ਬੋਲਿਆ ।

**(ਖ) ਸਹਿਨਸ਼ੀਲਤਾ :**

ਗੁਰੂ ਅਰਜੁਨ ਦੇਵ ਜੀ ਜਦੋਂ ਗੁਰੂ ਬਣੇ ਤਾਂ ਉਹ ਚੜ੍ਹਦੀ ਜੁਆਨੀ ਵਿਚ ਸਨ । ਉਨ੍ਹਾਂ ਦੀ ਉਮਰ ੧੮ ਸਾਲ ਦੀ ਸੀ । ਉਨ੍ਹਾਂ ਨੇ ਗੁਰਿਆਈ ਦੀ ਜ਼ਿੰਮੇਵਾਰੀ ੨੫ ਸਾਲ ਨਿਭਾਈ । ਇਸ ਸਮੇਂ ਵਿੱਚ ਉਨ੍ਹਾਂ ਦੇ ਸਕਿਆਂ ਨੇ ਉਨ੍ਹਾਂ ਨਾਲ ਕਿੰਨੀਆਂ ਹੀ ਵਧੀਕੀਆਂ ਕੀਤੀਆਂ । ਆਪ ਨੇ ਚੜ੍ਹਦੀ ਜਵਾਨੀ ਵਿੱਚ ਹੋਣ ਦੇ ਬਾਵਜੂਦ ਵੀ ਸਹਿਨਸ਼ੀਲਤਾ ਦਾ ਪੱਲਾ ਨਹੀਂ ਛੱਡਿਆ । ਪਹਿਲਾਂ ਤਾਂ ਪ੍ਰਿਥੀ ਚੰਦ ਨੇ ਅੰਮ੍ਰਿਤਸਰ ਸ਼ਹਿਰ ਦੀ ਆਰਥਕ ਨਾਕਾਬੰਦੀ ਕੀਤੀ, ਰਬਾਬੀ ਬਲਵੰਡ ਤੇ ਸੱਤਾ ਨੂੰ ਗੁਰੂ ਜੀ ਦੇ ਵਿਰੁਧ ਉਕਸਾਇਆ, ਸਰਕਾਰੀ ਅਫ਼ਸਰਾਂ ਨਾਲ ਗੰਢ-ਤ੍ਰੁਪ ਕੀਤੀ ਤੇ ਗੁਰੂ ਜੀ ਦੇ ਵਿਰੁਧ ਸ਼ਿਕਾਇਤਾਂ ਕੀਤੀਆਂ, ਸਤਿਗੁਰੂ ਜੀ ਨੇ ਕਦੇ ਗਿਲਾ ਸ਼ਿਕਵਾ ਵੀ ਨਹੀਂ ਕੀਤਾ । ਹਜ਼ਾਰਾਂ-ਲੱਖਾਂ ਸਿੱਖ ਆਪ ਦੇ ਹੁਕਮ ਵਿੱਚ ਸਨ, ਪਰ ਆਪਨੇ ਕਿਸੇ ਨੂੰ ਵੀ ਬਦਲੇ ਦੀ ਕਾਰਵਾਈ ਕਰਨ ਦੀ ਇਜਾਜ਼ਤ ਨਾ ਦਿਤੀ । ਮਗਰੋਂ ਜਾ ਕੇ ਪ੍ਰਿਥੀ ਚੰਦ ਦਾ ਸੁਲਹੀ ਖਾਨ ਨੂੰ ਲਿਆਉਣਾ, ਬਾਲਕ (ਗੁਰੂ) ਹਰਿਗੋਬਿੰਦ ਨੂੰ ਮਾਰਨ ਦੇ ਯਤਨ ਕਰਨਾ ਆਦਿ ਅੱਤ ਭੜਕਾਊ ਕੰਮ ਸਨ । ਆਪ ਨੇ ਸਾਰੇ ਵਾਰ ਬੜੇ ਧੀਰਜ ਨਾਲ ਸਹਿਨ ਕੀਤੇ । ਕਦੇ ਵੀ ਪ੍ਰਿਥੀ ਚੰਦ ਦੇ ਖਿਲਾਫ਼ ਕੋਈ ਕਾਰਵਾਈ ਨਾ ਕੀਤੀ, ਹਾਲਾਂਕਿ ਅਕਬਰ ਦੇ ਨਾਲ ਆਪ ਦੇ ਬਹੁਤ ਚੰਗੇ ਸੰਬੰਧ ਕਾਇਮ ਹੋ ਚੁਕੇ ਸਨ । ਆਪ ਦੇ ਇਸ ਗੁਣ ਤੋਂ ਪ੍ਰਭਾਵਿਤ ਹੋ ਕੇ ਡੰਕਨ ਗ੍ਰੀਨਲੀਸ ਲਿਖਦਾ ਹੈ :

"ਆਪਣੇ ਦੁਸ਼ਟ ਬਿਰਤੀ ਵਾਲੇ ਵੱਡੇ ਭਰਾ ਦੇ ਸਨਮੁਖ ਆਪ ਦੀ ਅਡੋਲ ਸੱਜਣਤਾ ਅਤੇ ਪਿਆਰ ਭਰਪੂਰ ਜ਼ਬਤ ਹੀ ਆਪ ਨੂੰ ਸੱਚਾ ਸੰਤ ਸਿੱਧ ਕਰਨ ਲਈ ਕਾਫ਼ੀ ਹਨ।"

(ਦੀ ਗਾਸਪਲ ਆਫ ਗੁਰੂ ਗ੍ਰੰਥ ਸਾਹਿਬ, ਪੰਨਾ-੫੮)

---

* ਪ੍ਰਿੰ: ਤੇਜਾ ਸਿੰਘ-ਗੰਡਾ ਸਿੰਘ/ ਸਿੱਖ ਇਤਿਹਾਸ (੧੪੬੯-੧੭੬੫) ਪੰਨਾ-੪੩ (ਪੰਜਾਬੀ)

## (ਗ) ਸਾਦਗੀ :

ਗੁਰੂ ਅਰਜੁਨ ਦੇਵ ਜੀ ਦੇ ਵੇਲੇ ਸਿੱਖ ਸੰਗਠਨ ਦੇ ਮਜ਼ਬੂਤ ਹੋ ਜਾਣ, ਮਸੰਦਾਂ ਰਾਹੀਂ ਆਰਥਕਤਾ ਨੂੰ ਪੱਕੇ ਪੈਰਾਂ ਤੇ ਕਰਨ, ਨਵੇਂ ਸ਼ਹਿਰ ਤੇ ਇਮਾਰਤਾਂ ਬਣਨ, ਸਿੱਖ ਸੰਗਤਾਂ ਦੇ ਬਹੁਤ ਭਾਰੀ ਗਿਣਤੀ ਵਿੱਚ ਹਰ ਰੋਜ਼ ਗੁਰੂ ਦਰਬਾਰ ਵਿੱਚ ਆਉਣ, ਭੇਟਾਵਾਂ ਹਾਜ਼ਰ ਕਰਨ ਅਤੇ ਮਸੰਦਾਂ ਨੂੰ ਆਰਗੇਨਾਈਜ਼ ਕਰਨ ਕਰਕੇ, ਕਈ ਲੋਕਾਂ ਨੂੰ ਇਹ ਭੁਲੇਖਾ ਪੈ ਰਿਹਾ ਸੀ ਕਿ ਸ਼ਾਇਦ ਗੁਰੂ ਸਾਹਿਬ ਕੋਈ ਸਰਕਾਰ ਬਣਾਉਣ ਦੇ ਆਹਰਾਂ ਵਿੱਚ ਹਨ । ਫਿਰ ਮੁਹਸਿਨਫ਼ਾਨੀ ਦੀ ਪੁਸਤਕ 'ਦਬਿਸਤਾਨ-ਇ-ਮਜ਼ਾਹਿਬ' ਦੇ ਕੁਝ ਅੰਸ਼ਾਂ ਦਾ ਸੀਆ ਅਤੇ ਟਰੌਇਰ ਵਲੋਂ ਅੰਗ੍ਰੇਜ਼ੀ ਵਿੱਚ ਗਲਤ ਅਨੁਵਾਦ ਹੋਣ ਕਰਕੇ ਅਤੇ ਉਸੇ ਅਨੁਵਾਦ ਤੋਂ ਗਲਤ ਸਿਟੇ ਕੱਢਣ ਕਰਕੇ ਕਈ ਇਤਿਹਾਸਕਾਰਾਂ ਨੇ ਗੁਰੂ ਜੀ ਦੁਆਰਾ ਸਰਕਾਰ ਬਣਾਉਣ ਅਤੇ ਸ਼ਾਹੀ ਠਾਠ ਨਾਲ ਰਹਿਣ ਦੀਆਂ ਗੱਲਾਂ ਲਿਖੀਆਂ ਹਨ । ਜਿਵੇਂ ਅਰਨੈਸਟ ਟ੍ਰੰਪ ਲਿਖਦਾ ਹੈ :

'ਗੁਰੂ ਅਰਜੁਨ (ਦੇਵ ਜੀ) ਪਹਿਲੇ ਗੁਰੂ ਸਨ ਜਿਨ੍ਹਾਂ ਨੇ ਫ਼ਕੀਰੀ ਦਾ ਚੋਲਾ ਲਾਹ ਕੇ ਇਕ ਪਾਸੇ ਰੱਖ ਦਿਤਾ । ਇਕ ਅਮੀਰ-ਆਦਮੀ ਦੀ ਤਰ੍ਹਾਂ ਉਨ੍ਹਾਂ ਕੋਲ ਇਕ ਤਕੜਾ ਅਮਲਾ-ਫੈਲਾ ਸੀ । ਉਨ੍ਹਾਂ ਨੇ ਵਿਉਪਾਰ ਵਿੱਚ ਵੀ ਕਾਫ਼ੀ ਹਿੱਸਾ ਪਾਇਆ । ਇੰਝ ਜਾਪਦਾ ਹੈ, ਜਿਵੇਂ ਉਨ੍ਹਾਂ ਨੂੰ ਜਾਂ ਤਾਂ ਰੁਪਏ ਨਾਲ ਪਿਆਰ ਸੀ, ਜਾਂ ਉਨ੍ਹਾਂ ਨੂੰ ਇਸਦੀ ਲੋੜ ਸੀ ।'

(ਆਦਿ ਗ੍ਰੰਥ (ਅੰਗ੍ਰੇਜ਼ੀ)/੧੯੭੦/ਪੰਨਾ-੮੧/ ਪਹਿਲੀ ਛਾਪ-੧੮੭੭)

ਮੱਖੀ ਤੇ ਮੱਖੀ ਮਾਰਦਾ ਹੋਇਆ ਸੱਯਦ ਮੁਹੰਮਦ ਲਤੀਫ਼ ਵੀ ਲਿਖਦਾ ਹੈ :

'ਗੁਰੂ ਅਰਜੁਨ (ਦੇਵ ਜੀ) ਪਹਿਲੇ ਸਿੱਖ ਗੁਰੂ ਸਨ ਜਿਨ੍ਹਾਂ ਨੇ ਫ਼ਕੀਰੀ ਚੋਲੇ ਅਤੇ ਮਾਲਾ ਦਾ ਤਿਆਗ ਕਰ ਦਿਤਾ ਅਤੇ ਬੜੇ ਕੀਮਤੀ ਬਸਤਰ ਧਾਰਨ ਕੀਤੇ । ਆਪ ਨੇ ਆਪਣੇ ਪਵਿਤਰ ਪੂਰਵਜਾਂ ਦੀ ਫ਼ਕੀਰੀ ਦੀ ਗੱਦੀ ਨੂੰ ਇਕ ਸ਼ਾਹੀ ਸਿੰਘਾਸਨ ਦੇ ਰੂਪ ਵਿੱਚ ਬਦਲ ਦਿਤਾ । ਆਪ ਕੋਲ ਕਾਫ਼ੀ ਮਾਤਰਾ ਵਿੱਚ ਵਧੀਆ ਹਾਥੀ ਘੋੜੇ ਸਨ ਤੇ ਆਪ ਬੜੇ ਠਾਠ ਬਾਠ ਨਾਲ ਰਹਿੰਦੇ ਸਨ ।'

(ਹਿਸਟਰੀ ਆਫ ਪੰਜਾਬ/੧੮੯੧/ ਪੰਨਾ-੨੫੩)

ਵਿਦਵਾਨ ਇਤਿਹਾਸਕਾਰਾਂ ਨੇ ਗੁਰੂ ਸਾਹਿਬ ਦੀ ਬਾਣੀ ਨੂੰ ਪੜ੍ਹਨ ਦਾ ਕਸ਼ਟ ਨਹੀਂ ਕੀਤਾ । ਬੱਸ, ਇੱਕ ਗਲਤ ਲੀਹ ਤੇ ਪੈ ਕੇ, ਅਨਪੜ੍ਹਾਂ ਦੀ ਤਰ੍ਹਾਂ, ਮੱਖੀ ਤੇ ਮੱਖੀ ਮਾਰਦੇ ਰਹੇ ਹਨ । ਟ੍ਰੰਪ ਤੇ ਲਤੀਫ਼ ਦੀ ਤਰ੍ਹਾਂ ਸ: ਖਜ਼ਾਨ ਸਿੰਘ, ਕਨਿੰਘਮ, ਗੋਕਲ ਚੰਦ ਨਾਰੰਗ ਤੇ ਹਰੀ ਰਾਮ ਗੁਪਤਾ ਗਲਤ ਬਿਆਨੀ ਕਰਦੇ ਰਹੇ ਹਨ– ਤਥਾਂ ਨੂੰ ਵਧਾ ਚੜ੍ਹਾਅ ਕੇ ਪੇਸ਼ ਕਰਦੇ ਰਹੇ ਹਨ ।

ਗੁਰੂ ਸਾਹਿਬ ਦੀ ਆਪਣੀ ਬਾਣੀ, ਭੱਟਾਂ ਦੀ ਬਾਣੀ, ਭਾਈ ਗੁਰਦਾਸ ਜੀ ਦੀ ਰਚਨਾ ਤੇ ਇਥੋਂ ਤੱਕ ਕਿ ਕੱਟੜ ਵਿਰੋਧੀ ਜਹਾਂਗੀਰ ਦੀ 'ਤੁਜ਼ਕਿ ਜਹਾਂਗੀਰੀ' ਵਿੱਚ ਕਿਧਰੇ ਵੀ ਗੁਰੂ ਜੀ ਦੇ 'ਫਕੀਰੀ ਭੇਸ' (ਸਾਦਾ ਲਿਬਾਸ) ਤਿਆਗ ਕੇ 'ਸ਼ਾਹੀ ਠਾਠ ਬਾਠ' ਧਾਰਨ ਕਰਨ ਦਾ ਜ਼ਿਕਰ ਤਕ ਨਹੀਂ ਹੈ । ਗੁਰੂ ਸਾਹਿਬ ਤਾਂ ਧਨ ਦੀ ਹਕੀਕਤ ਸਮਝਾਉਂਦੇ ਹੋਏ ਫੁਰਮਾਉਂਦੇ ਹਨ ਕਿ ਸਾਰੀ ਉਮਰ ਮਨੁੱਖ ਧਨ ਜੋੜਦਾ ਰਹਿੰਦਾ ਹੈ । ਜਿਵੇਂ ਕਿਸੇ

ਮਜ਼ਦੂਰ ਨੂੰ ਮਜ਼ਦੂਰੀ ਮਿਲਦੀ ਹੈ, ਉਸਨੂੰ ਧਨ ਜੋੜਨ ਦੀ ਮਜ਼ਦੂਰੀ ਖਾਣ-ਹੰਢਾਉਣ ਦੇ ਪਦਾਰਥ ਮਿਲਦੇ ਰਹਿੰਦੇ ਹਨ । ਬਾਕੀ ਮਾਇਆ ਉਹ ਜੋੜਦਾ ਰਹਿੰਦਾ ਹੈ, ਤੇ ਮਰਨ ਸਮੇਂ ਇਥੇ ਹੀ ਛੱਡ ਜਾਂਦਾ ਹੈ । ਇਸੇ ਤਰ੍ਹਾਂ ਅਮੀਰ ਮਨੁੱਖ ਵਧੀਆ ਹਾਥੀ, ਘੋੜੇ ਇੱਕਤਰ ਕਰਦਾ ਰਹਿੰਦਾ ਹੈ, ਪਰ ਮਰਨ ਸਮੇਂ ਇਹ ਹਾਥੀ, ਘੋੜੇ ਉਸਦੇ ਨਾਲ ਨਹੀਂ ਤੁਰਦੇ । ਪਰਮਾਤਮਾ ਦਾ ਨਾਮ ਹੀ ਅਸਲ ਧਨ ਹੈ, ਨਾਮ ਹੀ ਸੁਖ ਦਾਤਾ ਹੈ, ਨਾਮ ਹੀ ਪਰਿਵਾਰ ਹੈ, ਨਾਮ ਹੀ ਸਾਥੀ ਹੈ । ਇਹ ਨਾਮ-ਧਨ ਕਦੇ ਖਤਮ ਨਹੀਂ ਹੁੰਦਾ, ਤੇ ਨਾ ਹੀ ਗੁਆਚਦਾ ਹੈ :

**ਕਰਿ ਕਰਿ ਅਨਰਥ ਬਿਹਾਝੀ ਸੰਪੈ, ਸੁਇਨਾ ਰੂਪਾ ਦਾਮਾ ॥**
**ਭਾੜੀ ਕਉ, ਓਹੁ ਭਾੜਾ ਮਿਲਿਆ,**
**ਹੋਰੁ ਸਗਲ ਭਇਓ ਬਿਰਾਨਾ ॥ ੩॥**
**ਹੈਵਰ, ਗੈਵਰ, ਰਥ ਸੰਬਾਹੇ, ਗਹੁ ਕਰਿ ਕੀਨੇ ਮੇਰੇ ॥**
**ਜਬ ਤੇ ਹੋਈ ਲਾਂਮੀ ਧਾਈ, ਚਲਹਿ ਨਾਹੀ ਇਕ ਪੈਰੇ ॥੪॥**
**ਨਾਮੁ ਧਨੁ, ਨਾਮੁ ਸੁਖ ਰਾਜਾ, ਨਾਮੁ ਕੁਟੰਬ ਸਹਾਈ ॥**
**ਨਾਮੁ ਸੰਪਤਿ ਗੁਰਿ ਨਾਨਕ ਕਉ ਦੀਈ,**
**ਓਹ ਮਰੈ ਨ ਆਵੈ ਜਾਈ ॥੫॥**

(ਗੂਜਰੀ,ਮ: ੫ ਪੰਚਪਦਾ, ਘਰ ੨, ਪੰਨਾ-੪੯੭)

**ਪਦ ਅਰਥ** : ਅਨਰਥ-ਧੱਕੇ ,ਪਾਪ । ਸੰਪੈ-ਦੌਲਤ । ਰੂਪਾ- ਚਾਂਦੀ । ਦਾਮਾ-ਦਮੜੇ, ਰੁਪਏ । ਭਾੜੀ-ਮਜ਼ਦੂਰ । ਹੈਵਰ-ਸੁਹਣੇ ਘੋੜੇ । ਗੈਵਰ-ਸੁਹਣੇ ਹਾਥੀ । ਸੰਬਾਹੇ-ਇੱਕਠੇ ਕੀਤੇ । ਗਹੁ ਕਰਿ-ਧਿਆਨ ਨਾਲ । ਕੀਨੇ ਮੇਰੇ-ਆਪਣੇ ਬਣਾਏ । ਲਾਂਮੀ ਧਾਈ-ਲੰਮਾ ਕੂਚ, ਮੌਤ ਦਾ ਸਫ਼ਰ।

ਗੁਰੂ ਅਰਜੁਨ ਦੇਵ ਜੀ ਦਾ ਫੁਰਮਾਨ ਹੈ ਕਿ ਘਰ ਦੇ ਮੋਹ, ਮਾਇਆ ਨੂੰ ਆਪਣੀ ਸਮਝਣ; ਹਾਥੀ, ਘੋੜੇ, ਫੌਜਾਂ, ਮੰਤਰੀ ਤੇ ਨੌਕਰ ਰੱਖਣ ਵਿੱਚ ਆਤਮਕ ਅਨੰਦ ਨਹੀਂ ਹੈ। ਇਹ ਤਾਂ ਸਗੋਂ ਮਨੁੱਖ ਦੇ ਗੱਲ ਵਿੱਚ ਹਉਮੈ-ਹੰਕਾਰ ਦੇ ਰੱਸੇ ਅਥਵਾ ਹਉਮੈ ਦੇ ਫ਼ਾਹੇ ਪੈਣ ਦਾ ਕਾਰਨ ਬਣਦੇ ਹਨ ।

**ਕੁਸਲੁ ਨ ਗ੍ਰਿਹਿ, ਮੇਰੀ ਸਭ ਮਾਇਆ ॥**
**ਊਚੇ ਮੰਦਰ, ਸੁੰਦਰ ਛਾਇਆ ॥**
**ਝੂਠੇ ਲਾਲਚਿ ਜਨਮੁ ਗਵਾਇਆ ॥੧॥**
**ਹਸਤੀ ਘੋੜੇ ਦੇਖਿ ਵਿਗਾਸਾ ॥ ਲਸਕਰ ਜੋੜੇ ਨੇਬ ਖਵਾਸਾ ॥**
**ਗਲਿ ਜੇਵੜੀ ਹਉਮੈ ਕੇ ਫਾਸਾ ॥੨॥**

(ਮ: ੫ ਰਾਗੁ ਗਉੜੀ ਗੁਆਰੇਰੀ, ਚਉਪਦੇ-੧੭੫)

ਗੁਰੂ ਸਾਹਿਬ ਦੀ ਬਾਣੀ, ਜੀਵਨ ਇਤਿਹਾਸ, ਸਿੱਖਾਂ ਨੂੰ ਦਿਤੇ ਉਪਦੇਸ਼ ਇਸ ਗਲ ਦੀ ਸਾਖੀ ਭਰਦੇ ਹਨ ਕਿ ਗੁਰੂ ਸਾਹਿਬ ਪਹਿਲੇ ਗੁਰੂਆਂ ਦੀ ਤਰ੍ਹਾਂ ਸਾਦਗੀ ਵਿੱਚ ਰਹਿੰਦੇ ਸਨ । ਹਾਂ, ਸੰਗਤਾਂ ਦਾ ਦਰਬਾਰ ਵਿਚ ਆਉਣਾ, ਕੀਮਤੀ ਭੇਟਾਵਾਂ ਹਾਜ਼ਰ ਕਰਨੀਆਂ ਆਦਿ ਗੁਰੂ-ਦਰਬਾਰ ਦੀ ਸ਼ੋਭਾ ਨੂੰ ਜ਼ਰੂਰ ਵਧਾਉਂਦੇ ਸਨ

ਡੰਕਨ ਗ੍ਰੀਨਲੀਸ ਵੀ ਮੰਨਦਾ ਹੈ ਕਿ ਗੁਰੂ ਜੀ ਬਹੁਤ ਸਾਦਗੀ ਵਿੱਚ ਰਹਿੰਦੇ ਸਨ:

**"ਗੁਰੂ ਅਰਜੁਨ ਦੇਵ ਜੀ ਵਿਅਕਤੀਗਤ ਰੂਪ ਵਿੱਚ ਬਹੁਤ ਸਾਦਗੀ ਵਿੱਚ ਰਹਿੰਦੇ ਸਨ ਅਤੇ ਆਪਣੇ ਆਲੇ ਦੁਆਲੇ ਦੇ ਸੁਖ ਸਾਧਨਾਂ ਨੂੰ ਸਦਾ ਘਿਰਣਾ ਕਰਦੇ ਸਨ।"**

(ਦੀ ਗਾਸਪਲ ਆਫ਼ ਗੁਰੂ ਗ੍ਰੰਥ ਸਾਹਿਬ (ਅੰਗਰੇਜ਼ੀ) ਪੰਨਾ-੮੨)

## (ਘ) ਰਸਿਕ ਕਵੀ ਹਿਰਦਾ :

ਕਵਿਤਾ ਪਿਆਰ ਵਿਚੋਂ ਉਪਜਦੀ ਹੈ, ਭਾਵੇਂ ਉਹ ਪ੍ਰਭੂ ਪਿਆਰ ਹੋਵੇ ਜਾਂ ਦੁਨਿਆਵੀ ਪਿਆਰ। ਪ੍ਰਭੂ ਪਿਆਰ ਵਿਚੋਂ ਉਪਜੀ ਕਵਿਤਾ ਉਤਮ ਹੁੰਦੀ ਹੈ, ਸੱਚ ਦੇ ਨਾਲ ਜੋੜਦੀ ਹੈ, ਸੱਚ ਦਾ ਸੁਨੇਹਾ ਦਿੰਦੀ ਹੈ ਤੇ ਸਮਾਜ ਵਿੱਚ ਅੱਟਲ, ਸਦੀਵੀ, ਸੱਚੀਆਂ ਸੁੱਚੀਆਂ ਕਦਰਾਂ-ਕੀਮਤਾਂ ਦਾ ਪ੍ਰਚਾਰ ਕਰਦੀ ਹੈ। ਗੁਰੂ ਅਰਜੁਨ ਪਾਤਸ਼ਾਹ ਤਾਂ ਜਨਮ ਤੋਂ ਹੀ ਪ੍ਰਭੂ-ਪਿਆਰ ਵਿੱਚ ਗੜੂੰਦ ਸਨ। ਉਨ੍ਹਾਂ ਦੇ ਮਨ ਵਿੱਚ ਕਵਿਤਾ ਝਰਨੇ ਦੀ ਤਰ੍ਹਾਂ ਫੁੱਟਦੀ ਸੀ ਤੇ ਬੱਸ ਵਗਦੀ ਹੀ ਰਹਿੰਦੀ ਸੀ। ਇਸ ਬਾਰੇ ਕੁਝ ਵਿਸਥਾਰ ਨਾਲ ਵਿਚਾਰ ਪਿਛਲੇ ਅਧਿਆਏ ਵਿੱਚ ਪ੍ਰਗਟ ਕੀਤੇ ਜਾ ਚੁਕੇ ਹਨ।

## (ਙ) ਕੁਸ਼ਲ ਸੰਪਾਦਕ :

ਗੁਰੂ ਜੀ ਨੇ ਗੁਰਬਾਣੀ ਦੇ ਭੰਡਾਰ ਨੂੰ ਦੁਬਾਰਾ ਨਵੀਂ ਤਰਤੀਬ ਅਨੁਸਾਰ ਲਿਖਵਾਉਣ ਦਾ ਜੋ ਕੰਮ ਕੀਤਾ ਉਹ ਬਹੁਤ ਹੀ ਮਹਾਨ, ਮਿਹਨਤ ਭਰਿਆ ਅਤੇ ਉੱਚਤਮ ਸੰਪਾਦਕੀ ਸੂਝ ਬੂਝ ਵਾਲਾ ਸੀ। ਗੁਰਬਾਣੀ ਦੀ ਤਰਤੀਬ ਨਿਰਧਾਰਤ ਕਰਨੀ, ਵੱਖ ਵੱਖ ਗੁਰੂ ਸਾਹਿਬਾਨ, ਭਗਤਾਂ, ਭੱਟਾਂ, ਗੁਰਸਿੱਖਾਂ ਦੀ ਬਾਣੀ ਨੂੰ ਰਾਗਾਂ ਅਨੁਸਾਰ ਤਰਤੀਬ ਦੇਣੀ, ਵਾਰਾਂ ਦੀਆਂ ਧੁਨੀਆਂ ਨਿਰਧਾਰਿਤ ਕਰਨੀਆਂ, ਵੱਖ ਵੱਖ ਵਾਰਾਂ ਦੀਆਂ ਪਉੜੀਆਂ ਨਾਲ ਢੁਕਵੇਂ ਸਲੋਕ ਲਗਾਉਣੇ, ਗੁਰਬਾਣੀ ਦੇ ਸ਼ਬਦ - ਜੋੜਾਂ ਵਿਚ ਇਕਸਾਰਤਾ ਤੇ ਸ਼ੁਧਤਾ ਕਾਇਮ ਰਖਣੀ, ਸਾਰੀ ਗੁਰਬਾਣੀ ਖਾਸ ਨੇਮਾਂ (ਵਿਆਕਰਣ) ਅਨੁਸਾਰ ਲਿਖਵਾਉਣੀ, ਅੰਕ - ਪ੍ਰਬੰਧ ਅਜਿਹਾ ਰਖਣਾ ਕਿ ਗੁਰਬਾਣੀ ਵਿਚ ਵਾਧੂ/ਨਕਲੀ ਬਾਣੀ ਨਾ ਦਰਜ ਕੀਤੀ (ਘੁਸੇੜੀ) ਜਾ ਸਕੇ, ਉਚਾਰਨ ਸੰਬੰਧੀ ਸੰਕੇਤ ਦੇਣੇ ਅਤੇ ਹਰੇਕ ਰਾਗ ਦੀ ਬਾਣੀ ਦੀ ਵਿਸ਼ੇਸ਼ ਤਰਤੀਬ (ਜਿਵੇਂ: ਸ਼ਬਦ, ਅਸ਼ਟਪਦੀਆਂ, ਛੰਤ, ਲੰਮੇਰੀ ਬਾਣੀ, ਵਾਰ, ਭਗਤਾਂ ਦੀ ਬਾਣੀ) ਕਾਇਮ ਰਖਣੀ, ਕਿਸੇ ਕੁਸ਼ਲ ਸੰਪਾਦਕ ਦਾ ਕੰਮ ਹੀ ਸੀ।

## (ਚ) ਦੁਖੀਆਂ ਦਾ ਦਰਦ ਦੂਰ ਕਰਨ ਵਾਲੇ:

ਗੁਰੂ ਅਰਜੁਨ ਦੇਵ ਜੀ ਦੁਖੀਆਂ ਦੇ ਦਰਦ ਦੂਰ ਕਰਨ ਤੇ ਉਨ੍ਹਾਂ ਦਾ ਦਰਦ ਵੰਡਾਉਣ ਨੂੰ ਹਮੇਸ਼ਾ ਹੀ ਤਤਪਰ ਰਹਿੰਦੇ ਸਨ। ਜੇ ਮਾਝੇ ਵਿਚ ਔੜ ਲਗੀ ਤਾਂ ਅਪਨੇ ਥਾਂ ਥਾਂ ਜਾ ਕੇ ਖੂਹ ਅਥਵਾ ਹਰਟ ਲਗਵਾਏ ਅਤੇ ਅਕਬਰ ਨੂੰ ਕਹਿ ਕੇ ਕਿਸਾਨਾਂ ਦਾ ਕਾਫੀ ਟੈਕਸ ਮਾਫ ਕਰਵਾ ਦਿਤਾ। ਕਾਲ ਦੇ ਸਮੇਂ ਦੂਰ-ਦੂਰ ਜਾ ਕੇ ਕਾਲ-ਪੀੜਤਾਂ ਦੀ

ਸਹਾਇਤਾ ਕੀਤੀ, ਹਸਪਤਾਲ ਖੁਲ੍ਹਵਾਏ, ਕੁਸ਼ਟ ਆਸ਼ਰਮ (ਕੋਹੜੀਖਾਨਾ) ਸਥਾਪਿਤ ਕੀਤਾ ਅਤੇ ਬੀਮਾਰਾਂ ਦੀ ਹੱਥੀਂ ਸੇਵਾ ਕੀਤੀ ।

## (ਛ) ਉਤਸ਼ਾਹੀ ਪ੍ਰਚਾਰਕ :

ਧਰਮ ਦੇ ਸਿਧਾਤਾਂ/ਉਪਦੇਸ਼ਾਂ ਨੂੰ ਦੂਰ-ਦੂਰ ਤੱਕ ਪਹੁੰਚਾਉਣਾ ਤੇ ਲੋਕਾਂ ਨੂੰ ਇਨ੍ਹਾਂ ਸਿਧਾਂਤਾ/ ਉਪਦੇਸ਼ਾਂ ਮੁਤਾਬਕ ਜੀਵਨ ਜੀਉਣ ਦੀ ਪ੍ਰੇਰਨਾ ਦੇਣੀ, ਇਸ ਨੂੰ ਧਰਮ ਪ੍ਰਚਾਰ ਕਹਿੰਦੇ ਹਨ । ਧਰਮ-ਪ੍ਰਚਾਰ ਦੀ ਲੀਹ ਗੁਰੂ ਨਾਨਕ ਦੇਵ ਜੀ ਹੀ ਪਾ ਗਏ ਸਨ । ਉਨ੍ਹਾਂ ਨੇ ਲੰਮੇ-ਲੰਮੇ ਪ੍ਰਚਾਰ ਸਫ਼ਰ (ਉਦਾਸੀਆਂ) ਕੀਤੇ ਸਨ, ਸੰਗਤਾਂ ਥਾਪੀਆਂ ਸਨ ਤੇ ਵੱਖ ਵੱਖ ਇਲਾਕਿਆਂ ਵਿਚ ਧਰਮ-ਪ੍ਰਚਾਰਕ ਨੀਯਤ ਕੀਤੇ ਸਨ । ਬਾਕੀ ਗੁਰੂ ਸਾਹਿਬਾਨ ਵੀ ਕਿਸੇ ਨਾ ਕਿਸੇ ਰੂਪ ਵਿੱਚ ਧਰਮ-ਪ੍ਰਚਾਰ ਦਾ ਕੰਮ ਕਰਦੇ ਰਹੇ । ਗੁਰੂ ਅਰਜੁਨ ਦੇਵ ਜੀ ਨੇ ਲਗਾਤਾਰ ਦਸ ਸਾਲ ਮਾਝੇ ਅਤੇ ਦੁਆਬੇ ਦੇ ਪਿੰਡਾਂ-ਨਗਰਾਂ ਵਿਚ ਜਾ ਕੇ ਧਰਮ ਦਾ ਪ੍ਰਚਾਰ ਕੀਤਾ । ਲੋਕਾਂ ਨੂੰ ਵਹਿਮਾਂ, ਭਰਮਾਂ, ਪਾਖੰਡਾਂ ਵਲੋਂ ਹਟਾਇਆ ਅਤੇ ਗੁਰਮਤਿ ਗਾਡੀ ਰਾਹ ਉਤੇ ਤੋਰਿਆ । ਉਨ੍ਹਾਂ ਵਲੋਂ ਵਸਾਏ ਨਵੇਂ ਨਗਰਾਂ (ਤਰਨਤਾਰਨ ਤੇ ਕਰਤਾਰਪੁਰ) ਦੀ ਧਰਮ-ਪ੍ਰਚਾਰ ਦੇ ਪੱਖੋਂ ਵਿਸ਼ੇਸ਼ ਅਹਿਮੀਅਤ ਸੀ । ਲੋਕ-ਭਲਾਈ ਲਈ ਕੀਤੇ ਕੰਮ ਵੀ ਧਰਮ ਪ੍ਰਚਾਰ ਵਿਚ ਸਹਾਈ ਹੋਏ । ਆਪ ਜੀ ਦੇ ਯਤਨਾ ਸਦਕਾ ਹਜ਼ਾਰਾਂ ਹਿੰਦੂਆਂ ਤੇ ਮੁਸਲਮਾਨਾਂ ਨੇ ਆਪਣਾ ਮੱਤ ਤਿਆਗ ਕੇ ਸਿੱਖ ਧਰਮ ਗ੍ਰਹਿਣ ਕੀਤਾ ।

## (ਜ) ਕੌਮੀ ਉਸਰੀਏ :

ਗੁਰੂ ਅਰਜੁਨ ਦੇਵ ਜੀ ਦੇ ਸਮੇਂ ਕਈ ਐਸੇ ਕੰਮ ਹੋਏ ਹਨ, ਜਿਨ੍ਹਾਂ ਕਾਰਨ ਉਸ ਸਮੇਂ ਸਿੱਖ ਇਕ ਮਜ਼ਬੂਤ ਕੌਮ ਦੇ ਰੂਪ ਵਿਚ ਉੱਭਰੇ । ਉਹ ਮਹਾਨ ਕਾਰਜ ਸਨ-ਸ੍ਰੀ ਅੰਮ੍ਰਿਤਸਰ ਸ਼ਹਿਰ ਦਾ ਸਰਬ ਪੱਖੀ ਵਿਕਾਸ ਤੇ ਸਿੱਖਾਂ ਦੀ ਧਾਰਮਕ ਰਾਜਧਾਨੀ ਦਾ ਰੂਪ ਗ੍ਰਹਿਣ ਕਰਨਾ, ਸਿੱਖਾਂ ਦੇ ਕੇਂਦਰੀ ਧਰਮ ਅਸਥਾਨ ਸ੍ਰੀ ਹਰਿਮੰਦਰ ਸਾਹਿਬ ਦਾ ਹੋਂਦ ਵਿੱਚ ਆਉਣਾ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਹੋਣੀ, ਸਿੱਖ ਪ੍ਰਭਾਵੀ ਨਗਰਾਂ ਦਾ ਵਸਾਇਆ ਜਾਣਾ, ਮਸੰਦਾਂ ਨੂੰ ਮੁੜ ਸੰਗਠਿਤ ਕਰਕੇ ਸਾਰੇ ਦੇਸ਼ ਦੇ ਸਿੱਖਾਂ ਨੂੰ ਧਾਰਮਿਕ ਤੇ ਸਮਾਜਿਕ ਤੌਰ ਤੇ ਜਥੇਬੰਦ ਕਰਨਾ ਅਤੇ ਆਰਥਕਤਾ ਨੂੰ ਮਜ਼ਬੂਤ ਕਰਨਾ । ਇਨ੍ਹਾਂ ਮਹਾਨ ਕਾਰਜਾਂ ਕਰਕੇ ਇਤਿਹਾਸਕਾਰ ਤੇ ਵਿਦਵਾਨ ਗੁਰੂ ਜੀ ਨੂੰ ਇਕ ਕੌਮੀ ਉਸਰੀਏ ਦੇ ਰੂਪ ਵਿੱਚ ਦੇਖਦੇ ਹਨ । **ਮੁਹੰਮਦ ਲਤੀਫ਼** ਆਖਦਾ ਹੈ :

'ਗੁਰੂ ਅਰਜੁਨ ਦੇਵ ਜੀ ਇੱਕ ਉਤਸ਼ਾਹੀ ਤੇ ਜਜ਼ਬੇ ਵਾਲੇ ਗੁਰੂ ਸਨ । ਉਨ੍ਹਾਂ ਦਾ ਨਿਸ਼ਾਨਾ ਬਹੁਤ ਉਚਾ ਸੀ । ਉਨ੍ਹਾਂ ਨੇ ਸਿੱਖ ਕੌਮ ਨੂੰ ਜਥੇਬੰਦ ਕੀਤਾ ਅਤੇ ਸਿੱਖਆਂ ਦੀ ਆਤਮਕ ਉੱਨਤੀ ਲਈ ਉਪਰਾਲੇ ਕੀਤੇ ।'

**ਸੀ: ਐਚ: ਪੇਨ** ਵੀ ਇਸੇ ਤਰ੍ਹਾਂ ਦੇ ਵਿਚਾਰ ਪ੍ਰਗਟ ਕਰਦਾ ਹੈ :

'ਸਿੱਖਾਂ ਦੇ ਗੁਰੂ ਅਰਜੁਨ ਨੇ ਕੌਮ ਦੇ ਸ਼੍ਰੋਮਣੀ ਹੋਣ ਦੀ ਹੈਸੀਅਤ ਵਿੱਚ ਐਸੇ ਨਿਯਮ ਬਣਾਏ ਸਨ, ਜਿਨ੍ਹਾਂ ਅਨੁਸਾਰ ਸਿੱਖਾਂ ਦੀ ਸਮਾਜੀ ਤੇ ਰਾਜਸੀ ਜ਼ਿੰਦਗੀ ਕਿਸੇ ਖਾਸ ਸੰਚੇ ਵਿਚ ਢਲ ਗਈ ।'

**ਗੋਕਲ ਚੰਦ ਨਾਰੰਗ** ਨੇ ਗੁਰੂ ਸਾਹਿਬ ਦੀ ਸ਼ਖਸੀਅਤ ਦੇ ਪ੍ਰਮੁਖ ਗੁਣਾਂ ਦਾ ਜ਼ਿਕਰ ਇੰਝ ਕੀਤਾ ਹੈ :

'ਹੁਣ ਲੋਕਾਂ ਸਾਹਮਣੇ ਉਹ ਪੁਰਸ਼ ਆਇਆ, ਜੋ ਜਮਾਂਦਰੂ ਕਵੀ ਸੀ, ਅਮਲੀ ਫਿਲਾਸਫਰ, ਤਕੜਾ ਜਥੇਦਾਰ ਅਤੇ ਇਕ ਸਟੇਟਸਮੈਨ (ਰਾਜਨੀਤਗ) ਸੀ ।'

**ਡੰਕਨ ਗ੍ਰੀਨਲੀਸ** ਨੇ ਵੀ ਕੁਝ ਅਜਿਹੇ ਵਿਚਾਰ ਪ੍ਰਗਟਾਏ ਹਨ :

' ਗੁਰੂ ਅਰਜੁਨ (ਦੇਵ ਜੀ) ਇਕ ਵੱਡਾ ਨੀਤੀਵਾਨ, ਸ਼ਾਂਤ ਪ੍ਰਭਾਵ ਵਾਲਾ ਜਥੇਦਾਰ, ਫ਼ਿਲਾਸਫਰ ਤੇ ਇਕ ਉਚ ਕੋਟੀ ਦਾ ਕਵੀ ਸੀ ।'

## (ਝ) ਮਰਨ ਦੀ ਜਾਚ ਸਿਖਾਈ :

ਸੱਚੇ ਧਰਮੀ ਪੁਰਸ਼ ਦੀ ਇਹ ਨਿਸ਼ਾਨੀ ਹੈ ਕਿ ਉਹ ਸੱਚ-ਧਰਮ ਲਈ ਜੀਉਂਦਾ ਹੈ ਅਤੇ ਸੱਚ-ਧਰਮ ਦੀ ਰਾਖੀ ਲਈ ਆਪਣੀ ਜਾਨ ਵਾਰ ਦਿੰਦਾ ਹੈ— ਇਹ ਗੱਲ ਸਾਨੂੰ ਸਾਹਿਬ ਸ੍ਰੀ ਗੁਰੂ ਅਰਜੁਨ ਦੇਵ ਜੀ ਨੇ ਸਿਖਾਈ ਹੈ । ਭਾਰਤ ਦੀ ਪ੍ਰਾਚੀਨ ਸੰਸਕ੍ਰਿਤੀ ਵਾਲੇ ਕੇਵਲ ਆਪਣੀ (ਨਿਜੀ) ਮੁਕਤੀ ਦਾ ਹੀ ਖਿਆਲ ਰਖਦੇ ਸਨ । ਇਸ ਲਈ ਉਹ, ਧਰਮੀ ਕਹੇ ਜਾਣ ਵਾਲੇ ਲੋਕ, ਜੰਗਲਾਂ ਪਹਾੜਾਂ ਦੀਆਂ ਕੁੰਦਰਾਂ, ਨਦੀਆਂ ਦੇ ਕੰਢਿਆਂ ਤੇ ਧਰਮ-ਅਸਥਾਨਾ ਤੇ ਜਾ ਕੇ ਆਪਣਾ ਜੀਵਨ ਗੁਜ਼ਾਰ ਦਿੰਦੇ ਸਨ । ਵੱਡੇ ਵੱਡੇ ਦੇਵੀ-ਦੇਵਤੇ ਤੇ ਰਿਸ਼ੀ ਮੁਨੀ ਜੰਗਲਾਂ ਤੇ ਪਹਾੜਾਂ ਦੇ ਨਿਵਾਸੀ ਸਨ । ਮਾਤ ਲੋਕ ਵਿੱਚ ਕੀ ਹੋ ਰਿਹਾ ਹੈ, ਇਸ ਨਾਲ ਇਨ੍ਹਾਂ ਧਰਮੀ ਪੁਰਸ਼ਾਂ ਨੂੰ ਕੋਈ ਸਰੋਕਾਰ ਨਹੀਂ ਸੀ । ਇਸ ਬਾਰੇ ਗੁਰੂ ਨਾਨਕ ਦੇਵ ਜੀ ਨੇ ਸੁਮੇਰ ਪਰਬਤ ਉਤੇ ਸਿੱਧਾਂ ਕੋਲ ਇਤਰਾਜ਼ ਵੀ ਕੀਤਾ ਸੀ ਕਿ ਸਿੱਧ ਤਾਂ ਪਰਬਤਾਂ ਤੇ ਆ ਕੇ ਛਿਪ ਗਏ ਹਨ, ਜਗਤ ਦੇ ਕਲਿਆਣ ਦੀ ਕਿਸੇ ਨੂੰ ਚਿੰਤਾ ਨਹੀਂ । ਜਦੋਂ ਸਿੱਧਾਂ ਨੇ ਪੁਛਿਆ ਕਿ - ਮਾਤ ਲੋਕ (ਸੰਸਾਰ) ਵਿੱਚ ਕਿਆ ਵਰਤਾਰਾ ਹੈ ਤਾਂ ਸਤਿਗੁਰੂ ਜੀ ਨੇ ਜੁਆਬ ਵਿਚ ਆਖੀਆਂ ਗੱਲਾਂ ਵਿੱਚ ਇਹ ਗਲ ਵੀ ਆਖੀ ਸੀ :

**ਸਿਧ ਛਪ ਬੈਠੇ ਪਰਬਤੀਂ, ਕਉਣ ਜਗਤ ਕਉ ਪਾਰਿ ਉਤਾਰਾ ॥**
**ਜੋਗੀ ਗਿਆਨ ਵਿਹੂਣਿਆ, ਨਿਸਦਿਨ ਅੰਗ ਲਗਾਇਨਿ ਛਾਰਾ ॥**
**ਬਾਝ ਗੁਰੂ ਡੁਬਾ ਸੰਸਾਰਾ ॥** (ਭਾਈ ਗੁਰਦਾਸ ਜੀ, ਵਾਰ ੧, ਪਉੜੀ ੨੯)

ਸਿੱਖ ਸਤਿਗੁਰਾਂ ਨੇ ਨਿਜੀ ਕਲਿਆਣ ਦੇ ਨਾਲ ਸੱਮੁਚੇ ਸਮਾਜ ਦੀ ਕਲਿਆਣ ਵਲਾਂ ਵਧੇਰੇ ਧਿਆਨ ਦਿਤਾ । ਇਸੇ ਲਈ ਗੁਰੂ ਨਾਨਕ ਦੇਵ ਜੀ ਨੇ ਭਾਰਤ ਤੇ ਇਸਦੇ ਨਾਲ ਲਗਦੇ ਦੇਸ਼ਾਂ ਤੇ ਅਰਬ ਤਕ ਦਾ ਭ੍ਰਮਣ ਕੀਤਾ । ਸਮਾਜ ਵਿੱਚ ਆਈਆਂ ਕੁਰੀਤੀਆਂ ਨੂੰ ਦੂਰ ਕਰਨ ਦਾ ਰਾਹ ਦੱਸਿਆ ਅਤੇ ਆਦਰਸ਼ਕ ਸਮਾਜ (ਸਿੱਖ ਪੰਥ) ਸਿਰਜਣ ਲਈ ਯਤਨ ਅਰੰਭੇ । ਬਾਕੀ ਗੁਰੂ ਸਾਹਿਬਾਨ ਨੇ ਆਪਣੇ ਆਪਣੇ ਸਮੇਂ ਸਮਾਜ ਦੀ ਕਲਿਆਣ ਦੇ ਵੱਖ ਵੱਖ ਯਤਨ ਕੀਤੇ । ਗੁਰੂ ਅਰਜੁਨ ਦੇਵ ਜੀ ਨੇ ਗੁਰੂ ਕੀ ਗੋਲਕ ਦੀ ਸਾਰੀ ਮਾਇਆ ਸਮਾਜਕ-ਭਲਾਈ ਵਾਲੇ ਕੰਮਾਂ ਵਿਚ ਖਰਚ ਕਰ ਦਿਤੀ । ਉਨ੍ਹਾਂ ਇਨ੍ਹਾਂ ਕੰਮਾਂ ਕਰਕੇ ਉਨ੍ਹਾਂ ਦੀ ਸ਼ੋਭਾ ਦੂਰ ਦੂਰ ਤੱਕ ਫੈਲ ਰਹੀ ਸੀ । ਜੋ ਪੁਰਾਤਨ ਪੰਥੀ, ਜਾਤਿ ਅਭਿਮਾਨੀਆਂ ਤੇ

ਰਾਜ-ਅਭਿਮਾਨੀਆਂ ਨੂੰ ਚੁਭ ਰਹੀ ਸੀ । ਇਸੇ ਕਰਕੇ ਆਪ ਜੀ ਨੇ ਅਸਹਿ ਤੇ ਅਕਹਿ ਕਸ਼ਟ ਸਹਾਰਦਿਆਂ ਸ਼ਹਾਦਤ ਦੇ ਦਿੱਤੀ ਅਤੇ ਸਿੱਖ- ਸੇਵਕਾਂ ਨੂੰ ਸਮਝਾ ਦਿਤਾ ਕਿ ਸੱਚ, ਇਨਸਾਫ ਤੇ ਧਰਮ ਦੀ ਖਾਤਰ ਅਤੇ ਧੱਕੇ, ਜ਼ੁਲਮ ਤੇ ਅਨਿਆਂ ਨੂੰ ਰੋਕਣ ਲਈ ਜਾਨ ਵਾਰਨੀ ਸੱਚੇ-ਸਿੱਖ ਦਾ ਫ਼ਰਜ਼ ਹੈ । ਇਹ ਫ਼ਰਜ਼ ਸਿੱਖਾਂ ਨੇ ਬੜੀ ਖ਼ੂਬੀ ਨਾਲ ਨਿਭਾਇਆ ਹੈ ।

ਸਤਿਗੁਰੂ ਸਿਫ਼ਤਾਂ ਦਾ ਭੰਡਾਰ ਹੈ । ਸਿੱਖ ਤਾਂ ਆਪਣੇ ਸਤਿਗੁਰੂ ਦਾ ਜੱਸ ਹੀ ਗਾਇਨ ਕਰ ਸਕਦਾ ਹੈ, ਸਿਫ਼ਤਾਂ ਦਾ ਅੰਤ ਨਹੀਂ ਪਾ ਸਕਦਾ । ਸੋ, ਅਸੀਂ ਭਾਈ ਗੁਰਦਾਸ ਜੀ ਦੇ ਇਨ੍ਹਾਂ ਬਚਨਾਂ ਨਾਲ ਇਸ ਪੁਸਤਕ ਦੀ ਸਮਾਪਤੀ ਕਰਦੇ ਹਾਂ :

**ਚਾਰੇ ਚਕ ਨਿਵਾਇਓਨੁ, ਸਿਖ ਸੰਗਤਿ ਆਵੈ ਅਣਗਤਾ ।।**
**ਲੰਗਰੁ ਚਲੈ ਗੁਰ ਸਬਦਿ, ਪੂਰੇ ਪੂਰੀ ਬਣੀ ਬਣਤਾ ।।**
**ਗੁਰਮੁਖਿ ਛਤ੍ਰ ਨਿਰੰਜਨੀ, ਪੂਰਨ ਬ੍ਰਹਮ ਪਰਮਪਦ ਮਤਾ ।।**
**ਵੇਦ ਕਤੇਬ ਅਗੋਚਰਾ, ਗੁਰਮੁਖਿ ਸਬਦੁ ਸਾਧ ਸੰਗੁ ਸਤਾ ।।**
**ਮਾਇਆ ਵਿਚਿ ਉਦਾਸੁ ਕਰਿ, ਗੁਰੁ ਸਿਖ ਜਨਕ ਅਸੰਖ ਭਗਤਾ ।।**
**ਕੁਦਰਤਿ ਕੀਮ ਨ ਜਾਣੀਐ, ਅਕਥ ਕਥਾ ਅਬਿਗਤ ਅਬਿਗਤਾ ।।**
**ਗੁਰਮੁਖਿ ਸੁਖ ਫਲੁ ਸਹਜ ਜੁਗਤਾ ।।** (ਵਾਰ ੨੪, ਪਉੜੀ ੨੦)